**੧ਓ ਸਤਿਗੁਰ ਪ੍ਰਸਾਦਿ ॥**

# ਭਗਤ ਮਾਲ ਸੰਗੀਤ

ਰਚਿਤ : ਸ੍ਰੀ ਸ੍ਰੀ ੧੦੮ ਪਰਮ ਪੂਜਯ ਬ੍ਰਹਮ ਲੀਨ ਸਵਾਮੀ ਸ਼ਰਧਾ ਰਾਮ ਜੀ ਮਹਾਰਾਜ

ਪ੍ਰਕਾਸਕ :- ਟ੍ਰਸਟ ਸ੍ਰੀ ਓਮ ਦਰਬਾਰ ਨੰਦਾਚੌਰ ਧਾਮ ਜ਼ਿਲਾ ਹੁਸ਼ਿਆਰ ਪੁਰ ( ਪੰਜਾਬ ) ਫੋਨ: 01882-65264

Printed by Suneel Printers, Mandi Gobindgarh (Pb.) Ph. 01765-40240, 56823

ਭੇਟ - 20 ਰੁਪਏ

ਪਹਲੀ ਬਾਰ ੧੯੯੭

ਸਬ ਹੱਕ ਪ੍ਰਕਾਸਕ ਕੇ ਰਾਖਵੇਂ ਹਨ।

## ਭੂਮਿਕਾ

ਸੰਸਾਰ ਦੀ ਇਸਥਿਤੀ ਤਾਂ ਅਵਿੱਦਿਆ ਤੱਕ ਹੀ ਹੈ, ਕਿਉਂ ਕਿ ਅਗਿਆਨ ਤੋਂ ਸੰਸਾਰ ਦੀ ਉਤਪੱਤੀ ਤੀ ਅਤੇ ਗਿਆਨ ਵਿੱਚ ਲੈਅਤਾ ਹੈ ਇਸ ਪ੍ਰਿਥਵੀ ਉੱਪਰ ਸਾਰੇ ਦੁੱਖਾਂ ਦਾ ਕਾਰਨ ਹੀ ਆਤਮਿਕ ਅਗਿਆਨ ਹੈ ਇਸ ਤੋਂ ਉੱਚਾ ਉੱਪਰ ਉਠਣ ਵਿੱਚ ਆਤਮਾਂ ਦੇ ਗਿਆਨ ਪਰਮ ਔਸ਼ਧੀ ਹੈ । ਆਤਮਿਕ ਗਿਆਨ ਪ੍ਰਭੂ ਪ੍ਰਾਪਤੀ ਦਾ ਦੂਸਰਾ ਰੂਪ ਹੈ ਇਸ ਦੀ ਪ੍ਰਾਪਤੀ ਗੁਰੂ ਸੇਵਾ, ਪ੍ਰਭੂ ਭਗਤੀ, ਮਹਾਂਪਰਸ ਗੁਰੂ ਦੀ ਸ਼ਰਨ ਵਿੱਚ ਆਕੇ ਹੋਇਆ ਕਰਦੀ ਹੈ। ਸੋ ਇਸ ਵਿਚਾਰ ਨੂੰ ਮੁੱਖ ਰਖਕੇ ਪਰਮ ਪੂਜਯ ੧੦੮ ਸਵਾਮੀ ਸ਼ਰਧਾ ਰਾਮ ਜੀ ਦੀ ਪਵਿਤਰ ਰਸਨਾ ਦਵਾਰਾ ਰਚਿਤ ਭਗਤ ਮਾਲ ਸੰਗੀਤ ਰਚਨਾ ਸੰਗਤ ਦੇ ਸੰਕਲਪ ਨੂੰ ਮੁਖ ਰਖਕੇ ਗੱਦੀ ਨਸੀਨ ਬਾਪੂ ਭਾਨੂੰ ਦੱਤ ਜੀ ਮਹਾਰਾਜ ਦੀ ਆਗਿਆ ਅਨੁਸਾਰ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਸਭ ਤੇ ਊਤਮ  ਹਰਿ ਕੀ ਕਥਾ

ਨਾਮ ਸੁਨਤ ਦਰਦ ਦੁੱਖ ਲਥਾ ( ਗੁਰਬਾਨੀ ਪੰਨਾ ੨੬੫-੬੬)

ਜੋ ਇਹ ਭਗਤਾਂ ਦਾ ਜੀਵਨ ਸੰਗੀਤ ਮਈ ਰੂਪ ਵਿੱਚ ਸਰਲ ਢੰਗ ਨਾਲ ਸਵਾਮੀ ਜੀ ਨੇ ਰਚਿਆ ਹੈ ਪੜਨ ਸਣੁਨ ਵਾਲਿਆਂ ਲਈ ਬਹੁਤ ਹੀ ਲਾਭਦਾਇਕ ਹੈ। ਇਹ ਭਗਤ ਮਾਲ ਸੰਗੀਤ ਰਚਨਾ ਐਸਾ ਪੁਸ਼ਪ ਹੈ, ਜਿਸਦੇ ੧੪ ਅਧਿਆਇ ਹਨ। ਜਿੰਨਾ ਵਿੱਚ ਭਗਤਾਂ ਦੇ ਜੀਵਨ ਤੇ ਅਧਾਰਿਤ ਕਧਾਵਾ ਕਬਿਤ, ਬੈਤ ਭਜਨ ਅਤੇ ਛੰਦ ਆਦਿ ਸੰਗੀਤ ਮਈ ਸਰਲ ਭਾਸ਼ਾ ਵਿੱਚ ਹਨ। ਹਰ ਇੱਕ ਅਧਿਆਇ ਬਹੁਤ ਹੀ ਰੋਚਕ ਉਪਦੇਸ਼ ਮਈ ਅਤੇ ਭਗਤੀ ਨੂੰ ਵਧਾਉਣ ਵਾਲਾ ਹੈ । ਭਗਤਾਂ ਦਾ ਪ੍ਰਭੂ ਪ੍ਰਤੀ ਪ੍ਰੇਮ ਵਰਣਨ ਬੁਹਤ ਹੀ ਆਨੰਦਮਈ ਹੈ, ਪਤਾ ਚਲਦਾ ਹੈ ਕਿ ਭਗਤ ਦੇ ਹਿਰਦੇ ਵਿੱਚ ਭਗਵਾਨ ਵਸਦੇ ਹਨ, ਅਤੇ ਭਗਵਾਨ ਦੇ ਹਿਰਦੇ ਵਿੱਚ ਭਗਤ ।

ਆਸ਼ਾ ਹੈ ਭਗਤ ਮਾਲ ਸੰਗੀਤ ਰਚਨਾ ਨੂੰ ਪੜਨ ਨਾਲ ਸਰਧਾਲੂਆਂ ਦਾ ਅੰਤਕਰਨ ਸੁਧ ਹੋਵੇਗਾ। ਆਖਰ ਮੇਰੇ ਤੁੱਛ ਬੁੱਧੀ ਜੀਵ ਪਾਸੋਂ ਜੇ ਕਰ ਕੋਈ ਪ੍ਰਸੰਗ ਦਾ ਕੋਈ ਅਖੱਰ ਵਿਪਰੀਤ ਲਿਖਿਆ ਗਇਆ ਹੋਵੇ ਤਾਂ ਬਾਪੂ ਜੀ ਅਤੇ ਸੰਗਤ ਮੈਨੂੰ ਮਾਫ ਕਰਣਗੇ ।

ਸੰਗਤ ਦਾ ਦਾਸ

ਗੁਰਾਂਦਿੱਤਾ ਮਲ ਨਾਗਪਾਲ

ਸ਼ਾਸ਼ਤਰੀ ਨਗਰ, ਮੰਡੀ ਗੋਬਿੰਦਗੜ

## शुभ सन्देश

आज मुझे हर्ष हो रहा है कि मेरे सतिगुरु देव परम पूज्यनीय 108 स्वामी श्रद्धा राम जी महाराज जी के पवित्र हाथों द्वारा लिखी यह पुस्तक ( भगत माल संगीत) भक्तों की कथाऐं जो कि महाराज साहिब ने भक्त प्यारा लाल आगरा वाले को बतौर अमानत दी थी। इस को छपवाने की जिम्मेवारी ट्रस्ट श्री ओम दरबार नन्दाचौर की ओर से भक्त प्यारा लाल आगरे वाले व गुरांदिता मल नागपाल मण्डी गोबिन्दगढ़ वाले को सौंपी गई थी जो आज तैयार हो कर आपके हाथों में है। मुझे उम्मीद है कि यह पवित्र पुस्तक जो भी पढ़ेगा और दूसरो को पढ़ने के लिये प्रेरित करेगा उस का जीवन सफल होगा ।

हस्ताक्षर गद्दी नशीन बापू भानु दत्त शर्मा जी महाराज श्री ओम दरबार नन्दाचौर धाम

੧ੴ ਸਤਿਗੁਰ ਪ੍ਰਸਾਦ ॥

**<u>ਬ੍ਰਹਮ ਲੀਨ ਸਵਾਮੀ ਸ਼ਰਧਾ ਰਾਮ ਜੀ ਮਹਾਰਾਜ</u>** **<u>ਜੀ ਦੀ ਜੀਵਨ ਕਥਾ</u>**

ਪਰਮ ਪੂਜਨੀਯ ਬ੍ਰਹਮਲੀਨ ੧੦੮ ਸਵਾਮੀ ਸ਼ਰਧਾ ਰਾਮ ਜੀ ਮਹਾਰਾਜ ਜੀ ਦਾ ਜਨਮ ੨੦ ਵਿਸਾਖ ਸੰਮਤ ੧੯੪੫ ਵਿੱਚ ਪਿੰਡ ਅੱਟੀ ਜਿਲਾ ਜਲੰਧਰ ਵਿਖੇ ਹੋਇਆ।

ਆਪਜੀ ਦੇ ਪਿਤਾ ਸ੍ਰੀ ਗੋਬਿੰਦ ਦਾਸ ਜੀ ਅਤੇ ਮਾਤਾ ਈਸਰਾਂ ਦੇਵੀ ਜੀ ਸਨ ਗੁਰਬਾਣੀ ਵਿੱਚ ਲਿਖਿਆ ਹੈ ਕਿ ਉਹ ਮਾਤਾ ਪਿਤਾ ਧੰਨ ਹਨ ਉਹ ਕੁਲ ਧੰਨ ਹੈ ਜਿਸ ਵਿੱਚ ਕਲਯੁਗੀ ਜੀਵਾਂ ਨੂੰ ਤਾਰਨ ਵਾਸਤੇ ਪਰਮ ਪੁਰਖ ਪਰਮਾਤਮਾ ਆਪ ਅਵਤਾਰ ਧਾਰਣ ਕਰਦੇ ਹਨ ।

ਆਪਜੀ ਦੇ ਚਿਹਰੇ ਤੇ ਅਲੋਕਿਕ ਨੂਰ ਸੀ । ਆਪ ਹਮੇਸ਼ਾ ਇਕਾਂਤ ਪਸੰਦ ਕਰਦੇ ਸਨ ਤਾਂ ਕਿ ਪਰਮ ਪੁਰਖ ਪਰਮਾਤਮਾ ਦਾ ਸਿਮਰਨ ਕਰ ਸਕਣ। ਇਕ ਵਾਰ ਆਪ ਜੀ ੧੫ ਦਿਨ ਬਾਹਰ ਨਾ ਨਿਕਲੇ ਤਾਂ ਸੇਵਕਾਂ ਨੂੰ ਚਿੰਤਾ ਹੋਈ ਪਰ ਮਹਾਰਾਜ ਜੀ ਕੋਲ ਡਰਦੇ ਕੋਈ ਨੇੜੇ ਨਹੀ ਸਨ ਜਾਂਦੇ ਇਕ ਮਾਈ ਨੇ ਹੋਸਲਾ ਕੀਤਾ ਅਤੇ ਦਰਵਾਜਾਂ ਤੋੜ ਕੇ ਅੰਦਰ ਗਈ, ਮਹਾਰਾਜ ਜੀ ਅੱਗੇ ਖੜੇ ਭਜਨ ਬੰਦਗੀ ਵਿੱਚ ਮਸਤ ਸਨ ਉਨਾਂ ਦੀ ਇਹ ਤੱਪਸਿਆ ਪਿੰਡ ਦੇ ਕਈ ਬਜੁਰਗ ਅੱਜ ਭੀ ਯਾਦ ਕਰਦੇ ਹਨ ਉਸ ਦਿਨ ਤੋਂ ਬਾਦ ਉਨਾਂ ਨੇ ਘਰ ਛੱਡ ਕੇ ਬਾਹਰ ਕੁਟੀਆ ਬਣਾ ਕੇ ਭਜਨ ਬੰਦਗੀ ਸ਼ੁਰੂ ਕਰ ਦਿੱਤੀ । ਆਪ ਸ੍ਰੀ ਦਰਬਾਰ ਸਾਹਿਬ ਦੇ ਪਾਠ ਆਪ ਕਰਦੇ ਸਨ । ਆਪਜੀ ਨੇ ੧੦੧ ਸ੍ਰੀ ਦਰਬਾਰ ਸਾਹਿਬ ਦੇ ਪਾਠ ਖੜੇ ਹੋ ਕੇ ਕੀਤੇ ।

ਮਾਤਾ ਪਿਤਾ ਨੇ ਆਪ ਦੀ ਸਾਦੀ ਕਰਨ ਦੀ ਕੋਸਿਸ ਕੀਤੀ ਪਰ ਆਪ ਨੇ ਨਕਾਮ ਬਣਾ ਦਿੱਤੀ।

ਫਿਰ ਥੋੜੇ ਸਮੇਂ ਪਿੱਛੋਂ ਬਾਪੂ ਹਰਨਾਮ ਜੀ ਮਹਾਰਾਜ ਜੀ ਕੋਲ ਆਪ ਨੰਦਾਚੌਰ ਵਿਖੇ ਗਏ ਆਪ ਜੀ ਨੇ ਬਾਪੂ ਹਰਨਾਮ ਜੀ ਦੀ ਸੇਵਾ ਵਿੱਚ ਦਿਨ ਰਾਤ ਇੱਕ ਕਰ ਦਿਤਾ। ਤਨ ਮਨ ਨਾਲ ਸੇਵਾ ਕਰਦੇ ਜਿਹਬਾ ਨਾਲ ਬਾਣੀ ਦਾ ਜਾਪ ਕਰਦੇ।

ਬਾਪੂ ਹਰਨਾਮ ਜੀ ਨੂੰ ਜਦੋਂ ਪਰਮ ਪੁਰਖ ਪਰਮਾਤਮਾ ਨੇ ਬੁਲਾਇਆ ਤਾਂ ਬਾਪੂ ਹਰਨਾਮ ਜੀ ਨੇ ਆਪਣੀ ਜੋਤ ਸਵਾਮੀ ਸ਼ਰਧਾ ਰਾਮ ਜੀ ਨੂੰ ਦੇ ਕੇ ਇਨਾਂ ਨੂੰ ਗੁਰੂ ਗੱਦੀ ਸੰਭਾਲੀ ।

ਆਪ ਜੀ ਨੇ ਬ੍ਰਹਮਲੀਨ ੧੦੮ ਸਵਾਮੀ ਹਰਨਾਮ ਜੀ ਮਹਾਰਾਜ ਦੇ ਨਾਮ ਤੇ ਢੱਕਾ ਸਾਹਿਬ ( ਕਿੰਗਜਵੇ ਕੈਪ ) ਦਿੱਲੀ ਵਿਖੇ ਇਕ ਵਿਸਾਲ ਮੰਦਰ ਬਣਵਾਇਆ ਜਿਥੇ ਉਮ ਨਾਮ ਦਾ ਝੰਡਾ ਚੜਾਇਆ ਜਾਦਾ ਹੈ ਤੇ ਹਜਾਰਾਂ ਸਰਧਾਲੂਆਂ ਦੀਆਂ ਮਨੋਕਾਮਨਾ ਪੂਰੀਆ ਹੁੰਦੀਆ ਹਨ । ਇਥੇ ਹਰ ਸਾਲ ੧੨ ਅੱਸੂ ਨੂੰ ਯੱਗ ਹੁੰਦਾ ਹੈ।

ਆਪ ਜੀ ਦਾ ਗੁਰਬਾਣੀ ਨਾਲ ਇੰਨਾ ਪਿਆਰ ਸੀ ਕਿ ਆਪ ਜੀ ਨੇ ਹਜ਼ਾਰਾਂ ਸ੍ਰੀ ਆਖੰਡ ਪਾਠ ਦਰਬਾਰ ਵਿਚ ਕਰਵਾਏ ਜੋ ਲੜੀ ਆਪ ਨੇ ਚਲਾਈ ਉਸੇ ਤਰਾਂ ਅੱਜ ਵੀ ਚੱਲੀ ਆ ਰਹੀ ਹੈ। ਅੰਤ ਸਮੇਂ ਉਹਨਾਂ ਇਹ ਕਿਹਾ ਕਿ ਮੇਰੀ ਅੰਗੂਠੀ ਅਤੇ ਕੜੇ ਵੇਚ ਕੇ ਜੋ ਪੈਸੇ ਮਿਲਣ ਅਖੰਡ ਪਾਠਾਂ ਤੋਂ ਹੀ ਲਾਉਣੇ ।

ਆਪ ਜੀ ਨੇ ਕਈ ਦੇਸੀ ਦਵਾਈਆਂ ਤਿਆਰ ਕੀਤੀਆਂ ਜਿਨਾਂ ਵਿਚੋਂ ਸਭ ਤੋਂ ਵੱਧ ਅੱਖਾਂ ਦਾ ਸੁਰਮਾ ਪ੍ਰੇਮ ਅੰਜਨ ਤਿਆਰ ਕੀਤਾ ਜਿਸਦੀ ਵਰਤੋਂ ਕਰਨ ਨਾਲ ਅੱਜ ਤੱਕ ਲੱਖਾਂ ਲੋਗਾ ਦੀਆਂ ਅੱਖਾਂ ਦੀ ਰੋਸਨੀ ਵਾਪਿਸ ਆ ਚੁਕੀ ਹੈ। ਜੋ ਅੱਖਾ ਆਪ੍ਰੇਸ਼ਨ ਨਾਲ ਠੀਕ ਨਹੀ ਹੋ ਸਕੀਆਂ ਸੁਰਮੇ ਨਾਲ ਠੀਕ ਹੋ ਗਈਆਂ। ਜਿਸਦੀਆਂ ਮਿਸਾਲਾ ਅੱਜ ਵੀ ਕਾਇਮ ਹਨ।

ਆਪ ਜੀ ਹਰ ਵਕਤ ਗੁਰਬਾਣੀ ਦਾ ਜਾਪ ਕਰਦੇ ਤੇ ਸੰਗਤ ਨੂੰ ਗੁਰਬਾਣੀ ਦਾ ਜਾਪ ਕਰਨ ਦਾ ਉਪਦੇਸ਼ ਦਿੰਦੇ ਸਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਸ੍ਰੀ ਗੀਤਾ ਜੀ ਦਾ ਅਧਿਆਏ ਸੁਖਮਨੀ ਸਾਹਿਬ ਦੇ ਪਾਠ ਅਤੇ ਹਵਨ ਯੱਗ ਰੋਜ਼ ਦੇ ਨਿਤਨੇਮ ਚਲਾਏ ਜੋ ਅੱਜ ਵੀ ਚੱਲ ਰਹੇ ਹਨ।

ਆਪ ਜੀ ਨੇ ਸੰਗਤਾਂ ਦੇ ਆਰਾਮ ਵਾਸਤੇ ਸੰਗਤ ਨਿਵਾਸ ਸਥਾਨ ਤਿਆਰ ਕਰਵਾਇਆ ਜਿਸ ਵਿੱਚ ਉਨਾਂ ਆਪਣੇ ਹੱਥੀਂ ਰੋੜੀ ਕੁਟੀ ਆਪਣੇ ਹੱਥੀਂ ਮਿਸਤਰੀਆਂ ਨੂੰ ਇੱਟਾਂ ਫੜਾਈਆ । ਆਪ ਜੀ ਨੇ ਬੱਚਿਆਂ ਦੀ ਪੜਾਈ ਵਾਸਤੇ ਸ੍ਰੀ ਓਮ ਨਾਰਾਇਣ ਦੱਤ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਜਿਸ ਵਿੱਚ ਅਜ ਤਕ ਹਜ਼ਾਰਾਂ ਬੱਚੇ ਵਿਦਿਆ ਪ੍ਰਾਪਤ ਕਰ ਚੁਕੇ ਹਨ ਤੇ ਕਰ ਰਹੇ ਹਨ।

ਆਪ ਜੀ ਦੇ ਮਨ ਵਿੱਚ ਲੜਕੀਆਂ ਦਾ ਕਾਲਜ ਅਤੇ ਹਸਪਤਾਲ ਬਣਾਉਣ ਦੀਆਂ ਖਾਹਸਾਂ ਸਨ ਜਿਨਾਂ ਨੂੰ ਬਾਦ ਵਿਚ ਬਾਪੂ ਗੁਰਦਾਸ ਰਾਮ ਜੀ ਅਤੇ ਗੱਦੀ ਨਸ਼ੀਨ ਬਾਪੂ ਭਾਨੂੰ ਦੱਤ ਜੀ ਮਹਾਰਾਜ ਨੇ ਪੂਰਾ ਕੀਤਾ। ਆਪ ਜੀ ਨੇ ਧਾਰਮਿਕ ਕੰਮਾਂ ਤੋਂ ਇਲਾਵਾ ਸਮਾਜ ਸੁਧਾਰ ਵੀ ਕੀਤੇ ਆਪ ਜੀ ਦਹੇਜ਼ ਦੇ ਵਿਰੁੱਧ ਸਨ। ਆਪਜੀ ਨੇ ਦਰਬਾਰ

ਵਿੱਚ ਬਿਨਾਂ ਦਹੇਜ਼ ਵਿਆਹ ਦੀ ਰਸਮ ਚਲਾਈ ਜਿਨਾਂ ਵਿੱਚੋਂ ਦਾਸ ਦਾ ਵਿਆਹ ਵੀ ਸੰਤ ਮਤੇ ਆਨੁਸਾਰ ਫਰਵਰੀ ੧੯੬੯ ਵਿੱਚ ਹੋਇਆ।

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਪ੍ਰਭੂ ਦੇ ਦਰਬਾਰ ਵਿੱਚ ਕਿਸੇ ਧਰਮ ਨੂੰ ਕੋਈ ਰਿਆਇਤ ਨਹੀ ਦੀਤੀ ਜਾਂਦੀ ਜਾਤ ਪਾਤ ਨ ਪੂਛੇ ਕੋਈ ਹਰਿ ਕੋ ਭਜੇ ਸੋ ਹਰਿ ਕਾ ਹੋਈ ਉਸ ਪਰਮਾਤਮਾ ਦੇ ਦਰਬਾਰ ਵਿੱਚ ਜਿਹੜਾ ਬੰਦਗੀ ਕਰਦਾ ਹੈ। ਉਹ ਹੀ ਪਰਮਾਤਮਾ ਨੂੰ ਪਿਆਰਾ ਲੱਗਦਾ ਹੈ। ਆਪ ਜੀ ਵਾਸਤੇ ਸਭ ਛੋਟੇ ਵੱਡੇ ਕਿਸੇ ਭੀ ਜਾਤੀ ਨਾਲ ਸਬੰਧ ਰਖਣ ਵਾਲੇ ਸਭ ਬਰਾਬਰ ਸਨ।

ਉਹ ਲੋਕ ਵੱਡੇ ਭਾਗਾਂ ਵਾਲੇ ਹਨ ਜਿਨਾਂ ਨੇ ਸਵਾਮੀ ਸ਼ਰਧਾ ਰਾਮ ਜੀ ਦੇ ਦਰਸਨ ਕੀਤੇ ਹਨ। ਆਪ ਜੀ ਸਭ ਨੂੰ ਹੀ ਬਹੁਤ ਪਿਆਰੇ ਸਨ । ਆਪ ਜੀ ਦੇ ਪਿਆਰ ਦੀ ਮਿਸਾਲ ਇਸ ਤਰਾਂ ਦਿੱਤੀ ਜਾਂਦੀ ਰਹੀ ਜਿਵੇਂ ਗੋਪੀਆਂ ਦੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਤੀ ਭਾਵਨਾ ਸੀ। ਹਰ ਗੋਪੀ ਇਹ ਸਮਝਦੀ ਕਿ ਭਗਵਾਨ ਕ੍ਰਿਸ਼ਨ ਮੈਨੂੰ ਹੀ ਜਿਆਦਾ ਪਿਆਰ ਕਰਦੇ ਹਨ। ਇਸ ਤਰਾਂ ਸੰਗਤ ਦਾ ਹਰ ਆਦਮੀ ਇਹ ਕਹਿੰਦਾ ਸੀ ਕਿ ਬਾਪੂ ਜੀ ਦਾ ਮੇਰੇ ਨਾਲ ਹੀ ਜਿਆਦਾ ਪਿਆਰ ਹੈ, ਪਰ ਬਾਪੂ ਜੀ ਦਾ ਸਭ ਨਾਲ ਹੀ ਜਿਆਦਾ ਪਿਆਰ ਸੀ ।

ਆਪ ਬਾਲ ਬ੍ਰਹਮਚਾਰੀ, ਬ੍ਰਹਮਗਿਆਨੀ, ਤੇਜੱਸਵੀ , ਤਪੱਸਵੀ ਅਤੇ ਮਹਾ ਤਿਆਗੀ ਸਨ ।

ਮੈ ਦਾਹਵੇ ਨਾਲ ਕਿਹ ਸਕਦਾ ਹਾ ਕਿ ਬਾਪੂ ਸ਼ਰਧਾ ਰਾਮ ਜੀ ਕੋਲੋਂ ਨਿਸ਼ਚੇ ਨਾਲ ਜੋ ਭੀ ਕਿਸੇ ਨੇ ਮੰਗਿਆ ਉਸ ਦੀਆ ਮਨੋਕਾਮਨਾ ਪੂਰੀਆ ਹੋਈਆਂ।

ਇਸ ਤਰਾਂ ਆਪ ਜੀ ਸੰਗਤਾਂ ਨੂੰ ਤਾਰਦੇ ਹੋਇ ਮਿਤ ੪ ਦਸੰਬਰ ੧੯੭੪ ( ੧੯ ਮਘਰ ੨੦੩੧) ਨੂੰ ਜੋਤੀ ਜੋਤ ਸਮਾ ਗਏ ।

ਆਪ ਜੀ ਦੀ ਜੋਤ ਪ੍ਰਮਾਤਮਾ ਵਿੱਚ ਸਮਾ ਗਈ ਆਪ ਦੁਨੀਆ ਦੀਆਂ ਨਜਰਾਂ ਤੋਂ ਉਹਲੇ ਹੋ ਗਏ ਆਪ ਜੀ ਦਾ ਨਾਮ ਜਦੋ ਤਕ ਸੂਰਜ ਚੰਦ ਚਮਕ ਰਹੇ ਹਨ ਇਸ ਤਰਾਂ ਹੀ ਚਮਕਦਾ ਰਹੇਗਾ।

ਗੁਰੂ ਘਰ ਦਾ ਦਾਸ

ਗੁਰਾਂਦਿੱਤਾ ਮਲ ਨਾਗਪਾਲ

ਸ਼ਾਸ਼ਤਰੀ ਨਗਰ, ਮੰਡੀ ਗੋਬਿੰਦਗੜ

**स्वामी जी जाने से पहले कह गये**

**संगत को हम कहते-कहते रह गये**

इस पुस्तक को रखना प्यारे संभाल कर, संगत को सुनाना वचन निकाल कर चुपके-चुपके से मुझे वो कह गये स्वामी जी जाने से

उनके हाथों से लिखे इतिहास हैं दस्तखत भी उनके इसी में खास है अपने हाथों से किये और कह गये स्वामी जी

प्रेम से इसको पढ़ेगा जो बशर, प्रेम से इसको सुनेगा जो बशर दुनियां के दुखों से छूटेगा वो नर, जिसके दिल में वचन हमारे बह गये स्वामी जी जाने से.

हमको चाहिये उनके वचनों को सुने, प्रेम से सुनकर अमल उस पर करें । जो जो अपने मुख से बापू जी कह गये स्वामी जी जाने से

स्वामी जी अब भी हमारे पास हैं दर्शन होते हैं जो उनके खास हैं कवि रेन भी इसी बात को कह गये स्वामी जी जाने से

दर्शनों की प्यास बन कर रह गई सारी संगत भी जुदाई सह रही प्यारे की आखों से आंसू बह गये स्वामी जी जाने से

संगत का दास

भक्त प्यारे लाल गिरिधर (आगरा)

ਤੱਤਕਰਾ

ਸਾਖੀ ਅਜਾਮਲ ਕੀ -1....4

ਅਥ ਬਾਲਮੀਕ ਜੀ ਦਾ ਪ੍ਰਸੰਗ -2...9

ਅਥ ਦੂਸਰੇ ਬਾਲਮੀਕ ਜੀ ਦਾ ਪ੍ਰਸੰਗ -3....13

ਅਥ ਧ੍ਰੂ ਜੀ ਦਾ ਪ੍ਰਸੰਗ 4....19

ਅਥ ਸਾਖੀ ਸੰਤ ਰੇਨ ਵਾ ਲਾਲਾ ਚਾਰਜ ਜੀ -5....31

ਅਥ ਗਨਿਕਾ ਦਾ ਪ੍ਰਸੰਗ -6....40

ਅਥ ਗਜਇੰਦ੍ਰ ਦਾ ਪ੍ਰਸੰਗ -7.....44

ਅਥ ਸੁਦਾਮਾ ਜੀ ਦਾ ਪ੍ਰਸੰਗ -8....47

ਅਥ ਬੱਧਕ ਦਾ ਪ੍ਰਸੰਗ -9.....55

ਅਥ ਕੁਬਜਾ ਦਾ ਪ੍ਰਸੰਗ -10.....60

ਅਥ ਬਿਦਰ ਜੀ ਦਾ ਪ੍ਰਸੰਗ -11....64

ਅਥ ਪ੍ਰਹਿਲਾਦ ਭਗਤ ਜੀ ਦਾ ਪ੍ਰਸੰਗ -12.....74

ਅਥ ਨਰ ਸਿੰਘ ਅਵਤਾਰ ਜੀ ਦਾ ਪ੍ਰਸੰਗ -13......80

ਅਥ ਦਰੋਪਤਾ ਦਾ ਪ੍ਰਸੰਗ -14......92

## ਭਗਤ ਮਾਲ ਸੰਗੀਤ

ੴ ਸਤਿਗੁਰ ਪ੍ਰਸਾਦਿ ॥

ਕਬਿੱਤ -

ਆਦਿ ਪੁਰਖ ਸੰਤ ਚਿੱਤ ਅਤੇ ਅਵਿਨਾਸ਼ੀ ਜੋ ਹੈ । ਸਰਬ ਕਾ ਹੈ ਸਾਖੀ ਔ ਨਿਰਲੇਪ ਹੈ ਕਹਾਂਵਦਾ ।। ੧।। ਨਿਰਗੁਣ ਅਕਾਲ ਔਰ ਸਰਬ ਸ਼ਕਤੀਵਾਨ ਜੋ ਹੈ। ਅਪਨੀ ਸੱਤਾ ਸੋ ਸਰਬ ਜਗਤ ਕੋ ਹੈ ਰਚਾਵਾਂਦਾ।।੨।। ਬ੍ਰਹਮਾ ਵਿਸਨੂੰ ਸਿਵ ਧਿਆਨ ਰਾਤ ਦਿਨੇ ਲਾਂਵਦੇ ਹੈ। ਨਾ ਇਤੀ ਹੈ ਨਾ ਇਤਿ ਹੈ ਵੇਦ ਜਸ ਗਾਂਵਦਾ ।।੩।। ਦਾਸਨ ਕਾ ਦਾਸ ਐਸਾ ਪਾਰ ਬ੍ਰਹਮ ਜਾਨਕਰ । ਦੋਨੋ ਹਾਥ ਜੋੜ ਕਰ ਸੀਸ ਹੈ ਨਿਵਾਂਵਦਾ ।।੪।। ਸ੍ਰੀ ਗੁਰੂ ਨਾਨਕ ਦੇਵ ਕੁਲ ਮੇਂ ਅਵਤਾਰ ਧਾਰ। ਸਤਿਨਾਮ ਚੱਕਰ ਫੇਰ ਪਾਪ ਕੋ ਹਟਾਇਆ ਹੈ ।।੫।। ਸ੍ਰੀ ਗੁਰੂ ਅੰਗਦ, ਅਮਰਦਾਸ, ਰਾਮਦਾਸ। ਪਾਤਸ਼ਾਹੀ ਪੰਚਮ ਗੁਰੂ ਅਰਜਨ ਕਹਾਇਆ ਹੈ ।।੬।। ਹਰਿਗੋਬਿੰਦ, ਹਰਿ ਰਾਇ, ਹਰਿ ਕ੍ਰਿਸਨ ਇਕ ਜੋਤ । ਤੇਗ ਬਹਾਦਰ, ਗੋਬਿੰਦ ਸਿੰਘ ਨਾਮ ਸਦਾਇਆ ਹੈ ।।੭।। ਸ੍ਰੀ ਗੁਰੂ ਗ੍ਰੰਥ ਸਾਹਿਬ ਪਾਪੀਆ ਦੇ ਤਾਰਨੇ ਨੂੰ । ਨਾਮ ਦਾ ਜਹਾਜ਼ ਸੀਸ ਦਾਸ ਨੇ ਨਿਵਾਇਆ ਹੈ ।।੮।। ਇਤਿ ।।

ਬੈਤ : ਗੁਰੂ ਸਦਾ ਹੀ ਦੀਨ ਦਿਆਲ ਹੈ ਜੀ,ਸੰਕਟ ਦਾਸਾ ਦੇ ਗੁਰੂ ਹੀ ਟਾਰਦੇ ਹੈ। ਗੁਰੂ ਬਖਸ਼ਦੇ ਚਾਰ ਪਦਾਰਥਾ ਨੂੰ, ਸਰਨ ਆਏ ਨੂੰ ਗੁਰੂ ਹੀ ਤਾਰਦੇ ਹੈ।ਗੁਰੂ ਦੇਂਵਦੇ ਥਾਂ ਨਿਥਾਂਵਿਆ ਨੂੰ, ਗੁਰੂ ਸਿਖ ਦਾ ਭਰਮ ਨਿਵਾਰਦੇ ਹੈ। ਗੁਰੂ ਮੁਕਤਿ ਐ ਭੁਗਤਿ ਹੈ ਬਖਸ਼ ਦਿੰਦੇ,ਗੁਰੂ ਮੂਰਤੀ ਹਿਰਦੇ ਜੋ ਧਾਰਦੇ ਹੈ।

ਮੇਰੀ ਬੁੱਧ ਨੂੰ ਸੁਧ ਕਰ ਦਿਉ ਗੁਰੂ ਜੀ, ਡਿੱਗ ਪਿਆ ਮੈਂ ਤੇਰੇ ਦਰਬਾਰ ਗੁਰੂ ਜੀ ।ਮੰਗਲ ਕਰੋ ਤੇ ਬਿਘਨ ਸਭ ਹਰੋ ਜਲਦੀ ਮਹਿਮਾ ਆਪ ਕੀ ਅਪਰਮ ਅਪਾਰ ਗੁਰੂ ਜੀ । ਭਗਤ ਮਾਲ ਮੈਂ ਚਾਹਾਂ ਸੰਗੀਤ ਰਚਨਾ, ਮੇਰੇ ਆਪ ਹੋਵੋ ਮੱਦਦਗਾਰ ਗੁਰੂ ਜੀ ।ਦਾਸਨ ਦਾਸ ਬੇ ਇਲਮ ਨੂੰ ਇਲਮ ਬਖਸ਼ੋ, ਛੰਦ ਰਚਨ ਦੀ ਨਹੀਂ ਹੈ ਸਾਰ ਗੁਰੂ ਜੀ ।।

ਭਗਤ ਮਾਲ ਸੰਗੀਤ - 1

**ਭਗਤ ਮਾਲ ਸੰਗੀਤ ਕਰਨ ਦਾ ਕਾਰਨ**

ਕਬਿੱਤ -

ਤੁਲਸੀ ਰਮਾਇਣ ਵਿਖਿਆਤ ਸਾਰੇ ਜੰਗ ਮਾਹਿ,

ਰਾਮ ਜੀ ਦਾ ਜਸ ਕਈ ਕਵੀਆਂ ਨੇ ਗਾਇਆ ਹੈ।

ਬਾਂਸ ਬਰੇਲੀ ਵਿੱਚ ਰਾਧੇ ਸ਼ਾਮ ਕਵੀ ਹੋਇਆ,

ਤਰਜ਼ ਨਿਰਾਲੀ ਕੰਚ ਜੱਸ ਪ੍ਰਗਟਾਇਆ ਹੈ।

ਵਾਜਾ ਹਰਮੋਨੀਅਮ ਵਜੋਂ ਤੱਬਲਾ ਵੀ ਸਾਥ ਸੱਜੇ,

ਸ਼ੇਰ ਵਾਗੂੰ ਗੰਜੇ ਸਭ ਆਲਸ ਭਜਾਇਆ ਹੈ।

ਪਦ ਰਚੇ ਹੈ ਸੁਖਾਲੇ ਅਰਥ ਸਮਝਦਾ ਹੈ ਨਾਲੇ,

ਸੁੰਦਰ ਦੇਖੋ ਇਹ ਚਾਲੇ ਮਨ ਚਾਉ ਮੇਰੇ ਆਇਆ ਹੈ।

ਮਨ ਕੀਤੀ ਮੈਂ ਵਿਚਾਰ ਭਗਤ ਮਾਨ ਹੈ ਜੋ ਸਾਰ,

ਜੱਸ ਕਹਾ ਕੀ ਉਚਾਰ ਅੰਤ ਕਿਸੇ ਨਹੀ ਪਾਇਆ ਹੈ।

ਮੇਰੀ ਬੁੱਧ ਤੋਂ ਹੈ ਥੋੜੀ ਆਵੈ ਨਹੀ ਇਹ ਮਰੋੜੀ,

ਚਿੱਤ ਚਾਹੇ ਤਰਜ਼ ਜੋੜੀ ਮਨ ਬੜਾ ਲਲਚਾਇਆ ਹੈ।

ਭਗਤ ਪ੍ਰਸੰਗ ਕਹਾਂ ਨਾਲ ਮੈਂ ਉਮੰਗ,

ਪਵੇ ਕੋਈ ਨਾਂ ਜੇ ਭੰਗ, ਗੁਰੂ ਆਸਰਾ ਤਕਾਇਆ ਹੈ।

ਜਿਤਨੀ ਹੈ ਬੁੱਧ ਕਰੇ ਗੁਰੂ ਇਹਨੂੰ ਸ਼ੁੱਧ
ਫਤਿਹ ਕਰੋ ਗੁਰੂ ਯੁੱਧ ਬੀੜਾ ਦਾਸ ਨੇ ਉਠਾਇਆ ਹੈ।

## ਪਰਮਾਤਮਾ ਕੇ ਆਗੇ ਬੇਨਤੀ

ਕਬਿੱਤ -

ਅਜਾਮਲ ਪਾਪੀ ਜਿਹਨੂੰ ਜੱਗ ਸਾਰਾ ਜਾਣਦਾ ਹੈ, ਏਕ ਬਾਰ ਨਾਮ ਲੀਆ ਉਸਨੂੰ ਤੋਂ ਤਾਰਿਆ। ਬਾਲਮੀਕ ਗਣਕਾ ਤੇ ਬੱਧਕ ਨੂੰ ਤਾਰ ਦੀਨਾ, ਕਰੇ ਹੋਏ ਪਾਪਾ ਤਰਫ ਆਪ ਨਾ ਨਿਹਾਰਿਆ। ਧ੍ਰੂ ਜੀ ਸੁਦਾਮਾ ਬਿਦਰ ਤਾਰਿਆ ਪ੍ਰਹਲਾਦ ਤਾਈ, ਧੰਨਾ ਬੇਣੀ ਸੈਨ ਤਾਰੇ ਨਾਮ ਜੋ ਉਚਾਰਿਆ। ਕਬੀਰ ਰਵਿਦਾਸ ਨਾਮਦੇਵ ਤਾਂਈ ਤਾਰ ਦੀਆ, ਕੁੰਬਜਾ ਦਾ ਕੁੱਬ ਪ੍ਰਭੂ ਆਪ ਨੇ ਨਿਕਾਰਿਆ। ਗਜਿੰਦਰ ਕੋ ਦੁੱਖ ਪਿਆ ਤੰਦੂਏ ਨੇ ਫੜ ਲਿਆ. ਜਲਦੀ ਹੀ ਛੁੱਟ ਗਿਆ ਨਾਮ ਜੋ ਉਚਾਰਿਆ। ਦਰੋਪਤਾ ਨੂੰ ਭੀੜ ਪਈ ਆਪ ਕੀ ਸ਼ਰਣ ਲਈ, ਇੱਜਤ ਨਾ ਗਈ ਪਾਪੀ ਜ਼ੋਰ ਲਾ ਕੇ ਹਾਰਿਆ।

ਭਗਤ ਮਾਲ ਸੰਗੀਤ -2

ਨਰਸੀ ਦੀ ਹੁੰਡੀ ਤਾਰ ਸਦਨੇ ਨੂੰ ਕੀਆ ਪਾਰ, ਮੀਹਾਂ ਬਾਈ ਬਿਖ ਨਿਵਾਰ ਭਰਮ ਸਭ ਟਾਰਿਆ। ਦਾਸ ਆਇਆ ਹੈ ਸ਼ਰਣ ਕਾਟੋ ਜਨਮ ਮਰਣ, ਨਾਮ ਸੰਕਟ ਹਰਨ ਵੇਦ ਵਿੱਚ ਹੈ ਪੁਕਾਰਿਆ।

ਦੋਹਿਰਾ >

ਸ਼ਬਦ ਗੁਰਾਂ ਨੇ ਲਿਖਿਆ, ਵਿੱਚ ਸ੍ਰੀ ਦਰਬਾਰ ॥ ਭਗਤੋਂ ਕੀ ਜੋ ਸਾਖੀਆਂ, ਕਹੀਆ ਹੈਨ ਉਚਾਰਿ ॥

ਬਸੰਤ ਮਹਲਾ ੫ ਘਰੁ ੧ ਦੁਤੁਕੀਆ

ੴ ਸਤਿਗੁਰ ਪ੍ਰਸਾਦਿ ॥

ਸੁਨਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਰਿ ਏਕ ਬਾਰ ॥ ਬਾਲਮੀਕੈ ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥ ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੈ ਮਸਤਕ ਲਾਵਉ ਕਰਿ ਕਿਰਪਾ ਦੇਨ ॥੧॥ ਰਹਾਉ ॥ ਗਨਿਕਾ ਉਧਰੀ ਹਰਿ ਕਹੈ ਤੱਤ ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥ ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥੨॥ ਬਾਧਿਕ ਉਧਾਰਿਓ ਖਮਿ ਪ੍ਰਹਾਰ ॥ ਕੁਬਜਾ ਉਧਰੀ ਅੰਗੁਸਟ ਧਾਰ ॥ ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥੩॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥ ਜਿਨਿ ਜਿਨਿ ਸੇਵਿਆ ਅੰਤ ਬਾਰ ॥ ਰੇ ਮਨ ਸੇਵਿ ਤੂ ਪਰਹਿ ਪਾਰ ॥੪॥ ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਿਰਓ ਸੈਨ ਸੇਵ ॥ ਮਨੁ ਡੀਗਿ ਨਾ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਿਹ ਸਰਿਣ ਪਾਇ ॥੬॥ ਜਿਹ ਅਨੁਗ੍ਰਹੁ ਠਾਕੁਰਿ  ਕੀਓ ਆਪਿ ॥ ਸੇ ਤੇ ਲੀਨੋ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬਿਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ ਕਬੀਰ ਧਿਆਇਓ ਏਕ ਰੰਗ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥ ਰਵਿਦਾਸ ਧਿਆਇ ਪ੍ਰਭੂ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥

॥ ਦੋਹਿਰਾ ॥

ਅਬ ਸਾਖੀ ਮੈਂ ਕਹਿਤ ਹੂ, ਗੁਰੂ ਸ਼ਬਦ ਅਨੁਸਾਰ॥ ਭਗਤੋਂ ਕੀ ਜੋ ਸਾਖੀਆ, ਕਹੂੰ ਮਤਿ ਅਨੁਸਾਰ ॥

ੴ ਸਤਿਗੁਰ ਪ੍ਰਸਾਦਿ ॥

**ਸਾਖੀ ਅਜਾਮਲ ਕੀ -1**

ਜੈ ਸ਼੍ਰੀ ਨਾਨਕ ਦੇਵ ਜੀ, ਜੈ ਸ਼੍ਰੀ ਗੁਰੂ ਹਰਨਾਮ। ਵਿਦਿਆਂ ਸ਼ਕਤੀ ਦੀਜੀਏ, ਕਰਤਾ ਹੂੰ ਪ੍ਰਣਾਮ ।।

ਚਰਨ ਕੰਵਲ ਕਾ ਆਸਰਾ, ਹੋਵੇ ਆਪਿ ਸਹਾਇ। ਅਜਾਮਲ ਕੀ ਗਾਥ ਜੈ ,ਅਬ ਮੈਂ ਕਹੂੰ ਸੁਨਾਇ ।।

ਭਾਈ ਗੁਰਦਾਸ ਜੀ ਦਾ ਕਥਨ ।।      ਵਾਰ ੧੦ ਪਉੜੀ ੨੦

"ਅਜਾਮਨ ਉਧਰਿਆ ਕਹਿ ਏਕ ਬਾਰ "

ਛੰਦ:

ਅਜਾਮਲ ਬ੍ਰਾਹਮਣ ਜਾਤੀ ਥਾਂ ਅਚਾਰ ਜੋ ਸਾਰੇ ਭ੍ਰਸ਼ਟ ਹੂਏ। ਸੰਗ ਵੇਸਵਾ ਚੇਰੀ ਕਰ ਸ਼ੁਭ ਗੁਣ ਤੋਂ ਸਾਰੇ ਨਸ਼ਟ ਹੂਏ ।।੧।।ਰਾਹੀ ਜਨੋ ਕੇ ਦੁੱਖ ਦੇਵੇ ਔਰ ਖੇਲਤਾ ਥਾ ਜੁਆ, ਇੱਕ ਦਿਨ ਜੀਆ ਕੇ ਮਾਰਨ ਕੇ ਵੇ ਜੰਗਲ ਮੇਂ ਥਾ ਗਿਆ ਰੂਆ ।।੨।। ਚਾਰ ਸੰਤ ਪੀਛੇ ਸੇ ਆਏ ਲੋਗੋ  ਸੇ ਪੂਛਨ ਹੈ ਕੀਆ। ਸਦਾ ਵਰਤ ਬਤਲਾਵੇਂ ਕੋਈ ਭੂਖ ਸੇ ਘਬਰਾਤਾ ਹੈ ਜੀਆ ।।੩।।ਏਕ ਮਸਕਰਾ ਬੋਲ ਉਠਾ ਤੁਮ ਅਜਾਮਲ ਕੇ ਘਰ ਜਾਵੇ।ਸਦਾ ਵਰਤ ਮਿਲਤਾ ਘਰ ਉਸਕੇ ਜੋ ਇਛਿਆ ਭੋਜਨ ਪਾਵੋ।।8।। ਸੂਧੇ ਸੁਭਾਵ ਹੋਤੇ ਹੈ ਸੰਤ ਝੱਟ ਅਜਾਮਲ ਕੇ ਗ੍ਰਹਿ ਧਾਏ। ਭੂਖੇ ਕੋ ਤੁਮ ਭੋਜਨ ਦੇਤੇ ਇਸੀ ਲੀਏ ਹਮ ਚਲ ਆਏ ।।੫।।ਇਸਤਰੀ ਬੋਲੀ ਮਹਾਂਰਾਜ ਹਮ ਸਦਾ ਬਰਤ ਕਿਆ ਦੇਤੇ ਹੈਂ। ਚੋਰੀ ਠੱਗੀ ਪਤੀ ਕਰੇ ਹਮ ਸਭੀ ਪੇਟ ਭਰ ਲੇਤੇ ਹੈ ।।੬।।ਪਰ ਅੱਛਾ ਹਮਰੇ ਘਰ ਆਏ ਖਾਲੀ ਨਹੀ ਅਬ ਤੁਮ ਜਾਵੋ । ਜਿਹ ਚਾਰ ਰੁਪਈਏ ਨਗਦ ਲੀਜੀਏ ਜਾ ਬਾਜਾਰ ਸੇ ਕੁਛ ਖਾਵੈ ।।੭

ਦੋਹਿਰਾ :-ਚਾਰ ਰੁਪਈਏ ਸੱਤ ਲੈ,ਹੁਏ ਜਬੀ ਤਿਆਰ। ਵੇਸਵਾ ਤੱਬ ਬੇਲਤ ਭਈ ਹਮਰਾ ਕਰੋ ਉਧਾਰ ।।

ਛੰਦ :-

ਤੁਮ ਸੰਤ ਦਿਆਲੂ ਕ੍ਰਿਪਾਲੂ ਹੋ, ਜਿਸ ਪਰ ਕ੍ਰਿਪਾ ਆਪ ਕਰੇ । ਲੋਹਾ ਵਜ਼ਨ ਮੇਂ ਹੋਤਾ ਭਾਰੀ, ਕਾਠ ਕੇ ਸੰਗ ਆਸਾਨ ਤੁਰੇ ।। ਕੋਈ ਜੁਗਤੀ ਹਮ ਕੋ ਬਤਲਾਵੋ, ਹਮ ਪਾਪੀ ਜਮਪੁਰ ਨਾਂ ਜਾਵੇ।

ਸੰਸਾਰ ਸਮੁੰਦਰ ਤਰਨੇ ਕੋ ਕੋਈ,ਤੁਲਹਾ ਗੁਰੂ ਜੀ ਬਤਲਾਵੇ ।

ਦੋਹਿਰਾ:

ਸੰਤ ਬਹੁਤ ਖੁਸ਼ ਹੋਵਦੇ, ਵੇਸ਼ਵਾ ਪੂਛਨ ਕੀਨ। ਪੁੱਤਰ ਹੈ ਕਿਤਨੇ ਪੇਟ ਕੇ, ਨਾਮ ਤਿੰਨੇ ਕਿਆ ਚੀਨ ।।

ਛੰਦ:

ਹੇ ਮਹਾਰਾਜ ਤਿੰਨ ਪੁੱਤਰ ਹੈਂ ਮੇਰੇ ਚੌਥੇ ਨੇ ਗਰਭ ਮੇਂ ਵਾਸ ਕੀਆ। ਅਬ ਉਨਕੇ ਨਾਮ ਸੁਨਾਤੀ ਹੂੰ, ਲੀਏ ਨਾਮ ਮੇਰਾ ਖੁਸ਼ ਹੋਏ ਜੀਆ ।। ਖੁਦਾਇ ਬਖਸ਼ ਹੈ ਨਾਮ ਬੜੇ ਕਾ, ਛੋਟੇ ਕਾ ਹੈ ਅੱਲਾ ਯਾਰ । ਤੀਸਰੇ ਕਾ ਹੈ ਨਾਮ ਅਲੀ ਖਾਂ, ਚੌਥਾ ਹੋਨੇ ਕੇ ਤਿਆਰ ।। ਜਬ ਸੰਤੋਂ ਨੇ ਨਾਮ ਸੁਨੇ ਤੋਂ ਮੁਖ ਸੇ ਬੋਲੇ ਰਾਮ ਹੀ ਰਾਮ। ਕੈਸੀ ਦੁਰਬੁੱਧ ਭਈ ਇਨਕੀ, ਮਲੇਛੋ ਕੇ ਹੈ ਰਾਖੇ ਨਾਮ ।। ਸੰਤ ਦਿਆਲੂ ਪਰ-ਉਪਕਾਰੀ, ਵੇਸਵਾ ਤਾਈ ਸੁਣਾਉਣ ਲਗੇ । ਚੌਥੇ ਦਾ ਨਾਮ ਨਰਾਇਣ ਰਾਖੋ, ਬੰਧਨ ਤੇ ਹੈ ਛੁਡਾਉਣ ਲਗੇ । ਤੁਮ ਦੋਨੋਂ ਕਾ ਹੋਉ ਉਧਾਰ, ਇਤਨਾ ਕਰਿ ਸੰਤ ਪਧਾਰ ਗਏ । ਸੰਤ ਕੀ ਮਹਿਮਾ ਵੇਦ ਨਾ ਜਾਨੋ, ਸਤਿਗੁਰ  ਆਪਿ ਉਚਾਰ ਗਏ ।। ਚੌਥਾ ਪੁੱਤਰ ਪੈਦਾ ਹੂਆ, ਨਾਮ " ਨਰਾਇਣ " ਰਾਖ ਲੀਆ। ਉਸਮੇਂ ਜਿਆਦਾ ਪਿਆਰ ਪੈ ਗਿਆ, ਹਰਦਮ ਨਾਮ ਕੈ ਭਾਖ ਲੀਆ ।। ਸਮਾਂ ਪਾਇ ਕੇ ਅਜਾਮਲ ਦੀ ਮਿਰਤੂ ਨੇੜੇ ਆਇ ਗਈ। ਜਮ ਕੰਕਰ ਲੇਨੇ ਕੋ ਆਏ, ਸਿਆਹੀ ਮੁਖ ਪਰ ਛਾਇ ਗਈ ।।

"ਅਮਲ ਸਿਰਾਨੋ ਲੇਖਾ ਦੇਨਾ, ਆਇ ਕਠਿਨ ਦੂਤ ਜਮ ਲੇਨਾ " ਗੁਰਬਾਣੀ - (ਪੰਨਾ ੧੯੨)

ਛੰਦ:

ਮਹਾਂ ਭਿਆਨਕ ਮੁਖ ਟੇੜੇ ਹੈ

ਉਪਰ ਕੋ ਹੈ ਬਾਲ ਖੜੇ।

ਹਾਥ ਮੇਂ ਸੰਗਲ ਮੋਹਲੇ ਛਬੀਆਂ,

ਬਰਛੇ ਜਿਨ ਕੇ ਬਦਨ ਬੜੇ ।।

ਦੇਖ ਭਿਆਨਕ ਰੂਪ ਅਜਾਮਲ,

ਦਿਲ ਮੇਂ ਬਹੁਤ ਘਬਰਾਤਾ ਹੈ।

ਅਬ ਅਪਨੇ ਕਾਮ ਬੁਰੇ ਕੀਏ ਪਰ,

ਮਨ ਕੋ ਲਾਨਤ ਪਾਤਾ ਹੈ ।।

ਭਗਤ ਮਾਲ ਸੰਗੀਤ-5

## ਭਜਨ

ਟੇਕ:

ਹਾਏ ਓਏ ਫ੍ਰਿਕਾਰ-ਫ੍ਰਿਕਾਰ ਤੇਰੇ ਮਨਾ ਐਵੇ ਬਿਰਥਾ ਗਵਾ ਲਿਆ ਇਹੋ ਤਨਾ. . ਸਾਰੇ ਐਗੋਂ ਕਾ ਰਾਜਾ ਤੁਮੇ ਥਾਪਿਆ, ਮਾਨਤੇ ਥੇ ਹੁਕਮ ਜੋ ਤੇਰਾ ਭਾਖਿਆ ਸ਼ੁਭ ਕਰਮੇ ਕੈ ਫਿਰ ਕਿਉਂ ਨਹੀ ਆਖਿਆ, ਨਾ ਕਰਾਇਆ ਵੀ ਹੈ ਸੰਗ ਸੰਤ ਜਨਾਂ ..... ਵਿਸ਼ਿਆ ਮੈਂ ਰਿਹਾ ਤੂੰ ਸਦਾ ਜੋੜਦਾ, ਹੱਥ ਤੇਰੇ ਸੀ ਵਾਗਾਂ ਇਹਨਾ ਨੂੰ ਮੋੜਦਾ ਹਾਏ ਅਪਨੀ ਜੋ ਸ਼ਕਤੀ ਹੈ ਕਿਉਂ ਤੋੜਦਾ, ਹੋ ਕੇ ਬਲਵਾਨ ਕਾਇਰ ਕਿਉਂ ਤੂੰ ਬਨਾ..... ਘਰ ਅਪਣਾ ਤੂੰ ਆਪੇ ਹੀ ਹੈ ਭੁੱਲ ਗਿਆ, ਲਾਲ ਮਾਟੀ ਮੇਂ ਗਫਲਤ ਸੇ ਹੈ ਰੁੱਲ  ਗਿਆ ਐਵੇ ਕੌਡੀ ਕੇ ਬਦਲੇ ਮੇਂ ਹੈ ਭੁੱਲ ਗਿਆ, ਨਾਂ ਕਮਾਈ ਕਰੀ ਤੁਮ ਨੇ ਕੁਛ ਵੀ ਧਨਾਂ.... ਦਾਸਨ ਦਾਸ ਕਹੇ ਬਹੁਤਾ ਅਫ਼ਸੋਸ ਹੈ, ਕਰਨੀ ਮੇਰੀ ਕਿਸੇ ਦਾ ਵੀ ਕੀ ਦੋਸ਼ ਹੈ ਹਾਇ ਅਜੇ ਵੀ ਨਾ ਆਈ ਮੈਨੂੰ ਹੋਸ਼ ਹੈ, ਬ੍ਰਹਮ ਸੇ ਜੀਵ ਤਾਂਹੀ ਤੋਂ ਗਨਾਂ  ਹੈ ਮਨਾਂ......

ਛੰਦ - ਜਮਦੂਤੋਂ ਕੇ ਦੇਖ-ਦੇਖ ਕੇ, ਅਜਾਮਲ ਘਬਰਾਉਣ ਲਗਾ। ਪੇਸ਼ ਨਹੀ ਕੁੱਛ ਚਲਤੀ ਹੈ, ਲੈ ਪੁੱਤਰ ਕਾ ਨਾਮ ਬੁਲਾਉਣ ਲਗਾ ।। ਹੇ ਰਾਮ ਨਰਾਇਣ ਪਿਆਰ ਤੇਰੇ ਮੇਂ, ਇਨ ਕੋ ਯਹਾ ਸੇ ਦਿਉ ਭਗਾ। ਜਮਦੂਤ ਲੇਨੇ ਆਏ ਮੁਝ ਕੋ, ਆਵੇ ਖੋਫ਼  ਮੁਝੇ ਲਉ ਛੁੜਾ ।। ਉੱਚੀ ਸੁਰ ਮੇਂ ਰਾਮ ਨਰਾਇਣ, ਰਾਮ ਨਰਾਇਣ, ਕਰਨੇ ਲਗਾ। ਆਏ ਪਾਰਖਦ ਹਰਿ ਜੀ ਕੇ, ਜਮ ਕਾ ਦੂਤ ਤਬ ਡਰਨੇ ਲਗਾ ।। ਪਾਰਖਦੋ ਕਾ ਤੇਜ ਦੇਖ ਕਰ, ਜਮ ਕੇ ਦੂਤ ਤਭੀ ਬੋਲਤੇ ਹੈ। ਇਸ ਪਾਪੀ ਕੋ ਹਮਨੇ ਲੇ ਜਾਣਾ, ਹਾਲ ਦਿਲੋਂ ਕਾ ਖੋਲਤੇ ਹੈ ।। ਜੇ ਕੋਈ ਧਰਮ ਕਰੇ ਨਰ ਦੇਹੀ, ਉਸ ਕੋ ਤੁਮ ਲੇ ਜਾਤੇ ਹੈ। ਜੇ ਕੋਈ ਪਾਪ ਕਰੇ ਖੁਸ਼ ਹੋ ਕੇ, ਕਾਬੂ ਹਮਰੇ ਆਤੇ ਹੈ ।। ਇਸ ਅਜਾਮਲ ਨੇ ਪਾਪ ਕੀਏ ਬਹੁ, ਇਸ ਕੋ ਹਮ ਲੇ ਜਾਵੇਗੇ। ਕਰਕੇ ਪੇਸ਼ ਧਰਮਰਾਜ ਦੇ, ਸਭੀ ਨਰਕ ਭੁਗਤਾਵੇਗੇ ।। ਸ਼ਾਸਤਰ ਕੇ ਅਨੁਸਾਰ ਜੀਵ ਜੋ, ਸ਼ੁੱਧ ਕੰਮ ਨਹੀਂ ਕਰਤੇ ਹੈ। ਅਪਨੇ ਮਨ ਅਨੁਸਾਰ ਜੋ ਚਲਤੇ, ਨਰਕੋ ਕਾ ਦੁੱਖ ਭਰਤੇ ਹੈਂ ।। ਇਹ ਜੀਵ ਆਪ ਹੀ ਕਰਮ ਕਰੇ, ਆਪੇ ਹੀ ਫ਼ਲ ਫਿਰ ਪਾਤਾ ਹੈ। ਸ਼ਾਸਤਰ ਸੇ ਵਿਰੁੱਧ ਚਲਨ ਕਾ ਮਗਰੋਂ ਚੇਤਾ ਆਤਾ ਹੈ ।। ਅਪਨੇ ਨਾਸ ਕਾ ਹੇਤ ਜੀਵ ਪਿਆ, ਆਪੇ ਖੁਸ਼ ਹੋ ਕਰਤਾ ਹੈ। ਜੈਸੇ ਰੇਸ਼ਮ ਕੀਟ ਅਪਨੀ, ਕਰਤੂਤੋਂ ਸੇ ਮਰਤਾ ਹੈ ।। ਅਬ ਅਜਾਮਲ ਕੇ ਲੇ ਜਾਤੇ ਹੈਂ, ਦੇਰੀ ਕਾ ਕੁਛ ਕਾਮ ਨਹੀ। ਉਮਰ ਅਜਾਈ ਇਸ ਨੇ ਗਵਾਈ, ਜਪਿਆ ਸੱਚਾ ਨਾਮ ਨਹੀਂ।

ਦੋਹਿਰਾ: ਪਾਰਖਦੇ ਨੇ ਆਖਿਆ, ਇਸ ਕੋ ਲੇ ਜਾਏਂਗੇ ਹਮ। ਮਰਤੀ ਵਾਰ ਇਸ ਨਾਮ ਲਿਆ ਪਾਪੇ ਕਾ ਨਹੀਂ ਰੀਸ।।

ਭਗਤ ਮਾਲ ਸੰਗੀਤ -6

ਛੰਦ:

ਹੇ ਜਮਦੂਤੋਂ ਛੋੜ ਦਿਓ, ਇਸ ਕੋ ਹਮ ਲੇ ਜਾਂਵੇਂਗੇ। ਸਵਰਗ ਦੇ ਸੁੱਖ ਜੋ ਕਈ ਤਰਾਂ ਦੇ ਸਨੇ ਸਨੋ ਭਗਤਾਵੇਂਗੇ ।। ਜੇਕਰ ਕਹੋ ਕਿ ਮਰਤੀ ਬਾਰ ਇਸਨੇ ਤੋਂ ਪੁੱਤਰ ਕਾ ਨਾਮ ਲੀਆ।ਤਬ ਸੁਨੀਏ ਕਾਨ ਲਗਾਕਰ ਕੇ, ਗੁਰਬਾਣੀ ਮੇਂ ਜੋ ਲਿਖ ਹੈ ਦੀਆ।।

ਗੁਰਬਾਣੀ - ਅੰਤਿ ਕਾਲਿ ਨਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।। ਬਦਤਿ ਤ੍ਰਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾ ਕੈ ਰਿਦੈ ਵਸੈ ।।੫।।੨।।

(ਗੁਰਬਾਣੀ ਪੰਨਾ ੫੨੬)

ਛੰਦ:

ਯਦੀ ਪੁਰਸ਼ ਪੁੱਤਰ ਸੇ ਪਿਆਰ ਕਰੋ, ਯਾ ਹਾਸੀ ਭਾਵ ਸੇ ਪਿਆਰ ਕਰੋ। ਪਰ ਵਾਸਦੇਵ ਕਾ ਨਾਮ ਲਵੇ ਤੋਂ, ਸਭੀ ਪਾਪ ਉਸ ਕੇ ਹੈਂ ਟਰੇ।। ਚਾਹੇ ਗਿਰਤੀ ਬੇਰ ਔਂ ਪੈਰ ਖਿਸਕਤੇ ਸਰਪ ਬਾਂਘ ਕੇ ਮੁੱਖ ਆਵੈ । ਜੰਮਾਈ ਲੋਤੇ ਔਰ ਛੀਕਤੇ ਨਾਮ ਲਵੇ ਤੁਰਿਆ ਜਾਵੇ ।। ਖਾਤੇ-ਪੀਤੇ ਬੈਠਾ ਹੋ ਚਾਹੇ ਕਿਸੀ ਕਾਲ ਮੇਂ ਯਾਦ ਕਰੋ। ਫੋਰਨ ਪਾਪੋ ਕਾ ਨਾਸ ਹੋਵੇ ਜੇ ਕਰਤੇ ਹੈ ਨਰ ਹਰੇ - ਹਰੇ ।। ਪਾਰਖਦੋਂ ਨੇ ਇਤਨਾ ਕਰਿ ਕੇ ਦੂਤਾਂ ਕੋ ਭੀ ਤਾੜਤੇ ਹੈ । ਬਿਬਾਨ ਸੁਨਿਹਰੀ ਸੁੰਦਰ ਉਪਰ ਅਜਾਮਲ ਕੋ ਚਾੜਤੇ ਹੈਂ ।। ਸ਼ਰਿਮੰਦੇ ਜਮਦੂਤ ਹੋ ਗਏ ਪੇਸ਼ ਨਾ ਕੋਈ ਚਲਤੀ ਹੈ। ਧਰਮਰਾਜ ਪਹਿ ਜਾ ਰੋਏ ਇਹ ਜੁਆਲਾ ਦਿਲ ਮੇਂ ਜਲਤੀ ਹੈ।। ਹੁਕਮ ਆਪਕਾ ਹੂਆ ਥਾ ਅਜਾਮਲ ਪਾਪੀ ਕੋ ਲੇ ਆਵੈ । ਸੰਗਲ ਗਲ ਮੇਂ ਪਾਇ ਲਿਓ ਜ਼ਿਆਦਾ ਖੌਫ਼ ਜੋ ਦਿਖਲਾਵੈ ।। ਪਾਰਖਦੋਂ ਨੇ ਆ ਕੇ ਹਮਰਾ ਬਹੁਤਾ ਹੈ ਅਪਮਾਨ ਕੀਆ। ਲੇ ਗਏ ਛੁੜਾ ਕੇ ਅਜਾਮਲ ਕੋ ਕੀ ਉਸ ਨੇ ਹੈ ਦਾਨ ਕੀਆ ।। ਧਰਮਰਾਜ ਜੀ ਕਹਿਣ ਲਗੇ ਇਹ ਚੰਗੇ ਤੁਮਰੇ ਕਾਮ ਹੁਏ। ਜਾਨ ਤੁਮਹਾਰੀ ਬਚ ਗਈ ਹੈ ਕਿਆ ਹੂਆ ਜੋ ਤੁਮ ਬਦਨਾਮ ਹੂਏ ।। ਆਗੇ ਕੋ ਸੋਚ ਸਮਝ ਚਲਨਾ, ਜੋ ਨਾਮ ਨਰਾਇਣ ਕਹਿਤਾ ਹੈ। ਤੁਮ ਉਸ ਕੇ ਨਿਕਟ ਨਾ ਮੂਲ ਜਾਉ, ਵੋ ਸਭ ਪਾਪੋ ਕੋ ਦਹਿਤਾ ਹੈ ।।।।

ਗੁਰਬਾਣੀ :-

ਜਹ ਸਾਧੂ ਗੋਬਿੰਦ ਭਜਨੁ ਕੀਰਤਨ ਨਾਨਕ ਨੀਤ ।। ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ।। ੧।।

(ਗੁਰਬਾਣੀ : ਪੰਨਾਂ : ੨੫੬)

ਛੰਦ:

ਪਰਤਾਪ ਦੇਖ ਲਉ ਨਾਮ ਕਾ ਐਸਾ, ਅਜਾਮਲ ਅਧਮ ਜੋ ਤਾਰ ਦੀਆ। ਮਰਤੀ ਬਾਰ ਹੀ ਨਾਮ ਲੀਆ, ਇਕ ਛਿਨ ਵਿੱਚ ਪ੍ਰਭੂ ਨੇ ਪਾਰ ਕੀਆ ।। ਸਭ ਸੇ ਉੱਤਮ ਨਾਮ ਹਰੀ ਕਾ, ਵੇਦ ਸ਼ਾਸਤਰ ਬਤਲਾਤੇ ਹੈ । ਜੋ ਭਜਨ ਹਰੀ

ਕਾ ਕਰਤੇ ਹੈਂ, ਸ਼ੀਘਰ ਹੀ ਮੁਕਤੀ ਪਾਤੇ ਹੈ ।।

ਭਗਤ ਮਾਲ ਸੰਗੀਤ -7

ਗੁਰਬਾਣੀ:

ਸੋਧਤ ਸੋਧਤ ਤੱਤ ਬਿਚਾਰਾ, ਬਿਨੁ ਹਰਿ ਭਜਨ ਨਹੀ ਛੁਟਕਾਰਾ ।।[ਗੁਰਬਾਣੀ ਪੰਨਾਂ ੧੮੮)

ਛੰਦ:

ਹਰੀ ਨਾਮ ਬੜਾ ਸੁਖਦਾਈ ਹੈ, ਜੋ ਨਰੋਂ ਕੇ ਬੰਧਨ ਕਟਤਾ ਹੈ। ਉਸ ਕੀ ਤਾਰੀਫ ਤੋਂ ਨਹੀ ਹੋਤੀ, ਜੋ ਸੱਚੇ ਮਨ ਸੇ ਜਪਤਾ ਹੈ।। ਦੇਖੋ ਜੋ ਕੋਈ ਭੂਲ-ਭੁਲ ਕਰ, ਨਾਮ ਹਰੀ ਕਾ ਲੇ ਲੇਵੇ। ਤਬ ਭੀ ਪ੍ਰਭੂ ਜੀ ਖੁਸ਼ ਹੋਤੇ ਹੈਂ, ਬੰਦ ਖਲਾਸੀ ਕਰ ਦੇਵੇ ।। ਇਸ ਮੇਂ ਇਕ ਛੋਟੀ ਸਾਖੀ ਹੈ, ਜੋ ਸਾਹੂਕਾਰ ਕੀ ਸੁਨ ਲੀਜੈ। ਪੁੱਤਰ ਕਾ ਕੀਆ ਵਿਆਹ, ਖੁਸ਼ੀ ਸੇ ਖਾਨ-ਪਾਨ ਸਭ ਕੋ ਦੀਜੈ ।। ਵੇਸਵਾ ਸੰਗ ਪ੍ਰੀਤ ਬੜੀ ਤਬ ਵੋ ਉਸ ਕੇ ਭੋਜਨ ਦੇਨ ਗਿਆ। ਸਭ ਸੇ ਚੋਰੀ ਗਿਆ ਘਰ ਉਸਕੇ ਅਪਨੀ ਮੌਤ ਤੋਂ ਲੋਨ ਗਿਆ ।। ਪੌੜੀ ਪਰ ਲਾਲਾ ਚੜਨ ਲਗੇ, ਡੰਡਾ ਏਕ ਜੋ ਟੂਟ ਗਿਆ। ਅਰੀ ਲੇ ਕਹਿਨੇ ਕੋ ਤਿਆਰ ਹੁਆ, ਹਰੀ ਲੋ ਕਹਿਤੇ ਤਨ ਛੂਟ ਗਿਆ।। ਤਬ ਉਸੀ ਕਾਲ ਮੇਂ ਵਾਸਦੇਵ ਨੇ ਪਾਰਖਦੋਂ ਤੋਂ ਫਰਮਾਇਆ। ਮੇਰਾ ਨਾਮ  ਲੇ ਕਰ ਮੁਆ ਲੇ ਆਵੋ ਕਿਉਂ ਚਿਰ ਲਾਇਆ।। ਪਰਤਾਪ ਨਾਮ ਕਾ ਦੇਖ ਲੋ  ਕੈਸਾ ਮਨ ਅਪਨੇ ਵੀਚਾਰ ਕਰੋ। ਆਉ ਨਾਮ ਜਪੋ ਦਿਲ ਲਾ ਕੇ ਡੁੱਬਦਾ ਬੇੜਾ ਪਾਰ ਕਰੋ ।। ਸੰਤ ਬੜੇ ਉਪਕਾਰੀ ਹੋਤੇ ਨੁਸਖਾ ਠੀਕ ਬਤਾਇਆ ਹੈ। ਅਜਾਮਲ ਕੇ ਪਾਰ ਕੀਆ ਜੋ ਕਿਸ ਬਿਧ ਸੇ ਸਮਝਾਇਆ ਹੈ ।।

ਦੋਹਿਰਾ -

ਇਸ ਪ੍ਰਸੰਗ ਦੇ ਸੁਣਨ ਦਾ ਇਹੋ ਮਤਲਬ ਜਾਨ।ਨਾਮ ਜਪੇ ਸਤਸੰਗ ਕਰੋ ਹੋ ਜਾਵੇ ਕਲਿਆਣ ।।

ਦੋਹਿਰਾ -

ਭੂਲ ਚੂਕ ਸਭ ਬਖਸ਼ ਦੋ, ਹੇ ਗੁਰੂ ਬਖਸ਼ਣ ਹਾਰ। ਸਾਖੀ ਪੂਰੀ ਹੋ ਗਈ, ਜਥਾ ਮਤਿ ਅਨੁਸਾਰ ।।

ਗੁਰਬਾਣੀ :

ਪਤ ਰਾਖੀ ਗੁਰੁ ਪਾਰਬ੍ਰਹਮ ਤਜ ਪ੍ਰਪੰਚ ਮੋਹ ਬਿਕਾਰ। ਨਾਨਕ ਸੋਈ ਆਰਾਧੀਐ ਜਾ ਕਾ ਅੰਤ ਨਾ ਪਾਰਾਵਾਰ ।।
(ਗੁਰਬਾਣੀ ਪੰਨਾ ੨੫੮)

ਸਲੋਕ ।।

ਲੇਖੇ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰ ।। ਬਖਸ਼ਨਹਾਰ ਬਖਿਸ਼ ਲੈ, ਨਾਨਕ ਪਾਰਿ ਉਤਾਰ ।।੧।। (ਗੁਰਬਾਣੀ ਪੰਨਾ ੨੬੧)

**ਇਤੀ ਸ੍ਰੀ ਭਗਤ ਮਾਲ ਸੰਗੀਤ ਅਜਾਮਲ ਕੀ ਸਾਖੀ ਵਰਨਣ ਨਾਮ ਪ੍ਰਿਥਮੋਂ ਅਧਿਆਇ ਕੀ ਸਮਾਪਤਮ ।। ੧ ।। ਸਤਿ ਕਰਤਾਰ**

ਭਗਤ ਮਾਲ ਸੰਗੀਤ -8

ੴ ਸਤਿਗੁਰ ਪ੍ਰਸਾਦਿ ।।

**<u>ਅਥ ਬਾਲਮੀਕ ਜੀ ਦਾ ਪ੍ਰਸੰਗ -2</u>**

ਸਲੋਕ।।

ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ।। ਨਾਨਕ ਨਾਮੁ ਧਿਆਇਐ ਕਾਰਜ ਆਵੈ ਰਾਸ ।।੧।। (ਗੁਰਬਾਣੀ ਪੰਨਾ ੨੫੭)

ਸਲੋਕ।।

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ।।

ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ।।

ਦੋਹਿਰਾ:

ਚਰਨ ਬੰਦਨਾ ਗੁਰੂ ਕੈ ਕਰਤਾ ਹੂੰ ਸਿਰ ਨਿਵਾਇ।ਬਾਲਮੀਕ ਪ੍ਰਸੰਗ ਜੋ ਅਬ ਮੈ ਕਹਾ ਸੁਨਾਇ ।।

ਗੁਰਬਾਣੀ:" ਬਾਲਮੀਕ ਹੋਆ ਸਾਧ ਸੰਗ"

ਭਾਈ ਗੁਰਦਾਸ ਜੀ:

" ਵਾਰ ੧੦ ਪਉੜੀ ੧੯

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ। ਪੂਰਾ ਸਤਿਗੁਰੂ ਭੇਟਿਆ ਮਨ ਵਿੱਚ ਹੋਆ ਖਿੰਜੋ ਤਾੜਾ ।।

ਦੋਹਿਰਾ:

ਤਰੇਤੇ ਜੁਗ ਮੇਂ ਬਾਲਮੀਕ ਜਾਤ ਭੀਲ ਕੀ ਜਾਨ। ਸਾਧ ਸੰਗ ਜਬ ਤੇ ਹੁਆ ਹੋਇ ਗਈ ਕਲਿਆਣ ।।

ਛੰਦ:

ਐ ਮਨ ਮੇਰੇ ਖਿਆਲ ਕਰੀ ਤੂ, ਸਾਧ ਸੰਗ ਪ੍ਰਤਾਪ ਹੂਆ। ਬਾਲਮੀਕ ਨੇ ਮਿਲਕਰ ਸੰਤਾ, ਕੈਸੇ ਮੁਖ ਸੇ ਜਾਪ ਕੀਆ ।। ਸੱਚੇ ਮਨ ਸੋ ਨਾਮ ਹਰੀ ਦਾ, ਜੋ ਮੁੱਖ ਅਪਨੇ ਜਪਦਾ ਹੈ। ਨਰਕਾ ਦੀ ਜੋ ਅਗਨ ਤੇਜ ਹੈ, ਉਸ ਕੇ ਬੀਚ ਨਾ ਤਪਦਾ ਹੈ ।। ਬੰਦ ਖਲਾਸੀ ਜਲਦੀ ਹੋਵੇ, ਮਨ ਸੁੱਧੀ ਹੋ ਜਾਤੀ ਹੈ। ਸੂਬਾ ਉਠ ਕਰ ਨਾਮ ਜਪੇ, ਇਹ ਗੁਰਬਾਨੀ ਫੁਰਮਾਤੀ ਹੈ ।।

ਸਲੋਕ।।

ਝਾਲਾਘੇ ਉਠਿ ਨਾਮ ਜਪਿ ਨਿਸਿ ਬਾਸੁਰ ਆਰਾਧਿ ।। ਕਾਰਾ ਤੁਝੈ ਨਾ ਬਿਆਪਈ ਨਾਨਕ ਮਿਟੈ ਉਪਾਧਿ ।।੧।। ਗੁਰਬਾਣੀ ਪੰਨਾ ੨੫੫)

ਛੰਦ:

ਬਾਲਮੀਕ ਨੇ ਨਾਮ ਜੋ ਜਪਿਆ ਤੋਂ ਸੰਤੋ ਕਾ ਸੰਗ ਹੁਆ, ਸਾਖਸਾਤ ਫਿਰ ਮਿਲੇ ਰਾਮ ਜੀ, ਜਨਮ ਮਰਨ ਸਭ ਭੰਗ ਹੂਆ। ਸ੍ਰੀ ਰਾਮ ਚੰਦਰ ਪਿਤਾ ਆਗਿਆ ਮਾਨੀ ਬਨੋ ਬੀਚ ਜਬ ਫਿਰਤੇ ਥੇ। ਜਨਮ ਜਨਮ ਕੇ ਪਾਪੀ ਭਾਰੇ ਦਰਸ਼ਨ ਕਰਕੇ ਉਧਰਤੇ ਥੇ, ਫਿਰਤੇ ਫਿਰਤੇ ਬਾਲਮੀਕ ਕੀ ਕੁਟੀਆ ਚਰਨ ਜਾ ਪਾਏ ਹੈ . ਕਰ ਪ੍ਰਣਾਮ ਪਰਦੰਖਨਾ ਕੀਨੀ, ਮੁਖ ਸੋ ਉਸਤਤ ਗਾਏ ਹੈ। ਪਹਿਲੇ ਸੇ ਆਖੀਰੀ ਤਕ ਵੋਹ ਅਪਨਾ ਹਾਲ ਸੁਨਾਤਾ ਹੈ . ਹੇ ਰਾਮ ਆਪ ਕਾ ਨਾਮ ਪਵਿੱਤਰ ਸਾਰ ਬਸਤੁ ਕਹਿਲਾਤਾ ਹੈ।

(ਅਧਿਆਤਮ ਰਮਾਇਣ ਵਿਚੋਂ)

ਭਗਤ ਮਾਲ ਸੰਗੀਤ -9

ਦੋਹਿਰਾ:

ਰਾਮ ਤੁਮਾਰੇ ਨਾਮ ਕੀ ਮਹਿਮਾ ਕਹੀ ਨਾ ਜਾਇ। ਜਾ ਪ੍ਰਭਾਵ ਤੋਂ ਮੈਂ ਰਿਖੀ, ਭਯੋ ਰਾਮ ਸੁਖਦਾਇ ।।

ਚੌਪਈ:

ਪ੍ਰਿਥਮੇ ਮੈਂ ਸੀ ਕਰਾਤਨ ਮਾਹੀ ।। ਕਰਾਤਨ ਸੰਗ ਬਸਿਓ ਜੰਗ ਮਾਹੀ ।। ਜਨਮ ਮਾਤਰ ਮੈਂ ਦਿਜ ਤੇ ਭਿਓ ।। ਔਰ ਅਚਾਰਜ ਸੂਦਰ ਕੀਓ ।। ਬਹੁ ਸੁਤ ਸੂਦਰੀ ਮੈਂ ਉਪਜਾਏ ।। ਚੋਰਨ ਮਿਲ ਪਰ ਦਰਬ ਚੁਰਾਏ ।। ਧਨੁਸ਼ ਬਾਨ ਕਰ ਭੀਤਰ ਧਰੇ।। ਜੀਵਨ ਕੋ ਅੰਤਕ ਸਮਹਰੇ ।।ਏਕ ਸਮੇਂ ਮੁਨ ਸਪਤ ਉਧਾਰੇ ।। ਕਾਨਨ ਮਾਹਿ ਸੋ ਮੋਹ ਨਿਹਾਰੇ ।। ਤੱਤ ਗਿਆਨੀ ਦੀਪਤ ਮਾਨ ।। ਅਗਨ ਅਰਕ ਸੀ ਪ੍ਰਭਾ ਮਹਾਨ ।। ਲੋਭ ਬੜੇ ਮੇਰੇ ਉਹ ਆਇਓ ।। ਤਿਨਕੇ ਪਾਛੇ ਮੈਂ ਉਠ ਧਾਇਓ ।। ਤਾਕੇ ਥੇ ਤਨ ਬਸਤਰ ਜੇਤੇ ।। ਉਰਮੈ ਚਹੋ ਉਤਾਰੇ ਤੇਤੇ ।। ਤਿਸ੍ਟ-ਤਿਸ੍ਟ ਕਰ ਜਾਹਿ ਸੋ ਭਾਗੇ ।। ਮੋ ਕੋ ਰਿਖੀ ਮੁਨ ਪੂਛਨ ਲਾਗੇ ।। ਦਿਜ ਅਧਮ ਤੂ ਕਿਉ ਆਵੈ ਧਾਇ ।। ਤਬ ਮੈ ਤਿਨ ਪ੍ਰਤਿ ਦਿਉ ਸੁਨਾਇ ।। ਮਨੀਸ਼ਵਰ ਮੈ ਕੁਛ ਤੁਮਤੇ ਲੇਵੈ ।। ਸੁਤ ਦਾਰਾ ਪ੍ਰਤਿ ਮੈਂ ਗਹਿ ਦੇਵੋ।। ਬਹੁਤੇ ਹੈ ਸੁਤ ਮੇਰੇ ਦਾਰਾ ।। ਭੂਖੇ ਕਰੇ ਸੋ ਭਵਨ ਪੁਕਾਰਾ ।। ਤਿਨਕੀ ਰਕਸ਼ਾ ਧਰ ਉਰ ਮਾਹੀ ।। ਬਿਚਰੋ ਮੁਨ ਮੇ ਕਾਨਨ ਮਾਹੀ ।। ਤਬ ਮੇਰੇ ਪ੍ਰਤੀ ਮੁਨ ਵੈ ਬੋਲੇ ।। ਸਾਵਧਾਨ ਨਹਿ ਅੰਤਰ ਡੋਲੇ ।। ਜਾਇ ਕੁਟੰਭ ਪੂਛੋ ਤੁਮ ਨੀਚ ।। ਜੋ ਜੋ ਪਾਪ ਕਰੋ ਦਿਨ ਬੀਚ ।। ਤੁਮ ਤਿਨ ਭਾਗੀ ਹੋਊ ਕਿ ਨਾਹੀ ।। ਭਿੰਨ ਭਿੰਨ ਪੂਛੋ ਘਰ ਮਾਹੀ ।। ਹਮ

ਨਹਿ ਯਾਹ ਠੋਰਤੇ ਜਾਵੇ ।। ਪੂਛਨ ਸਬਨ ਕੋ ਘਰ ਤੇ ਆਵੈ ।। ਸੁਤ ਦਾਰਾ ਮੈਂ ਪੂਛੈ ਜਬਹੀ ।। ਮੋ ਪ੍ਰਤੀ ਕਹਿਉ ਰਾਮ ਤਿਨ ਤਬਹੀ ।। ਹਮ ਨਹੀਂ ਕਹਿਤੇ ਪਾਪ ਕਮਾਵੇ ।। ਆਪਨ ਕੀਆ ਆਪ ਤੁਮ ਪਾਵੋ ।। ਸੋ ਸੁਨ ਮੋ ਉਰ ਬੜੇ ਬਿਰਾਗ ।। ਜਾਗਿਓ ਕੋ ਪੂਰਬ ਕਿਰਤ ਭਾਗ ।। ਕਰ ਵਿਚਾਰ ਮਨ ਤਹਿ ਚਲ ਆਇਓ ।। ਜਹ ਤੇ ਮੌਕੇ ਮੁਨਨ ਪਠਾਇਓ ।। ਕਰੁਣਾ ਪੂਰਨ ਮਨ ਮੁਨ ਸਾਰੇ ।। ਤਹਿ ਠਾੜੇ ਮੁਨ ਮੋਹ ਨਿਹਾਰੇ ।। ਮੁਨ ਕੋ ਦਰਸ਼ਨ ਪਾਇਓ ਜਬ ਹੀ।। ਸੁਧ ਭਿਉ ਮੇਰੋ ਮਨ ਤਬ ਹੀ।। ਕਰਤੇ ਤਿਆਗੇ ਮੈਂ ਧਨ ਬਾਨ ।। ਮੁਨ ਪਦ ਪਰਿਓ ਸੋ ਦੰਡ ਸਮਾਨ ।। ਨਰਕ ਸਾਮੁੰਦ ਗਿਰਿਓ ਮੈਂ ਭਾਰੀ ।। ਹੇ ਮੁਨ ਲੀਜੇ ਮੋਹ ਉਬਾਰੀ ।। ਆਗੈ ਕੀਉ ਦੇਖ ਮੁਨ ਦਿਆਲ ।। ਮੋ ਪ੍ਰਤਿ ਬੋਲੇ ਬਚਨ ਰਸਾਲਿ ।। ਉਠੋ ਉਠੋ ਤੇਰੀ ਕਲਿਆਨ ।। ਸਫਲ ਭਯੋ ਸਤਸੰਗ ਮਹਾਨ ।। ਕੁਛ ਤੌਂ ਕੋ ਹਮ ਮੰਤਰ ਬਤਾਵੇ ।। ਤਾਹੀਂ ਕਰ ਤੂੰ ਮੁਕਤ ਸੋ ਪਾਵੇ ।। ਪੁਨ ਮੁਨ ਪਰਸਪਰ ਨਿਹਾਰ ।। ਮਮ ਦੂਰਬਿ ਦਿਜਾਧਮ ਧਾਰ ।। ਉਪੇਖਿਆ ਜੋਗ ਅਹੇ ਜਹ ਨੀਚ ।। ਏਕ ਸੋ ਭਾਖੇ ਯੋ ਮੁਖ ਬੀਚ ।।

ਭਗਤ ਮਾਲ ਸੰਗੀਤ -10

ਅਪਰ ਕਹੇ ਸਰਨਾਗਤ ਆਇਓ।। ਮੋਖ ਪੰਥ ਕਹਿ ਬਨੇ ਛੁਡਾਇਓ ।। ਜਾਂ ਬਿਧ ਭਾਖ ਪਰਸਪਰ ਰਾਮ ।। ਭਏ ਕ੍ਰਿਪਾਲ ਮੁਨੀ ਨਹਿ ਕਾਮ ।। ਤੇਰੇ ਰਾਮ ਨਾਮ ਹੈ ਜੇਈ ।। ਵਿਅਸਤ ਵਰਨ ਕਰ ਭਾਖਿਓ ਸੋਈ ।। ਯਹੀ ਠੋਰ ਮਨ ਕਰੋ ਇਕਾਗਰ ।। ਮਰਾ ਮਰਾ ਯੋ ਜਪੇ ਸੁ ਸਾਦਰ ।। ਬਹੁਰੋ ਹਮ ਆਵੇਗੇ ਜੈਲੌਂ ।। ਜਪੇ ਨਿਰੰਤਰ ਯਹ ਤੁਮ ਤੌਂ ਲੌਂ।। ਦਿੰਬ ਗਿਆਨੀ ਵੈ ਮਨ ਜੇਈ ।। ਜੋ ਮਮ ਭਾਖ ਗਏ ਪੁਨ ਤੇਈ ।। ਤਿਨ ਕੀਓ ਉਪਦੇਸ ਸੁ ਜੈਸੇ ।। ਜਪੇ ਨਿਰੰਤਰ ਮੈਂ ਪੁਨ ਤੈਸੇ ।। ਜਪਤ ਇਕਾਗਰ ਮੇਂ ਮਨ ਭਯੋ ।। ਬਾਹਰ ਗਿਆਨ ਭੁਲ ਸਭ ਗਇਓ ।। ਜਾ ਬਿਧ ਕਾਲ ਬਹੁ ਬੀਤ ਗਏ ।। ਮੇਰੇ ਤਨ ਮਨ ਨਿਹਚਲ ਭਏ ।। ਜਨ ਸੰਗਤ ਮੇਰੀ ਮਿਟ ਗਈ।। ਬਾਲ ਮੀਕ ਮਮ ਉਪਰ ਭਈ ।। ਯੁੱਗ ਹਜ਼ਾਰ ਸੋ ਬੀਤਿਓ ਜਬ ਹੀ ।। ਆਏ ਮੁਨ ਕਰੁਨਾ ਕਰ ਤਬ ਹੀ ।। ਨਿਕਸੇ ਯੋ ਭਾਖਿਉ ਮੁਨ ਜਬ ਹੀ।। ਸੁਨ ਕੇ ਵੇਗ ਉਠਿਓ ਮੈਂ ਤਬ ਹੀ।। ਬਾਲਮੀਕ ਤੇ ਨਿਕਸਿਓ ਐਸੇ।। ਫੇਰ ਕੁਹੀਰ ਤਰਨ ਰਵੀ ਜੈਸੇ ।। ਮੋਕੋ ਪੇਖ ਬਹੁਰੁ ਮੁਨ ਭਾਖਿਓ ।। ਬਾਲਮੀਕ ਮਮ ਨਾਮ ਸੋ ਰਾਖਿਓ ।। ਬਾਲਮੀਕ ਤੇ ਨਿਕਿਸਿਓ ਜਾਤੇ ।। ਦੂਸਰ ਜਨਮ ਭਯੋ ਤਬ ਤਾਤੇ ।। ਯੋ ਮਮ ਭਾਖ ਗਏ ਸੁਰ ਲੋਕ।। ਰਘੁਵੰਸ ਉਤਮ ਮੁਨੀ ਅਸ਼ੋਕ ।। ਮੈ ਤੇ ਰਾਮ ਨਾਮ ਇੱਕ ਲਇਉ ।। ਜਾ ਪ੍ਰਭਾਵ ਤੇ ਐਸੇ ਭਇਉ ।। ਅਬ ਸਾਖਸਾਤ ਨਿਹਾਰੈ ਰਾਮ ।। ਸਾਨੁਜ ਸੀਅ ਸਮ ਸੁੱਖ ਧਾਮ ।। ਵਾਰਜ ਨੈਨ ਮੁਕਤ ਮੈਂ ਭਿਉ ।। ਜਾਹਿ ਵਿਖੇ ਨਹੀ ਸੰਸਾ ਰਹਿਉ ।।

ਦੋਹਿਰਾ: -ਸਾਧ ਸੰਗ ਐ ਨਾਮ ਕਾ, ਐਸਾ ਹੈ ਪ੍ਰਤਾਪ। ਕਥਾ ਰਮਾਇਣ ਮੇਂ ਲਿਖੀ ਗੁਲਾਬ ਸਿੰਘ ਵਿਖਿਆਤ ।।

ਛੰਦ: -ਐ ਮਨ ਮੇਰੇ ਨਾਮ ਜਪੀ, ਜਿਸ ਨਾਮ ਕਾ ਇਹ ਪ੍ਰਤਾਪ ਹੂਆ। ਥੀ ਜਾਤ ਭੀਲ ਕੀ ਸਭ ਸੇ ਅਧਮ ਸਭ ਮੁਨੀਓ ਮੇਂ ਵਿਖਿਆਤ ਹੂਆ ।। ਆਤਮ ਸ਼ਕਤੀ ਮੇਂ ਬਾਲਮੀਕ ਜੀ, ਦੇਖੋ ਕੈਸੇ ਸਾਰ ਹੁਏ । ਦਸ ਹਜ਼ਾਰ ਵਰਸ਼ ਕੇ ਪੀਛੇ, ਰਾਮ ਚੰਦਰ ਅਵਤਾਰ ਹੁਏ ।। ਅਵਤਾਰ ਹੋਨ ਕੀ ਬਾਲਮੀਕ ਨੇ ਪਹਿਲੇ ਹੀ ਕਥਾ ਭਾਖ ਦੇਈ। ਬਾਲਮੀਕ ਰਮਾਇਣ ਨਾਮ ਜੋ, ਸਾਰੀ ਬਾਰਤਾ ਆਖ ਦੇਈ ।। ਨਾਮ ਪ੍ਰਭੂ ਕਾ ਜਪ ਲੇ ਮਨ ਤੁ, ਅਬ ਦੇਰੀ ਕਾ ਕਾਮ ਨਹੀਂ । ਵੇਦ ਮਹਾਤਮਾ ਇਹੋ ਕਹਤੇ ਹੋਵੇ ਮੁਕਤ ਬਿਨ ਨਾਮ ਨਹੀ ।।

ਭਗਤ ਮਾਲ ਸੰਗੀਤ - 11

ਭਜਨ = ਗਜਲ ਤਾਲ ੩

ਟੇਕ:-

ਜੇ ਤੈਂ ਪਾਰ ਹੋਣਾ ਪਿਆਰੇ ਗੁਨ ਹਰੀ ਕੇ ਗਾਈ ਜਾਨਾ, ਪਰਮਾਤਮਾ ਕੀ ਭਗਤੀ ਦਿਲ ਮੇਂ ਜਮਾਈ ਜਾਨਾ...... ਨਿੱਤ ਨੇਮ ਰੋਜ਼ ਕਰਨਾ, ਬੁਰੇ ਕਾਮੋ ਸੇ ਹੈ ਡਰਨਾ ਹਰਦਮ ਤਰਫ਼ ਸਚਾਈ, ਪਾਂਵ ਬੜਾਈ ਜਾਨਾ...... ਸੋਬਤ ਬੁਰੀ ਨ ਜਾਉ, ਸਤਸੰਗ ਮੇਂ ਮਨ ਲਗਾਉ ਨਜ਼ਦੀਕ ਆਰਫੋਂ ਕੇ ਨਿੱਤ, ਫੇਰਾ ਪਾਈ ਜਾਨਾ...... ਪੁਸਤਕ ਧਰਮ ਕੀ ਪੜਨਾ, ਕਿਸੀ ਸਾਥ ਨਹੀਂ ਲੜਨਾ ਦੁਨੀਆ ਹੈ ਝੂਠ ਸਮਝੋ, ਦਿਲ ਕੋ ਹਟਾਈ ਜਾਨਾ...... ਸ਼ਾਸਤਰ ਐ ਵੇਦ ਚਾਰੇ, ਸਭੀ ਹੈ ਇਹੋ ਪੁਕਾਰੇ ਜਪੋ ਨਾਮ ਹੋਵੇ ਮੁਕਤੀ, ਬਿਨਾ ਨਾਮ ਆਈ ਜਾਨਾ......

ਦੋਹਿਰਾ -

ਸਾਖੀ ਪੂਰੀ ਹੋ ਗਈ ਮਨ ਤੂੰ ਕਰੀ ਵਿਚਾਰ। ਵਾਸਦੇਵ ਕਾ ਨਾਮ ਰਾ ਰੱਟ ਬੇੜਾ ਹੋ ਜਾਏ ਪਾਰ ।। ਭੁੱਲ ਚੂਕ ਸਭ ਬਖਸ਼ਿਤੀ ਹੋ ਗੁਰ ਬਖਸ਼ਨਹਾਰ।। ਮੈ ਅਜਾਨ ਬੇ ਇਲਮ ਹੂੰ ਨਾ ਛੰਦ ਰਚਨ ਦੀ ਸਾਰ।।

ਗੁਰਬਾਣੀ - ਪਤ ਰਾਖੀ ਗੁਰੁ ਪਾਰਬ੍ਰਹਮ ਤਜ ਪ੍ਰਪੰਚ ਮੋਹ ਵਿਕਾਰ । ਨਾਨਕ ਸੋਈ ਆਰਾਧੀਐ ਜਾ ਕਾ ਅੰਤ ਨਾ ਪਾਰਾਵਾਰ ।।(ਗੁਰਬਾਣੀ ਪੰਨਾ ੨੫੮)

**ਇਤ ਸ੍ਰੀ ਭਗਤ ਮਾਲ ਸੰਗੀਤ ਬਾਲਮੀਕ ਸਾਖੀ ਵਰਨਣ ਨਾਮ ਦੂਤੀਯੋ ਅਧਿਆਇ ਸਮਾਪਤਮ ।।੨।। ਸਤਿ ਕਰਤਾਰ**

ਭਗਤ ਮਾਲ ਸੰਗੀਤ - 12

ੴ ਸਤਿਗੁਰ ਪ੍ਰਸਾਦਿ ।।

## ਅਥ ਦੂਸਰੇ ਬਾਲਮੀਕ ਜੀ ਦਾ ਪ੍ਰਸੰਗ -3

ਸਲੋਕ।। ਧਰਿ ਜੀਅਰੇ ਇਕ ਟੇਕ ਤੂ, ਲਾਹਿ ਬਿਡਾਨੀ ਆਸ ।।ਨਾਨਕ ਨਾਮੁ ਧਿਆਈਐ, ਕਾਰਜ ਆਵੈ ਰਾਸਿ ।। (ਗੁਰਬਾਣੀ ਪੰਨਾ ੨੫੭)

ਸਲੋਕ।। ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ।। ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ।।

ਦੋਹਿਰਾ: ਨਮੋ ਨਮੋ ਗੁਰੁਦੇਵ ਕੋ ਹੋਵੇ ਆਪ ਸਹਾਇ। ਪ੍ਰਸੰਗ ਕਹੂ ਬਾਲਮੀਕ ਕਾ ਹੋਵੇ ਆਪ ਸਹਾਇ ।।

ਗੁਰਬਾਣੀ:

ਸੁਆਨ ਸਤ੍ਰ ਅਜਾਤੁ ਸਭ ਤੇ ਕ੍ਰਿਸ਼ਨ ਲਾਵੈ ਹੇਤੁ । ਬਾਣੀ ਭਗਤ ਰਵਿਦਾਸ ਜੀ ] ਲੋਗ ਬਪੁਰਾ ਕਿਆ ਸਰਾਹੈ ਤੀਨਿ ਲੋਕ ਪਰ ਵੇਸ।। [ਪੰਨਾ ੧੧੨੪]

ਛੰਦ:

ਜਬ ਕ੍ਰਿਸ਼ਨ ਚੰਦਰ ਭੂਮੀ ਕਾ ਭਾਰ ਉਤਾਰਨ ਕੋ ਅਵਤਾਰ ਹੂਏ, ਅਧਰਮੀ ਕੰਸ ਕੇ ਮਾਰਨ ਕੋ ਜਿਸ ਸੇ ਬਹੁ ਲੋਕ ਲਾਚਾਰ ਹੂਏ ।। ਉਸੀ ਕਾਲ ਮੇਂ ਬਾਲਮੀਕ ਜੀ ਸੁਪਚੋਂ ਕੇ ਗ੍ਰਿਹਿ ਮੇਂ ਜਨਮੇਂ, ਜਨਮ ਤੋਂ ਨੀਚ ਕੀ ਜਾਤ ਮੇ ਥਾ ਪਰ ਭਗਤੀ ਭਾਵ ਭਰਿਆ ਮਨ ਮੇਂ । ਭਗਵਾਨ ਕ੍ਰਿਸ਼ਨ ਕੀ ਕ੍ਰਿਪਾ ਸੇ ਜਦੀ ਪਾਂਡਵੋ ਨੇ ਕੌਰੋ ਮਾਰੇ, ਕਹਿਣ ਲਗੇ ਯੁਧਿਸ਼ਟਰ ਜੀ ਹਮ ਹੂਏ ਕੁਲ ਕੇ ਹਤਿਆਰੇ । ਹੇ ਮਹਾਰਾਜ ਕੋਈ ਐਸੀ ਜੁਗਤੀ ਹਮ ਕੋ ਜਲਦੀ ਬਤਲਾਵੈ, ਪਾਪ ਕੁੱਲ ਹੱਤਿਆ ਕਾ ਦੂਰ ਹੋਵੇ ਮੇਰੇ ਮਨ ਕਾ ਸੰਸਾ ਚੁਕਾਵੋ ।ਅਸ਼ਮੇਧ ਯੱਗ ਕੀਜੇ ਰਾਜਨ ਪ੍ਰਤੀਗਿਆ ਏਹੋ ਠਾਨ ਲਵੋ, ਉੱਚੀ ਜਗਾ ਸੰਖ ਇੱਕ ਧਰਦੋ ਜਦ ਆਪੇ ਵਜਿਆ ਜਾਨ ਲਵੋ | ਬਸ ਜੱਗ ਸੰਪੂਰਨ ਹੋ ਜਾਵੇਗਾ ਸੰਸਾ ਸਾਰਾ ਮੁੱਕ ਜਾਵੇਗਾ, ਕੁਲ ਹੱਤਿਆ ਕਾ ਪਾਪ ਜੋ ਹੂਆ ਉਸੀ ਵਕਤ ਚੁੱਕ ਜਾਵੇਗਾ ।

ਦੋਹਿਰਾ:

ਯੁਧਿਸ਼ਟਰ ਜੀ ਨੇ ਯੱਗ ਰਚਾ ਕਰੀ ਪ੍ਰਤਿਗਿਆ ਆਇ ।। ਯੱਗ ਸੰਪੂਰਨ ਤਬ ਹੋਵੇ ਆਪ ਸੰਖ ਵੱਜ ਜਾਇ ।।

ਛੰਦ:

ਸਭ ਰਿਸ਼ੀ ਮੁਨੀ ਬੋਲਾਇ ਲੀਏ ਜੋ ਉੱਚੀ ਕੁੱਲ ਕਹਿਲਾਤੇ ਥੇ। ਪੰਡਤ ਬ੍ਰਾਮਣ ਵੀ ਆਏ ਜੋ ਜਾਤ ਕਾ ਤਾਨ ਦਿਖਾਤੇ ਥੇ ।। ਸਭ ਕੋ ਭੋਜਨ ਬੜੇ ਪ੍ਰੇਮ ਸੇ ਭਾਂਤ ਭਾਂਤ ਪਕਵਾਨ ਦੀਏ। ਸੰਤੁਸ਼ਟ ਕੀਆ ਬਹੁ ਰਿਸ਼ੀਐਂ ਕੋ ਬ੍ਰਾਹਮਣੋ ਕੋ ਬਹੁ ਦਾਨ ਕੀਏ ।। ਰਿਸ਼ੀ ਬ੍ਰਾਹਮਣ ਅਪਨੇ ਅਪਨੇ ਆਸ਼ਰਮ ਕੋ ਪਧਾਰ ਗਏ । ਕਿੰਚਤ ਵੀ ਵੋਹ ਸੰਖ ਨਾ ਵਜਿਆ ਪਾਂਡਵ ਜੋਰ ਲਾ ਹਾਰ ਗਏ ।।ਯੁਧਿਸ਼ਟਰ ਜੀ ਨਿਰਾਸ਼ ਹੋ ਗਏ ਪੇਸ਼ ਨਾ ਕੋਈ ਚਲਤੀ ਹੈ। ਯੱਗ ਸੰਪੁਰਨ ਨਹੀ ਹੁਆ, ਇਹ ਜਵਾਲਾ ਦਿਲ ਮੇਂ ਜਲਤੀ ਹੈ ।।

ਜਾਇ ਕ੍ਰਿਸਨ ਚੰਦਰ ਕੇ ਆਗੇ ਅਪਨਾ ਮਾਥਾ ਤੇ ਝੁਕਾਇ ਦੀਆ । ਹੇ ਮਹਾਰਾਜ ਯੱਗ ਹੂਆ ਨਾ ਪੂਰਨ ਸਾਰਾ ਹਾਲ ਸੁਨਾਇ ਦੀਆ ।।

ਦੋਹਿਰਾ:

ਇਤਨੀ ਕ੍ਰਿਪਾ ਕੀਜਿਏ ਦੁਖਿਓ ਕੇ ਰਛਪਾਲ। ਸਰਨਾਗਤੋਂ ਕੀ ਰਾਖੀਏ ਲੱਜਾ ਦੀਨ ਦਿਆਲ ।।

ਛੰਦ :

ਚਿੰਤਾ ਨਾ ਕਰੋ ਧੀਰਜ ਧਰ ਲੈ, ਸਭ ਕਾਮ ਸ਼ੁੱਧ ਹੋ ਜਾਵੇਂਗੇ । ਇਕ ਮਹਾਂਰਿਸ਼ੀ ਨਹੀਂ ਆਇਆ, ਯੱਗ ਮੇਂ ਉਸ ਕੋ ਜਬੀ ਬੋਲਾਵੇਗੇ।। ਹੈ ਬਾਲਮੀਕ ਜੀ ਨਾਮ ਉਨੋਕਾ, ਜਾਤੀ ਤਰਫ਼ ਨਾ ਧਿਆਨ ਕਰੋ। ਹੋ ਜਿਸ ਤਰਾਂ ਸੋ ਲਿਆਵੋ ਉਨਕੋ, ਆਦਰ ਬਹੁ ਸਨਮਾਨ ਕਰੋ ।। ਯੱਗ ਸੰਪੂਰਨ ਹੋ ਜਾਵੇਗਾ, ਦਿਲ ਮੇਂ ਫਿਕਰ ਕੁੱਛ ਕਰੋ ਨਹੀਂ । ਐ ਰਾਜਾ ਯੁਧਿਸ਼ਟਰ ਹਮ ਕਹਤੇ ਹੈਂ, ਨੈਨੋ ਮੇਂ ਜਲ ਭਰੋ ਨਹੀ।

ਦੋਹਿਰਾ :

ਜਿਹ ਸੁਨ ਕਰਕੇ ਹੋ ਗਿਆ ਰਾਜਾ ਖੁਸ਼ ਆਪਾਰ। ਜਿਸਕੇ ਮਨ ਆਨੰਦ ਕਾ ਕੁਛ ਨਾ ਪਾਰਾਵਾਰ ।। ਰਾਜਾ ਜੀ ਫਰਮਾਂਵਦੇ ਭੀਮ ਔਂ ਅਰਜਨ ਬੁਲਾਇ । ਬਾਲਮੀਕ ਕੋ ਲਿਆਵਨਾ ਪ੍ਰੇਮ ਸੇ ਜੈਸੇ ਆਇ ।। ਭੀਮ ਔਰ ਅਰਜੁਨ ਹੁਕਮ ਮੰਨ ਫੌਰਨ ਹੂਏ ਤਿਆਰ । ਨਮਸਕਾਰ ਕਰ ਚਰਨ ਮੇਂ ਮਨ ਮੇਂ ਕਰਨ ਵਿਚਾਰ ।।

ਛੰਦ:

ਜਿਸ ਤਰਾਂ ਵੀ ਹੋਵੇ ਬਾਲਮੀਕ ਕੋ, ਮਿੰਨਤ ਕਰਕੇ ਲਿਆਵੇਗੇ । ਭਰਾਤਾ ਜੀ ਕਾ ਹੁਕਮ ਜੋ ਹੂਆ, ਕਰ ਤਾਮੀਲ ਸੁੱਖ ਪਾਵਾਂਗੇ ।। ਦਰਸ਼ਨ ਜਾ ਕਰ ਕੀਆ ਰਿਸ਼ੀ ਦਾ, ਚਰਨੋ ਸੀਸ ਝੁਕਾਇਆ ਹੈ। ਯੱਗ ਸੰਪੂਰਨ ਕਰੋ ਰਿਸ਼ੀ ਜੀ, ਰਾਜਾ ਨੇ ਫੁਰਮਾਇਆ ਹੈ।। ਏਕ ਦਫਾ ਚਲ ਦਰਸਨ ਦਿਓ, ਬੇਨਤੀ ਇਹ ਕਬੂਲ ਕਰੋ। ਚਿੰਤਾ ਹਮਰੇ ਦਿਲ ਮੇਂ ਭਾਰੀ, ਕ੍ਰਿਪਾ ਕਰ ਸਭ ਦੂਰ ਕਰੋ ।।

ਦੋਹਿਰਾ :

ਨੀਚੀ ਮੇਰੀ ਜਾਤ ਹੈ ਕਿਆ ਮੁਝ ਕੋ ਅਧਿਕਾਰ ।।

ਕਿਸੀ ਸੇ ਮੇਰਾ ਤਨ ਛੂਏ ਕਰਤੇ ਬਹੁਤ ਵਿਚਾਰ ।।

ਛੰਦ:

ਪੱਗ ਸੰਪੂਰਨ ਤਬ ਹੋਵੈ ਜਬ ਮਹਾਂ ਪੁਰਸ ਕੋਈ ਚਲ ਆਵੈ। ਉੱਚੀ ਕੁੱਲ ਕੋਈ ਭਗਤੀ ਵਾਲਾ ਅਪਨੇ ਚਰਨ ਮਹਿਲੋ ਮੇ ਪਾਵੈ ।। ਮੈਂ ਨੀਚ ਜਾਤ ਤੁਮ ਜਾਨਤ ਹੈ, ਰਾਜ ਮਹਿਲ ਕੀ ਸੇਵ ਕਰਾਂ। ਦੇਖੋ ਤੋਂ ਮੇਰੀ ਕਿਰਤ ਹੈ ਕੈਸੀ, ਕੂੜਾ ਸਾਫ਼ ਕਰ ਉਦਰ ਭਰਾ ।। ਆਪਕੇ ਰਾਜ ਮੇਂ ਬਸਤਾਂ ਹੂੰ, ਪਰ ਇਹ ਕਹਿਨਾ ਨਹੀਂ ਮਾਂਨੂੰਗਾ । ਬੇਸ਼ਕ ਰਾਜਾ ਕੋਪ ਕਰੋ ਮੈਂ ਅਪਨਾ ਭਲਾ ਹੀ ਜਾਨੂੰਗਾ ।।

ਚੌਪਈ:

ਮੁਝ ਪਰ ਰਾਜਾ ਕੋਪ ਕਰਾਵੈ ।। ਦੇਸ ਛੋੜ ਹਮ ਕਹੀ ਕੋ ਜਾਵੇ ।।ਭਗਵਨ ਮੁਝ ਕੋ ਬਿਦਤ ਕਰਾਤੇ ।। ਇਤਨਾ ਮਾਨ ਨਹੀ ਹਮ ਚਾਹਤੇ ।।

ਭਗਤ ਮਾਲ ਸੰਗੀਤ- 14

ਸਭ ਸੇ ਨੀਚੀ ਜਾਤ ਹਮਾਰੀ ।। ਛੱਜ ਛਾਨਣੀ ਕਰਤੇ ਤਿਆਰੀ ।। ਮੇਰੇ ਗਏ ਤੇ ਯੱਗ ਕੀ ਹਾਨੀ ।। ਹੋ ਸੰਪੂਰਨ ਕਹਾਂ ਸੋ ਠਾਨੀ ।।

ਦੋਹਿਰਾ : ਸੁਨ ਕਰ ਅਰਜੁਨ ਭੀਮ ਨੇ ਦੋਨੇ ਜੋੜੇ ਹਾਥ ।। ਰਿਸ਼ੀ ਜੀ ਕ੍ਰਿਪਾ ਕੀਜੀਏ ਚਲੋ ਹਮਾਰੇ ਸਾਥ ।।

ਦੋਹਿਰਾ: ਹੇ ਸੁਆਮੀ ਜੀ ਦਇਆ ਕਰੋ, ਜੋ ਸੰਤਨ ਕੀ ਰੀਤ ।। ਪਰ ਉਪਕਾਰ ਕਮਾਂਵਦੇ ਸਭ ਸੇ ਕਰਦੇ ਪ੍ਰੀਤ ।।

ਛੰਦ:

ਹੈ ਸੰਤ ਸਦਾ ਦਿਆਲ ਮੂਰਤੀ ਸ਼ੁਭ ਕੰਮ ਸੀਸ ਪਰ ਧਰਤੇ ਹੈਂ ।। ਚਾਹੇ ਕਿਤਨੀ ਕੋਈ ਤਕਲੀਫ਼ ਦੇਵੇ ਤਕਲੀਫ਼ ਸੋ ਨਹੀ ਡਰਤੇ ਹੈਂ ।। ਅਪਨੀ ਜਾਨ ਤਾਂ ਚਲੀ ਜਾਵੇ ਪਰ ਕਾਮ ਪਰਾਇਆ ਕਰਤੇ ਹੈ ।। ਚਾਹੇ ਬੁਰੀ ਕਰੋ ਕੋਈ ਦਿਲ ਲਾ ਕੇ, ਇਹ ਸਭ ਦੀ ਬਿਪਤਾ ਹਰਤੇ ਹੈ।। ਕਿਸੀ ਕੇ ਔਗੁਣ ਨਾ ਦੇਖ ਗੁਣ ਕਰਨਾ ਇਨਕੀ ਸਰਤੋਂ ਹੈ ।। ਕਿਸੀ ਸੰਗ ਵੈਰ ਨਹੀ ਹੋਤਾ ਹੈ ਸਭ ਕੇ ਹਿਤ ਮੇਂ ਅਤੀ ਬਰਤੇ ਹੈਂ ।। ਦਾਗੀਜ਼ ਰਿਸ਼ੀ ਵੱਲ ਖਿਆਲ ਕਰੋ ਪਰ ਕੰਮ ਕੇ ਹਿੱਤ ਪਰ ਮਰਤੇ ਹੈਂ ।। ਸਭ ਮੇਂ ਪਰਮਾਤਮਾ ਦੇਖਤੇ ਹੈ ਜੋ ਜੀਵ ਜੰਤ ਔਰ ਨਰ ਹੈ।।

ਦੋਹਿਰਾ: ਉਪਕਾਰੀ ਪਿਆਰੀ ਗਿਰਾ ਕਰੇ ਅਕਿਰਤ ਪ੍ਰੀਤ,ਸੰਤਨ ਇਹੋ ਸੁਭਾਵ ਹੈ ਸਸ ਸੀਤਲ ਕੀਤ ।।

ਦੋਹਿਰਾ: ਭੀਮ ਅਰਜੁਨ ਕੀ ਬੇਨਤੀ ਸੁਨ ਕਰ ਹੂਏ ਦਿਆਲ, ਆਵੇਗੇ ਹਮ ਕਲ ਕੋ ਚਲੇ ਨ ਤੁਮਰੇ ਸਾਥ ।।

ਦੋਹਿਰਾ :ਖੁਸੀ ਸੁਨੇਗਾ ਆਨ ਕੇ ਪ੍ਰਭੂ ਤੋਂ ਦਿਆ ਸੁਨਾਏ, ਕ੍ਰਿਪਾ ਹੋ ਗਈ ਅਪਕੀ ਸੁਬੇਰ ਰਿਸ਼ੀ ਆ ਜਾਏ ।।

ਛੰਦ : ਦਰੋਪਤਾ ਕੋ ਤਬ ਹੁਕਮ ਦੀਆ ਭੋਜਨ ਸੁਬਹ ਤਿਆਰ ਕਰੋ। ਕਈ ਤਰਾਂ ਦੇ ਖਾਣੇ ਸੁੰਦਰ ਜਿਨ ਕਾ ਰਸ ਅਪਾਰ ਧਰੋ ।। ਬਨਾਇਓ ਭੋਜਨ ਸ਼ੁਧ ਮਨ ਹੋ ਕੇ ਭਗਤ ਜੀ ਆਕਰ ਖਾਵੇਗੇ । ਜੇਕਰ ਫੁਰੋ ਗਿਲਾਨੀ ਕੋਈ ਅਧੂਰੇ ਕੰਮ ਰਹਿ ਜਾਵੇਗੇ ।।

ਦੋਹਿਰਾ : ਆਪ ਕ੍ਰਿਸ਼ਨ ਭਗਵਾਨ ਜੀ, ਸਭ ਕੁਛ ਕਹਾ ਸਮਝਾਇ । ਚੌਕਸ ਹੋ ਕਰ ਕਰੋ ਕਾਜ ਦਿਲ ਮੇਂ ਕੁਛ ਨਾ ਲਿਆਇ ।।

ਚੌਪਈ :

ਸੁਬਹ ਹੋਈ ਰਿਸ਼ੀ ਧਿਆਨ ਲਗਾਇਆ।। ਨਿਤਨੇਮ ਕਰ ਪ੍ਰੇਮ ਬਧਾਇਆ ।। ਬਾਲਮੀਕ ਜੀ ਹੂਏ ਤਿਆਰ ।। ਪਹੁੰਚ ਗਏ ਰਾਜ ਦਰਬਾਰ ।। ਕ੍ਰਿਸ਼ਨ ਕ੍ਰਿਸਨ ਕਾ ਜਪ ਰਹੇ ਨਾਮ ।। ਦਿਲ ਮੇਂ ਕੋਈ ਚੀਜ ਨਾ ਆਮ ।। ਪ੍ਰਭੂ ਨੇ ਦੇਖਾ ਭਗਤ ਜੀ ਆਏ ।। ਉਠ ਕਰ ਆਪ ਜੋ ਲੇਨੇ ਆਏ ।। ਚਰਨ ਧੋਏ ਆਸੰਨ ਬਿਠਲਾਏ ।। ਥਾਲ ਪਰੋਸ ਕੇ ਰਾਜਾ ਲਿਆਏ ।। ਭਗਤ ਜੀ ਭੋਜਨ ਕੰਠੇ ਕੀਨੇ ।। ਭੋਗ ਲਗਾਓ ਸਭੀ ਛੱਕ ਲੀਨੇ ।। ਮੰਦ - ਮੰਦ ਧੁਨ ਸੰਖ ਕੀ ਹੋਈ ।। ਰਿਸੀ ਚਲੇ ਗਏ ਕਰ ਰਸੋਈ ।। ਜਿਧਸਟਰ ਜੀ ਹੋਏ ਉਦਾਸ ।। ਪੂਰੀ ਹੋਈ ਨਾ ਉਨਕੀ ਆਸ ।। ਹੇ ਮਹਾਂਰਾਜ ਇਹ ਵਿਘਨ ਕੀ ਐਸ਼।। ਜਿਸ ਕਰ ਵਿਜਿਆ ਨਹੀ ਸ਼ੰਖ ।। ਭਗਵਨ ਅਪਨੇ ਮੁਖੋ ਫੁਰਮਾਉਂਦੇ।। ਐ ਨਰਿਪ ਜੀ ਤੁਮ ਕਿਉਂ ਘਬਰਾਉਂਦੇ ।। ਭਗਤ ਕੇ ਉੱਪਰ ਕਰੀ ਗਲਾਨੀ ।। ਪੁਛ ਲਵੋ ਤੁਮ ਦਰੋਪਤਾ ਰਾਨੀ ।। ਤਬ ਰਾਜਾ ਨੇ ਪੂਛਨ ਕੀਆ। ਸਾਫ ਸਾਫ਼ ਰਾਨੀ ਕਿਹ ਦੀਆ ।।



ਮੇਰੇ ਦਿਲ ਮੇਂ ਸੀ ਇਹ ਆਈ ।। ਜਾਤ ਸੁਭਾਉ ਕਬੀ ਨਾ ਜਾਈ ।। ਬੜੇ ਪਦਾਰਥ ਸੁੰਦਰ ਕੀਨੇ।। ਖੱਟੇ ਮੀਠੇ ਜੋ ਰਸ ਭੀਨੇ ।। ਸਭ ਤੋਂ ਇਕ ਥਾਂ ਲੀਆ ਰਲਾਏ ।। ਕੀ ਸੁਆਦ ਰਸਾਂ ਦੇ ਪਾਏ ।। ਪਤਲੋਂ ਕੀ ਜੂਠ ਖਾਨੇ ਹਾਰਾ ।। ਕੀ ਜਾਨੇ ਇਹ ਸੁਆਦ ਵਿਚਾਰਾ ।। ਮਹਾਰਾਜ ਮੈਂ ਸੱਚ ਬਤਲਾਇਆ ।। ਮੁਆਫ ਕਰੋ ਮੈਂ ਬੁਰਾ ਕਮਾਇਆ ।।

ਦੋਹਿਰਾ:

ਨਰਿਪ ਜੀ ਕੋ ਕਹਿਨੇ ਲਗੇ, ਕ੍ਰਿਪਾ ਕੇ ਜੋ ਨਿਧਾਨ ।। ਪੁਨਾ ਰਿਸ਼ੀ ਕੋ ਲੈ ਆਉ, ਹੋ ਕੇ ਨਿਰ ਅਭਿਮਾਨ ।।

ਛੰਦ :

ਤੱਤ ਬੇਤਾ ਜੋ ਸੰਤ ਮਹਾਤਮਾ ਵੇਦ ਵੀ ਜਸ ਪਏ ਗਾਤੇ ਹੈ। ਰਾਤ ਦਿਨੇ ਮੈਂ ਫਿਰਾਂ ਢੂੰਢਤਾ ਤਬ ਹੀ ਦਰਸ਼ ਦਿਖਾਤੇ ਹੈ ।। ਮੈ ਜੋ ਸਭ ਕਾ ਪੂਜਯ ਹੂਆ ਹੂ, ਇਹ ਪ੍ਰਤਾਪ ਹੈ ਸੰਤੋਂ ਕਾ। ਐਸੇ ਸੰਤੋਂ ਕੀ ਧੂਰ ਮਿਲੇ ਤੋ ਪਾਪ ਦੂਰ ਹੈ ਜੰਤੋਂ ਕਾ ।। ਜਾਤੀ ਮੁਝ ਕੋ ਨਹੀ ਪਿਆਰੀ ਮੈਂ ਹੂੰ ਪ੍ਰੇਮ ਕੇ ਹੋਤਾ ਵੱਸ। ਜੋ ਕੋਈ ਪ੍ਰੇਮ ਸੇ ਮੁਝ ਕੋ ਸੇਵੇ ਮੈਂ ਜਾਤਾ ਹੂੰ ਉਹਾਂ

ਕੋ ਹੱਸ ।। ਬਾਲਮੀਕ ਜੀ ਤੱਤ ਗਿਆਨੀ ਜਾਤ ਕੀ ਤਰਫ਼ ਨਾ ਧਿਆਨ ਕਰੋ। ਐ ਨਰਿਪ ਰਿਸ਼ੀ ਕੋ ਲੈ ਆਵੋ ਰਾਜ ਕਾ ਨਾ ਅਭਿਮਾਨ ਕਰੋ ।।

ਦੋਹਿਰਾ : ਕੋਲ ਰਿਸ਼ੀ ਦੇ ਜਾਵਦੇ ਯੁਧਿਸ਼ਟਰ ਜੀ ਆਪ । ਕਿਰਪਾ ਕਰਕੇ ਫਿਰ ਚਲੋ ਸੁਧ ਹੋ ਮੇਰਾ ਕਾਜ ।। ਹਾਥ ਜੋੜ ਕੇ ਰਿਸ਼ੀ ਜੀ ਕਹਿਤੇ ਬਚਨ ਪੁਕਾਰ । ਇਤਨੇ ਤੁਮ ਨਿਰਮਾਨ ਹੋ ਆਏ ਨੀਚ ਕੇ ਦੁਆਰ ।।

ਛੰਦ:

ਹੇ ਮਹਾਰਾਜ ਕਿਉਂ ਖੇਚਲ ਕੀਤੀ ਆਪ ਜੋ ਚਲ ਕਰ ਆਏ ਹੈ। ਅਪਨੀ ਪ੍ਰਭਤਾ ਕੋ ਤਿਆਗ ਦੀਆ ਚਰਨ ਮੇਰੇ ਗ੍ਰਹਿ ਪਾਏ ਹੈ ।। ਚਲੋ ਆਪ ਹੁਣ ਮਹਿਲੋਂ ਕੋ, ਮੈਂ ਕੱਲ ਸੁਬਹ ਹੀ ਆਵਾਂਗਾ । ਸ੍ਰੀ ਕ੍ਰਿਸ਼ਨ ਭਗਵਾਨ ਜੀ ਕੇ ਮੈਂ ਆਕਰ ਦਰਸ਼ਨ ਪਾਵਾਂਗਾ ।। ਨਰਿਪ ਜੀ ਬੋਲੇ ਸੁਨੋਂ ਰਿਸ਼ੀ ਜੀ, ਸਾਥ ਹੀ ਤੁਝੇ ਲੇ ਜਾਨਾ ਹੈ । ਕ੍ਰਿਪਾ ਕਰੋ ਤੇ ਸਾਥ ਚਲੋ ਤਬ ਹੀ ਮਨ ਪਤਿਆਨਾ ਹੈ ।। ਨਰਿਪ ਜੀ ਕਾ ਜਬ ਵਾਕ ਸੁਨਾ ਤਬ ਬਾਲਮੀਕ ਜੀ ਜਾਣ ਲਗੇ । ਕ੍ਰਿਸ਼ਨ ਕ੍ਰਿਸਨ ਕਾ ਨਾਮ ਹੈ ਰਟਤੇ ਮਹਿਲੀ ਚਰਨ ਜਾ ਪਾਣ ਲਗੇ ।। ਮੁਰਲੀ ਵਾਲੇ ਦਾ ਦਰਸ਼ਨ ਕੀਆ ਪ੍ਰੇਮ ਸੇ ਸੀਸ ਝੁਕਾਇਆ ਹੈ। ਪ੍ਰਭੂ ਜੀ ਬੜੇ ਪਿਆਰ ਸੇ ਅਪਨੇ ਗਲੇ ਲਗਾਇਆ ਹੈ ।। ਪ੍ਰੇਮ ਮਗਨ ਫਿਰ ਹੁਏ ਰਿਸ਼ੀ ਜੀ ਮੁੱਖ ਸੇ ਉਸਤਤ ਗਾਤੇ ਹੈਂ। ਹੇ ਭਗਵਨ ਤੂੰ ਹੈ ਬੇਅੰਤ ਜੋ ਅੰਤ ਨਾ ਕੋਈ ਪਾਤੇ ਹੈਂ ।।

ਭਗਤ ਮਾਲ ਸੰਗੀਤ -16

ਭਜਨ

ਟੇਕ:

ਅੱਜ ਭਾਗ ਭਰਾ ਦਿਨ ਆਇਆ ਹੈ, ਮੁਰਲੀ ਵਾਲੇ ਦਾ ਦਰਸ਼ਨ ਪਾਇਆ ਹੈ ... ਹੇ ਬੱਸੀ ਵਾਲਿਆ ਸ਼ਾਮਾ ਕਿਸ ਮੁਖ ਸੇ ਜਸ ਮੈਂ ਗਾਵਾ ਸ਼ੇਸ਼ਨਾਗ ਨੇ ਅੰਤ ਨਾ ਪਾਇਆ ਹੈ ਅੱਜ....

ਤੁਮ ਭਗਤਨ ਕੇ ਹਿਤਕਾਰੀ ਹੈ ਆਪ ਨੇ ਦੁਨੀਆ ਤਾਰੀ ਦੁਸ਼ਟਾ ਦਾ ਨਾਸ਼ ਕਰਾਇਆ ਹੈ ਅੱਜ.....

ਹੈ ਸੂਰਤ ਆਪ ਕੀ ਪਿਆਰੀ ਐ ਮੋਰ ਮੁਕਟ ਗਿਰਧਾਰੀ ਭਗਤਾ ਦਾ ਤੇਜ ਵਧਾਇਆ ਹੈ ਅੱਜ..... ਭਗਤੋਂ ਕੋ ਮਾਨ ਦਿਵਾਤੇ ਹੈ ਵਿੱਚ ਜੰਗ ਦੇ ਰੋਸ਼ਨ ਕਰਾਤੇ ਹੈ ਇਹ ਦਾਸਨ ਦਾਸ ਨੇ ਗਾਇਆ ਹੈ ਅੱਜ.....

ਦੋਹਿਰਾ:

ਆਦਰ ਕੀਆ ਰਿਸ਼ੀ ਕਾ ਬਹੁਤਾ ਪ੍ਰੇਮ ਬਧਾਇ ।। ਹੇ ਰਾਜਨ ਅਬ ਰਿਸ਼ੀ ਕੋ ਭੋਜਨ ਦੀਓ ਛਕਾਇ ।।

ਚੋਪਈ:

ਸੁੰਦਰ ਆਸਨ ਦੀਏ ਬਿਛਾਇ ।। ਚੋਂਕੇ ਮੇਂ ਦੀਏ ਰਿਸ਼ੀ ਬਿਠਾਇ ।। ਸੁੰਦਰ ਭੋਜਨ ਥਾਲ ਧਰਾਇਆ।। ਕੰਠੇ ਕਰ ਰਿਸ਼ੀ ਭੋਗ ਲਗਾਇਆ ।। ਤਬ ਭਗਵਾਨ ਜੀ ਬੋਲਤ ਭਏ ।। ਸਭੀ ਪਦਾਰਥ ਕੱਠੇ ਕੀਏ ।। ਸਭ ਕੋ ਜੋ ਹੈ ਕੱਠੇ ਕੀਨਾ ।। ਭਿੰਨ ਭਿੰਨ ਰਸ ਕਿਉਂ ਨਹੀਂ ਲੀਨਾ ।। ਸੁਨਕਰ ਰਿਸ਼ੀ ਨੇ ਅਰਜ ਗੁਜਾਰੀ ।। ਭੋਗ ਲਗਾਇਆ ਤੁਝੇ

ਮੁਰਾਰੀ ।। ਖਾਣੇ ਹੁਏ ਅੱਜ ਘਨੇ ਤਿਆਰ ।। ਪਤਾ ਨ ਕਿਸ ਮੇਂ ਕਰੋ ਪਿਆਰ ।। ਇਹੋ ਸਮਝ ਕਰ ਕੱਠੇ ਕੀਨੇ ।। ਸਭੀ ਆਪਕੋ ਅਰਪਨ ਕੀਨੇ ।। ਖੱਟਾ ਮਿੱਠਾ ਜੋ ਤੁਮ ਚਾਹੋ।। ਸਭ ਧਰ ਦੀਏ ਮਰਜੀ ਖਾਵੈ ।। ਸੁਨਕਰ ਰਾਜਾ ਹੁਆ ਹੈਰਾਨ।। ਧੰਨ ਭਗਤ ਹੈ ਧੰਨ ਭਗਵਾਨ ।। ਰਿਸ਼ੀ ਜੀ ਲਗੇ ਕਰਨ ਰਸੋਈ ।। ਕਿਸ਼ੀ ਕੇ ਮਨ ਗਲਾਨਿ ਨਾ ਹੋਈ ।। ਜਿਉ ਜਿਉ ਗਰਾਸ ਮੁੱਖ ਅਪਨੇ ਪਾਵੇ ।। ਉੱਚੀ ਸੁਰ ਜੋ ਸੰਖ ਦੀ ਆਵੈ ।। ਯੱਗ ਸੰਪੂਰਨ ਹੋ ਗਿਆ ਭਾਰੀ।। ਜੈ ਜੈ ਕਾਰ ਕਰੇ ਨਰ ਨਾਰੀ ।। ਇਹ ਹੈ ਨਾਮ ਕੀ ਮਹਿਮਾ ਭਾਰੀ ।। ਜਾਤ ਕੋ ਪੁਛੇ ਨਹੀਂ ਮੁਰਾਰੀ ।।

ਗੁਰਬਾਣੀ: ਜਾਤ ਪਾਤ ਪੂਛੈ ਨਾ ਕੋਇ।। ਰਰਿ ਕੋ ਭਜੇ ਸੋ ਹਰਿ ਹੀ ਹੋਇ ।। ਊਆ ਤੇ ਉੱਤਮ ਗਨਉ ਚੰਡਾਲਾ ।। ਨਾਨਕ ਜਿਹ ਮਨਿ ਬਸਹਿ ਗੋਪਾਲਾ ।।

(ਪੰਨਾ ੨੫੩)

ਨਾਮ ਤੁਲਿ ਕਛੁ ਅਵਰੁ ਨ ਹੋਇ ।। ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ।।੮।।੨।।(ਸ੍ਰੀ ਸੁਖਮਨੀ ਸਾਹਿਬ )

ਭਗਤ ਮਾਲ ਸੰਗੀਤ - 17

ਭਜਨ

ਟੇਕ:

ਜਪੇ ਮਨ ਨਾਮ ਈਸਵਰ ਕਾ ,ਵੇ ਹੀ ਮੁਕਤੀ ਕਾ ਦਾਤਾ ਹੈ.... ਵੇ ਹੀ ਪਾਲਨ ਕਰੋ ਸਭਕਾ ਵੋ ਹੀ ਸਭ ਕਾ ਵਿਧਾਤਾ ਹੈ.... ਸਿਵਾ ਉਸਕੇ ਨਹੀ ਤੇਰਾ ਕੋਈ ਭੀ ਯਾਰ ਹੈ ਜੰਗ ਮੇਂ ਨਾ ਬੇਟਾ ਹੈ....

ਨਾ ਪੋਤਾ ਹੈ ਨਾ ਬੰਧੂ ਹੈ ਨਾ ਮਾਤਾ ਹੈ......

ਕਰੇ ਅਭਿਮਾਨ ਕਿਉ ਧਨ ਕਾ, ਨਾ ਤੇਰੇ ਸਾਥ ਜਾਵੇਗਾ ਨਾ ਜਾਵੇ ਸਾਥ ਰੱਥ ਹਾਥੀ ਧਰਮ ਹੀ ਸਾਥ ਜਾਤਾ ਹੈ....

ਪੜਾ ਕਿਉਂ ਨੀਂਦ ਮੇਂ ਗਾਫਲ ਭੌਰ ਅਬ ਹੋਨੇ ਵਾਲੀ ਹੈ ਸੰਭਲ ਕਰ ਬਾਧ ਨੇ ਬਿਸਤਰ ਅਭੀ ਵੈ ਕਾਲ ਆਤਾ ਹੈ...

ਸਤਾ ਮਤ ਬੇਗੁਨਾਹੋ ਕੋ ਦੁਖਾ ਮਤ ਚਿੱਤ ਤੂੰ ਦੀਨੋ ਕਾ ਨਾ ਸੁਖ ਪਾਵੇ ਕਭੀ ਵੋ ਭੀ ਕਿਸੀ ਕੋ ਜੋ ਦੁਖਾਤਾ ਹੈ....

ਸ਼ੁਕਰ ਕਰ ਐ ਮਨ ਪ੍ਰਭੂ ਕਾ, ਵਜਾ ਲੇ ਹੁਕਮ ਤੂੰ ਦਿਲ ਸੋ ਪ੍ਰਭੂ ਮੁਕਤੀ ਕਾ ਦਾਤਾ ਹੈ, ਪ੍ਰਭੂ ਸਭ ਕਾ ਵਿਧਾਤਾ ਹੈ....

ਚੌਪਈ:

ਪੂਰਾ ਹੂਆ ਇਹ ਅਧਿਆਇ ।। ਗੁਰੂ ਚਰਨੀ ਦੀਆ ਸੀਸ ਝੁਕਾਇ ।। ਭੂਲ ਚੂਕ ਸਭ ਬਖਸੋ ਮੇਰੀ ।। ਸਤਿਗੁਰ ਜੀ ਮੈ ਸਰਨੀ ਤੇਰੀ ।। ਪੜ੍ਹੇ ਸੁਣੇ ਜੋ ਪ੍ਰੇਮ ਸੇ ਅਧਿਆਇ ।। ਪਾਪ ਸਭੀ ਉਸਕੇ ਮਿਟ ਜਾਇ।। ਨਾਮ ਕੀ ਮਿਹੰਮਾ ਅਪਰਮ - ਅਪਾਰ ।। ਬੋਲੋ ਸਾਰੇ ਸਿਤ ਕਰਤਾਰ ।।

ਗੁਰਬਾਣੀ :

ਪਤ ਰਾਖੀ ਗੁਰੂ ਪਾਰਬ੍ਰਹਮ ਤਜ ਪ੍ਰਪੰਚ ਮੋਹ ਬਿਕਾਰ ॥ ਨਾਨਕ ਸੋਈ ਆਰਾਧੀਐ ਜਾ ਕਾ ਅੰਤ ਨਾ ਪਾਰਾਵਾਰ ॥ [ਗੁਰਬਾਣੀ ਪੰਨਾ ੨੫੮)

**ਇਤ ਸ੍ਰੀ ਭਗਤ ਮਾਲ ਸੰਗੀਤ ਬਾਲਮੀਕ ਦੀ ਸਾਖੀ ਵਰਣਨੰ ਨਾਮ ਤ੍ਰਿਤੀਯੋ ਅਧਿਆਇ ਸਮਾਪਤਮ ॥ ੩ ॥ ਸਿਤ ਕਰਤਾਰ**

ਭਗਤ ਮਾਲ ਸੰਗੀਤ_18

ੴ ਸਤਿਗੁਰ ਪ੍ਰਸਾਦਿ ॥

**ਅਥ ਧ੍ਰੂ ਜੀ ਦਾ ਪ੍ਰਸੰਗ - 4**

ਸਲੋਕ ॥ ਧਰਿ ਜੀਅਰੇ ਇਕ ਟੇਕ ਤੂੰ, ਲਾਹਿ ਬਿਡਾਨੀ ਆਸ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥ ( ਗੁਰਬਾਣੀ ਪੰਨਾ ੨੫੭)

ਸਲੋਕ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥

ਦੋਹਿਰਾ : ਨਮਸਕਾਰ ਗੁਰਦੇਵ ਕੋ ਕਰਤਾ ਹੂੰ ਚਿੱਤ ਲਾਇ। ਧ੍ਰੂ ਜੀ ਕਾ ਪ੍ਰਸੰਗ ਜੋ ਨਿਜ ਮਨ ਕਹਾ ਸੁਨਾਇ ॥

ਗੁਰਬਾਣੀ :

" ਧ੍ਰੂ ਕੋ ਮਿਲਿਆ ਹਰਿ ਨਿਸੰਗ "

ਭਾਈ ਗੁਰਦਾਸ ਜੀ :

ਵਾਰ ੧੦ ਪਉੜੀ ੧

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜ ਲੀਤਾ । ਬਾਹੋਂ ਪਕੜਿ ਉਠਾਲਿਆ ਮਨ ਵਿੱਚ ਰੋਸ ਮਤੇਈ ਕੀਤਾ ॥

ਦੋਹਿਰਾ: ਸੰਭੁਮਾਨ ਕੀ ਕੁਲ ਵਿਖੇ, ਉਤਾਨਪਾਦ ਮਹਾਰਾਜ । ਤੇਜ ਜਗਤ ਮੇਂ ਛਾਇਓ, ਸਿਰ ਪਰ ਸੋਹੇ ਤਾਜ ॥ ਗ੍ਰਿਹਿ ਉਨ ਕੇ ਬਿਬਰਾਨੀਆ ਏਕ ਸੁਨੀਤਿ ਪਛਾਨ। ਦੂਜੀ ਨਾਮ ਸਰੁੱਚੀ ਥਾਂ, ਅਦਭੁਤ ਰੂਪ ਮਹਾਨ ॥ ਸਰੁੱਚੀ

ਨੇ ਪੁੱਤਰ ਜਾਇਆ, ਉਤਮ ਰਾਖਾ ਨਾਮ । ਨਰਿਪ ਖੁਸ਼ੀਆਂ ਮਨਾਵਦਾ ਬਾਂਟ ਦੀਏ ਬਹੁ ਦਾਮ ।। ਸੁਨੀਤਿ ਦੇ ਪੇਟੋ ਧ੍ਰੂ ਜੀ ਜਨਮੇ ਸਰਬ ਗੁਣੋ ਕੀ ਖਾਨ। ਅਦਭੁੱਤ ਰੂਪ ਮਹਾਨ ਥਾਂ ਹੋਤਾ ਨਹੀ ਬਿਆਨ ।।

ਛੰਦ : ਪਿਛਲੇ ਜਨਮ ਕੀ ਭਗਤ ਕਰੀ ਜੋ ਈਸਵਰ ਸਕਤੀ ਛਾਈ ਹੁਈ ਹੈ । ਨਾਮ ਕਾ ਬੀਜ ਨਹੀ ਪਲਟੇ ਬਾਤ ਵੇਦ ਮੇਂ ਗਾਈ ਹੁਈ ਹੈ ।। ਸੁੰਦਰ ਰੂਪ ਭੀ ਹੂਆ ਸਰੁੱਚੀ ਕਾ ਰੰਭਾ ਕੇ ਸਮਾਨ ਹੋਈ ।। ਸਭ ਅੰਗੋਂਕਰ ਮਹਾਂ ਚੰਚਲ ਥੀ, ਉਮਰ ਵੀ ਨੌਜਵਾਨ ਹੋਈ ।। ਇਸੀ ਲੀਏ ਸਰੁੱਚੀ ਰਾਣੀ ਸੋ ਰਾਜਾ ਪਿਆਰ ਬਹੁ ਕਰਤਾ ਥਾ । ਵਸੀਭੂਤ ਉਸ ਕੇ ਹੁਆ ਜੋ ਕਹੋ ਸੋ ਮਨ ਮੇਂ ਧਰਤਾ ਥਾ । ਸੁਨੀਤਿ ਵਿਚਾਰੀ ਬੂੰਦੀ ਥੀ ਸੁਧਾ ਸੁਭਾਓ ਤੇ ਨਿਰਛਲ ਥੀ। ਪਰ ਪੁੱਤਰ ਧ੍ਰੂ ਜੀ ਜਨਮੇ ਥੇ ਇਸ ਮੇਂ ਇਹ ਭਾਰੀ ਬਲ ਸੀ ।। ਇਕ ਦਿਨ ਧ੍ਰੂ ਜੀ ਖੇਲਤੇ ਹੁਏ ਰਾਜਾ ਕੇ ਨਜਦੀਕ ਆਏ। ਹਸਤੇ ਹਸਤੇ ਬਹੁਤ ਪਿਆਰ ਸੇ ਨਰਿਪ ਕੀ ਗੋਦ ਮੇ ਸਮਾਏ ।। ਰਾਜਾ ਵੀ ਪ੍ਰਸੰਨ ਹੁਏ ਜਿਆਦਾ ਖੁਸ਼ੀ ਮਨਾਤੇ ਹੈ ।

ਭਗਤ ਮਾਲ ਸੰਗੀਤ -19

ਧ੍ਰੂ ਜੀ ਗੋਦ ਮੇਂ ਬੈਠ ਰਹੇ ਹੈਂ, ਬੜੀ ਹੀ ਸੋਭਾ ਪਾਤੇ ਹੈ ।। ਸਰੁੱਚੀ ਨੇ ਆਕਰ ਜਬ ਹੀ ਦੇਖਾ, ਜਲ ਬਲ ਕੇ ਹੋ ਛਾਰ ਗਈ। ਐਸਾ ਦਿਲ ਕੱਟ ਗਿਆ ਰਾਨੀ ਦਾ ਜਿਉਂ ਸਾਬਣ ਨੂੰ ਤਾਰ ਪਈ ।। ਗੋਦ ਕੇ ਵਿਚੋਂ ਖਿੱਚ ਲਿਆ ਹੈ ਮੁੱਖ ਪੇ ਲੱਫੜ ਮਾਰ ਦੀਏ। ਗਾਲੇ ਉਪਰ ਨੀਲ ਪੜ ਗਏ ਕੌੜੇ ਬਚਨ ਉਚਾਰ ਦੀਏ ।। ਛੁੱਟੜ ਨਾਰ ਕਾ ਸੁਤ ਹੋ ਕਰਕੇ, ਨਰਿਪ ਕੀ ਗੋਦ ਮੇਂ ਬੈਠਾ ਆਨ। ਬੈਠਣ ਕੀ ਜੇ ਇੱਛਾ ਗੋਦ ਮੇਂ, ਉਂਦਰ ਮੇਰੇ ਹੋਤਾ ਪਰਵਾਨ । ਜਾ ਤੂ ਅਜੇ ਵੀ ਵੇਲਾ ਹੈ ਤਪ ਕਰ ਉਦਰ ਮੇਰੇ ਆਉ। ਰਾਜ ਕੇ ਲਾਇਕ ਤਬ ਤੂੰ ਹੋਵੇ ਜੇਕਰ ਮਨ ਮੇਂ ਹੈ ਚਾਉ ।। ਇਤਨੀ ਬਾਤ ਧ੍ਰੂ ਕੋ ਕਹਿ ਕਰ ਧੱਕਾ ਦੇਕਰ ਤੌਰ ਦੀਆ। ਰੋਤਾ ਹੁਆ ਆਇਆ ਮਾਤ ਪੈ ਪਾਚ ਬਰਸ ਕਾ ਜੋਰ ਕੀਆ ।।

ਭਜਨ

ਟੇਕ : ਫੜਕੇ ਜੀ ਬਾਹੋਂ ਧ੍ਰੁ ਨੂੰ ਗੋਦੀਓ ਉਤਾਰਿਆ ਜੋਰ ਨਾਲ ਲੱਫੜ ਇਕ ਮੁੱਖ ਉੱਤੇ ਮਾਰਿਆ.....

ਰਾਜਾ ਦੀ ਗੋਦ ਵਿੱਚ ਬੈਠਣਾ ਜੋ ਚਾਹਵਦਾ ਜੰਮਦਾ ਤੂੰ ਮੇਰੇ ਪੇਟੋ ਕੋਈ ਨਾ ਹਟਾਵਦਾ ਸੌਕਣ ਦੇ ਗ੍ਰਹਿ ਮੇਂ ਜਾ ਕੇ ਜਨਮ ਕਿਉ ਧਾਰਿਆ......

ਰਾਜਾ ਦੀ ਗੋਦ ਦਾ ਤੂੰ ਨਹੀਂ ਹੱਕਦਾਰ ਹੈ ਪੁੱਤਰ ਤੂੰ ਉਸ ਦਾ ਹੈ ਛੁੱਟੜ ਜੋ ਨਾਰ ਹੈ ਰਾਜ ਦਾ ਵੀ ਹਿੱਸਾ ਤੈਨੂੰ ਮਿਲੂ ਨਾ ਨਿਕਾਰਿਆ......

ਸੁਤ ਹੈ ਜੋ ਮੇਰਾ ਉੱਤਮ ਕਰਨਾ ਉਸ ਰਾਜ ਹੈ ਸਭ ਦਾ ਉਹ ਹੋਵੇ ਮਾਲਕ ਜਿਤਨਾ ਸਮਾਜ ਹੈ ਜੰਮ ਕੇ ਸੁਨੀਤਿ ਦੇ ਤੂੰ ਕੀ ਕੰਮ ਸਾਰਿਆ.....

ਰੋਂਦੇ ਕੁਰਲਾਦੇ ਧ੍ਰੂ ਜੀ ਮਾਤਾ ਪਾਸ ਆਵਦੇ ਬੀਤਿਆ ਜੋ ਹਾਲ ਸਾਰਾ ਮੁੱਖ ਸੌਂ ਸੁਣਾਵਦੇ ਬਚਨ ਮਤਰੇਈ ਨੇ ਜੋ ਉਸ ਨੂੰ ਉਚਾਰਿਆ.....

ਛੰਦ: ਦੁਖੀ ਹੁਆ ਮਾਤਾ ਨੇ ਦੇਖਾ, ਹੇ ਬਚੜੇ ਕਿਉਂ ਜਾਤਾ ਨੀਰ । ਕਿਸ ਨਿਰਦਈ ਨੇ ਤੁਝ ਕੋ ਮਾਰਾ, ਪੀਲਾ ਰੰਗ ਹੁਆ ਸਰੀਰ ।। ਧ੍ਰੂ ਜੀ ਨੇ ਜੋ ਹਾਲ ਸੀ ਬੀਤਾ, ਮਾਤਾ ਆਗੇ ਖੋਲ ਦੀਆ। ਪਿਤਾ ਜੀ ਕੀ ਮੈਂ ਗੋਦ ਮੇਂ ਬੈਠਾ ਖੇਲਤਾ ਥਾ ਅਨਭੋਲ ਗਿਆ ।। ਸਰੁੱਚੀ ਨੇ ਗੋਦੀ ਵਿੱਚੋਂ ਖੀਚਾ ਲੱਫੜ ਮੁੱਖ ਪਰ ਮਾਰ ਦੀਆ। ਪੇਟ ਮੇਰੇ ਕਿਉ ਹੁਆ ਨਾ ਪੈਦਾ ਮੁੱਖ ਸੇ ਇਹੋ ਉਚਾਰ ਦੀਆ ।।

ਭਗਤ ਮਾਲ ਸੰਗੀਤ -20

ਮਾਤਾ ਆਖੇ ਸੁਨ ਮੇਰੇ ਪੁੱਤਰ, ਬਾਤ ਸੱਚ ਵੋ ਕਹਿਤੀ ਹੈ। ਪਿਛਲੇ ਜਨਮ ਤੋ ਤਪ ਬਹੁਤ ਕੀਤੇ, ਕਸਰ ਅਜੇ ਕੁੰਛ ਰਹਿਤੀ ਹੈ।। ਹੇ ਪੁੱਤਰ ਜੇ ਰਾਜ ਕਰਨ ਦੀ, ਤੇਰੇ ਮਨ ਮੇਂ ਲੋੜ ਪਈ। ਪਰਮਾਤਮਾ ਜੋ ਸਭ ਦਾ ਮਾਲਕ, ਚਰਨੋ ਮੇਂ ਦਿਲ ਜੋੜ ਲਈ।। ਲੋਕ ਪਰਲੋਕ ਸਭੀ ਬਨ ਜਾਤੇ ਜੋ ਹਰੀ ਨਾਮ ਧਿਆਵਤ ਹੈ। ਸੁੱਖ ਅਨੰਦ ਸਭੀ ਮਿਲ ਜਾਵਤ ਅੰਤ ਕੋ ਮੁਕਤੀ ਪਾਵਤ ਹੈ।। ਸੁਨ ਉਪਦੇਸ ਕਰਾ ਮੈ ਤੈਨੂੰ ਦਿਲ ਮੇਂ ਬੱਚਾ ਧਾਰ ਲਈ। ਏਸ ਸਮੁੰਦਰ ਜਗਤ ਵਿੱਚੋਂ ਤੂੰ ਡੁਬਦੀ ਕਿਸ਼ਤੀ ਤਾਰ ਲਈ ।।

“ ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ "

ਬੰਤ : ਮਾਨਸ ਜਨਮ ਹੈ ਬੜਾ ਦੁਰਲੰਭ ਬੇਟਾ ਇਹ ਮਿਲੇ ਨਾ ਬਾਰੰਬਾਰ ਤੈਨੂੰ । ਜੀਵ ਜੰਤ ਸਾਰੇ ਰਚੇ ਰੱਬ ਨੇ ਹੈ ਕੀਤਾ ਸਾਰਿਆ ਦਾ ਸਰਦਾਰ ਤੈਨੂੰ ।। ਰਹਿਣ ਵਾਸਤੇ ਅਛੇ ਮਕਾਨ ਬਖਸ਼ੇ, ਖਾਣੇ ਵਾਸਤੇ ਮੇਵੇ ਹਜਾਰ ਤੈਨੂੰ । ਹਿਕਮਤ ਨਾਲ ਤੈਨੂੰ ਜਿਸ ਨੇ ਕੀਆ ਪੈਦਾ ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।। ਗੰਦੇ ਪਾਣੀ ਦੀ ਬੂੰਦ ਤੋਂ ਕੀਤਾ ਪੈਦਾ ਸੱਤਾ ਦੇ ਕੇ ਕੀਤਾ ਤਿਆਰ ਤੈਨੂੰ । ਉਕਤ ਜੁਗਤ ਬਖਸ਼ੀ ਨਾਲ ਦਿੱਤੀ ਤਾਕਤ ਕੀਤਾ ਬਹੁਤ ਜੋ ਹੈ ਸਮਝਦਾਰ ਤੈਨੂੰ ।। ਮੇਰੇ ਪੇਟ ਦੇ ਵਿੱਚ ਹੈ ਕੀਤਾ ਪਾਲਣ, ਹਿਕਮਤ ਨਾਲ ਪੁਚਾਇਆ ਆਹਾਰ ਤੈਨੂੰ । ਬੇਟਾ ਉਸ ਭਗਵਾਨ ਨੂੰ ਯਾਦ ਕਰਨੈ, ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।। ਹਿਫਾਜਤ ਕਰਨ ਖਾਤਰ ਮਾਈ ਬਾਪ ਬਖਸੇ, ਪਾਲਣ ਪੋਸਣ ਕਰਦੇ ਨਾਲ ਪਿਆਰ ਤੈਨੂੰ। ਦੁੱਧ ਮੇਰੇ ਅਸਥਨਾ ਮੇਂ ਡਾਲ ਕਰਕੇ ਕੈਸਾ ਸੋਹਣਾ ਦੀਆ ਆਧਾਰ ਤੈਨੂੰ ।। ਝੂਟਣ ਵਾਸਤੇ ਪੀਹੜੇ ਬੜੇ ਸੁੰਦਰ, ਚੱਖਣ ਵਾਸਤੇ ਮੇਵੇ ਹਜਾਰ ਤੈਨੂੰ । ਬੇਟਾ ਉਸ ਭਗਵਾਨ ਨੂੰ ਯਾਦ ਕਰ ਲੈ, ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।। ਬਿਨਾ ਮੋਲ ਲੀਏ ਬਖਸੀ ਪੌਣ ਪਾਣੀ, ਪੱਖੇ ਬਿਜਲੀ ਦੇ ਅਜਬ ਬਹਾਰ ਤੈਨੂੰ । ਸੰਗਤਰੇ ਅੰਗੂਰ ਬਦਾਮ ਆੜੂ ਮੇਵੇ ਬਖਸੇ ਹੈ ਅੰਬ ਅਨਾਰ ਤੈਨੂੰ । ਰਤਨ ਜੜੇ ਮੰਦਰ ਤੇਰੇ ਰਹਿਣ ਨੂੰ ਹੈ, ਕੈਸੇ ਸੁੰਦਰ ਦੀਏ ਘਰ-ਬਾਰ ਤੈਨੂੰ । ਬੇਟਾ ਉਸ ਭਗਵਾਨ ਨੂੰ ਯਾਦ ਕਰ ਲੈ, ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।। ਨੇਤਰ ਦੇਖਣੇ ਕੇ ਲੀਏ ਦੋ ਬਖਸੇ ਬਿਨਾਂ ਨੇਤਰਾ ਸੀ ਅੰਧਕਾਰ ਤੈਨੂੰ। ਆਵਾਜ ਸੁਣਨ ਤੋਂ ਸਰਵਨ ਲਗਾਇ ਦੀਏ, ਕਿਰਿਆ ਸੋਧਨ ਕੋ ਹਾਥ ਦਰਕਾਰ ਤੈਨੂੰ ।। ਪਾਵ ਚਲਣ ਕੇ ਵਾਸਤੇ ਦੋ ਲਾਏ ਬਿਨਾਂ

ਅੱਸਵ ਕੇ ਕੀਆ ਅਸਵਾਰ ਤੈਨੂੰ। ਬੇਟਾ ਉਸ ਭਗਵਾਨ ਨੂੰ ਯਾਦ ਕਰ ਲੈ, ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।। ਖੋਟੀ ਚੀਜ ਤੇ ਕੀਆ ਪਵਿੱਤਰ ਜਿਸਨੇ ਸਭਨਾ ਜੂਨਾਂ ਦਾ ਕੀਆ ਸਰਦਾਰ ਤੈਨੂੰ । ਸਰਬ ਤਰਾਂ ਸੇ ਖੁਸੀ ਹਮੇਸ ਬਖਸ਼ੇ, ਰਹਿਨ ਦੀਆ ਨਾ ਕਦੇ ਲਾਚਾਰ ਤੈਨੁ ।। ਐਨੀਆ ਪਰਵਸ਼ਾ ਉਹ ਦਾਤਾਰ ਕਰਦਾ, ਬਿਸਰ ਗਏ ਹੈ ਸਭੀ ਉਪਕਾਰ ਤੈਨੂੰ । ਬੇਟਾ ਉਸ ਕਰਤਾਰ ਨੂੰ ਯਾਦ ਕਰ ਲੈ, ਭੁੱਲ ਗਿਆ ਹੈ ਅੱਜ ਕਰਤਾਰ ਤੈਨੂੰ ।।

ਭਗਤ ਮਾਲ ਸੰਗੀਤ -21

ਗੁਰਬਾਣੀ: ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪ ਨੀਤ ।।ਕਹਾ ਬਿਸਾਸਾ ਦੇਹ ਕਾ ਬਿਲਮ ਨਾ ਕਰਿਹੋ ਮੀਤ ।।ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ।। ਓਹ ਬੇਰਾ ਨਹ ਬੁਝੀਐ ਜਉ ਆਇ ਪਰੇ ਜਮ ਫੰਧੁ ।। [ਗੁਰਬਾਣੀ ਪੰਨਾ ੨੫੪ ਮ: ੯ )

।। ਜੋ ਉਪਜਿਉ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ।। ਨਾਨਕ ਹਰਿ ਗੁਨ ਗਾਇ ਲੈ, ਛਾਡ ਸਗਲ ਜੰਜਾਲ ।। ੫੨ ।। (ਪੰਨਾ ੧੪੨੯)

ਇਕ ਬਾਤ ਮੇਰੀ ਰਖੀਂ ਯਾਦ ਹਰਦਮ ਕਹਿੰਦੀ ਆਪ ਨੂੰ ਨਾਲ ਪਿਆਰ ਬੇਟਾ। ਕੂੜੇ ਸੁੱਖਾਂ ਦੇ ਨਾਲ ਨਾ ਪ੍ਰੀਤ ਕਰਨੀ ਸੁੱਖ ਮਾਇਆ ਦੇ ਹੈਨ ਦਿਨ ਚਾਰ ਬੇਟਾ ।। ਹੈ ਇਕੰਤ ਭਗਵੰਤ ਨੂੰ ਯਾਦ ਕਰ ਲੈ ਦਿਲ ਵਿੱਚ ਇਹ ਲਈ ਤੂੰ ਧਾਰ ਬੇਟਾ। ਤਨੋ ਮਨੋ ਜੇ ਪ੍ਰਭੂ ਨੂੰ ਯਾਦ ਕਰੀਏ, ਆਪੇ ਆਣ ਕੇ ਦੇਵੇ ਦੀਦਾਰ ਬੇਟਾ।।

ਭਜਨ

ਜਾ ਕੇ ਜੰਗਲ ਮੇਂ ਤੂ ਨਾਮ ਧਿਆ ਲੈ ਬੇਟਾ

ਪ੍ਰਭੂ ਮਾਲਕ ਜੋ ਤੇਰਾ ਧਿਆਨ ਲਗਾ ਲੈ ਬੇਟਾ.....

ਜਗ ਕੂੜ ਕਾ ਪਸਾਰਾ, ਇਸੀ ਸੇ ਕਰੀਂ ਤੂੰ ਕਿਨਾਰਾ ਹੈ ਨਾਮ ਓਮ ਪਿਆਰਾ, ਦਿਲ ਮੇਂ ਬਿਠਾ ਲੈ ਬੇਟਾ.....

ਸ਼ਤਰੂ ਹੈ ਪਾਂਚ ਭਾਰੇ ਦੁੱਖ ਦੇਨ ਵਾਲੇ ਸਾਰੇ ਕੋਈ ਸੁਰਮਾ ਹੀ ਮਾਰੇ ਇਨਕੋ ਹਟਾ ਲੈ ਬੇਟਾ....

ਅਭਿਆਸ ਰੋਜ ਕਰਨਾ, ਪਾਪੋ ਸੇ ਰਹਿਤੇ ਡਰਨਾ ਸੰਸਾਰ ਸੇ ਹੈ ਤਰਨਾ, ਦੁਵਿਧਾ ਮਿਟਾ ਲੈ ਬੇਟਾ.....

ਦਾਸਨ ਕਾ ਦਾਸ ਬਨ ਕਰ ਅਭਿਮਾਨ ਲੇਨਾ ਸਭ ਹਰ ਅਪਨਾ ਜਨਮ ਸਫਲ ਕਰ ਬੰਧਨ ਕਟਾ ਲੈ ਬੇਟਾ....

ਉਪਦੇਸ਼ ਸੁਨਾ ਜਬ ਧ੍ਰੂ ਨੇ, ਬਨ ਕੋ ਹੂਏ ਤਿਆਰ । ਕੂੜਾ ਸਾਰਾ ਠਾਟ ਹੈ ਕਰੀਏ ਚੱਲ ਵਿਚਾਰ ।। ਸਭ ਰਾਜ ਭਾਗ ਔਰ ਸੁੱਖ ਸੇਜੋਂ ਕੋ ਫੌਰਨ ਹੀ ਤਿਆਗ ਦੀਆ। ਸਭ ਸੇ ਚਿਤ ਉਦਾਸ ਹੋ ਗਿਆ ਤੀਬਰ ਜੋ ਬੈਰਾਗ ਹੂਆ ।। ਭੋਗੋਂ ਸੇ ਦਿਲ ਉਠ ਗਿਆ ਹੈ ਜਿਉਂ ਹੰਸ ਗੰਦਗੀ ਨਹੀ ਚਾਹਤਾ। ਬਸ ਇਸੀ ਤਰਾਂ ਸੇ ਧ੍ਰੂ ਜੀ ਕੋ ਕੋਈ ਪਦਾਰਥ ਨਹੀ ਭਾਤਾਂ ।। ਮਾਤਾ ਜੀ ਨੇ ਜਬ ਦੇਖਾ ਕਿ ਪੁੱਤਰ ਅਬ ਨਿਰਾਸ਼ ਹੂਆ। ਉਪਦੇਸ ਮੇਰਾ ਦਿਲ ਵਿੱਚ ਵਸਿਆ ਹੈ ਜਗਤ ਸੇ ਅਬ ਉਦਾਸ ਹੂਆ ।। ਮਸਤੱਕ ਮੇਂ ਤਿਲਕ ਦੀਆ ਜਲ ਕਾ ਔਰ ਜਾਤੇ ਵਕਤ ਸੁਨਾਤੀ ਹੈ। ਤਪ ਕਰਕੇ ਭਗਵੰਤ ਰਾਂਝਾਵਾਂ ਭਗਤਿ - ਮੁਕਤਿ ਕੀ ਦਾਤੀ ਹੈ।।

ਭਗਤ ਮਾਲ ਸੰਗੀਤ-22

ਐਸੀ ਪਦਵੀ ਪਾਈ ਬਚੜੇ ਕਿਸੀ ਨੇ ਕਭੀ ਨਾ ਪਾਈ ਹੈ। ਖੁਸ਼ ਹੋ ਕੇ ਪੁੱਤਰ ਤੌਰ ਦੀਆ ਤੇ ਥਾਪੀ ਕਮਰ ਪਰ ਲਾਈ ਹੈ ।। ਨਮਸਕਾਰ ਕਰ ਧ੍ਰੂ ਜੀ ਤੁਰ ਪਏ ਬਾਗ ਮੇਂ ਡੇਰਾ ਲਾ ਨੀਨਾ । ਨਰਿਪ ਕੇ ਬਾਗ ਸਪਤ ਰਿਸ਼ੀ ਆਏ ਧ੍ਰੂ ਜੀ ਕੋ ਦਰਸਨ ਦੀਨਾ ।। ਹਾਥ ਜੋੜ ਕਰ ਪ੍ਰਣਾਮ ਕਰੀ ਤੇ ਅਪਨਾ ਹਾਲ ਸੁਨਾਇਆ ਹੈ। ਹੇ ਸੰਤ ਜੀ ਮਿਹਰ ਕਰੋ ਦਾਸ ਸ਼ਰਨ ਆਪਕੀ ਆਇਆ ਹੈ ।।

ਭਜਨ

ਟੇਕ : ਮੇਰੇ ਸਤਿਗੁਰ ਕਰੋ ਉਪਕਾਰ ਜਰਾ, ਬਿਗੜੀ ਹਾਲਤ ਕੋ ਦੀਜੇ ਸੁਧਾਰ ਜਰਾ....

ਬ੍ਰਹਮ ਸੇ ਮੈਂ ਜੀਵ ਬਣਿਆ ਆਪਣੇ ਅਗਿਆਨ ਸੇ ਅਸਲੀ ਘਰ ਕੋ ਛੋੜ ਬੈਠਾ ਪੜ ਗਿਆ ਘਮਸਾਨ ਮੇਂ ਕਿਰਪਾ ਕਰੋ ਤਾ ਹੋਵੇ ਵਿਚਾਰ ਜਰਾ.....

ਪਤਿਤ ਪਾਵਨ ਨਾਮ ਸੁਨ ਕੇ ਸ਼ਰਨ ਮੈਂ ਵੀ ਆ ਪੜਾ ਹਾਥ ਦੇਕਰ ਰਾਖ ਲੋ ਸਮੁੰਦਰ ਮੇਂ ਜਾਤਾ ਰੂੜਾ ਡੁਬਦੀ ਕਿਸਤੀ ਨੂੰ ਦੇਣਾ ਤਾਰ ਜਰਾ.....

ਕਾਮ ਕ੍ਰੋਧ ਔਂ ਲੋਭ ਮੋਹ ਹੰਕਾਰ ਦੁਸਮਣ ਹੈ ਬੜੇ ਪਾਚ ਡਾਕੂ ਮਾਲ ਲੂਟਣ ਕਮਰ ਬਾਧੇ ਹੈ ਖੜੇ ਕਰਾ ਦੂਰ ਦੇਵੋ ਤਲਵਾਰ ਜਰਾ......

ਨਿਥਾਵਿਆਂ ਕੇ ਥਾਵ ਤੁਮ ਹੋ ਚਰਨ ਵਾਸਾ ਦੀਜੀਏ ਕਈ ਜਨਮ ਹੈ ਖਤਮ ਹੂਏ, ਮੁਕਤੀ ਜਲਦੀ ਦੀਜੀਏ ਦਾਸਨ ਦਾਸਾ ਦੀ ਸੁਨ ਲੋ ਪੁਕਾਰ ਜਰਾ.....

ਦੋਹਿਰਾ : ਸੰਤ ਖੁਸ਼ੀ ਹੋ ਜਾਵਦੇ ਲਾਗੇ ਸਿਖਸਾ ਦੇਨ। ਕਿਰਪਾਲੂ ਸੁਭਾਅ ਜੋ, ਤਿਮਰ ਸਭੀ ਹਰ ਲੇਨ ।।

ਛੰਦ: ਰਾਗ ਦਵੇਸ ਕੋ ਤਿਆਗੋ, ਪੁੱਤਰ ਫਿਰ ਈਸ਼ਵਰ ਕਾ ਜਾਪ ਕਰੋ। ਫਲ ਫੁੱਲ ਖਾਇ ਤੱਪਸਿਆ ਕਰਨੀ ਪ੍ਰੇਮ ਭਗਤੀ ਕਰ ਆਪ ਤਰੋਂ ।। ਇਤਨਾ ਹੀ ਉਪਦੇਸ਼ ਦੀਆ ਹੈ ਰਿਸ਼ੀ ਚਲੇ ਗਏ ਹੈ ਬਨ ਮੇਂ। ਧ੍ਰੂ ਜੀ ਉੱਠ ਕਰ ਤੁਰ ਪਏ ਕੱਲੇ, ਖੌਂਫ ਨਹੀ ਕੁਛ ਹੈ ਮਨ ਮੇਂ ।। ਥੋੜੀ ਬਾਟ ਅਜੇ ਸੀ ਤੁਰਿਆ, ਜਦ ਨੂੰ ਨਾਰਦ ਰਿਸ਼ੀ ਆਏ। ਧ੍ਰੂ ਜੀ ਚਰਨੀ ਸੀਸ ਨਿਵਾਉਦੇ ਧੰਨ ਭਾਗ ਦਰਸ਼ਨ ਪਾਏ ।। ਰਿਸ਼ੀ ਨੇ ਪੂਛਾ ਹੇ ਪੁੱਤਰ ਤੂੰ ਕਹਾਂ ਕੋ ਤੁਰਿਆ ਜਾਤਾ ਹੈ। ਹਾਲ ਸੁਨਾਇਆ ਰਿਸ਼ੀ ਤੋਂ ਸ਼ੁਭ ਉਪਦੇਸ਼ ਦੀਆ ਮੇਰੀ ਮਾਤਾ ਹੈ।।

ਭਗਤ ਮਾਲ ਸੰਗੀਤ -23

ਭਜਨ

ਟੇਕ : ਗੁਰ ਬੇ ਨਿਸ਼ਾ ਕੋ ਪਾਨਾ ਤੂ ਵੀ ਬੇ ਨਿਸ਼ਾਨ ਹੋ ਜਾ ਹਸਤੀ ਮਿਟਾ ਕੇ ਅਪਨੀ ਈਸ਼ਵਰ ਸਮਾਨ ਹੋ ਜਾ....

ਮਿਲਨਾ ਹੈ ਜਿਸ ਸੇ ਤੁਨੇ ਉਸ ਕੀ ਸ਼ਕਲ ਬਸਾ ਨੇ ਸ਼ਮਸੀਰ ਵੋ ਅਗਰ ਹੈ ਤੋਂ ਤੂ ਮਿਆਨ ਹੋ ਜਾ....

ਟੇੜੀ ਭਵੇਂ ਮੇਂ ਬਸਤਾ ਹੈ ਲੇਕਿਨ ਹੈ ਤੀਰ ਜੈਸਾ ਅਗਰ ਤੀਰ ਕੋ ਹੈ ਪਾਨਾਂ ਟੇਡੀ ਕਮਾਨ ਹੋ ਜਾ.....

ਸਿਰ ਤੋਂ ਤੁਕਾ ਕੇ ਨੀਚੇ ਦਾਤੋਂ ਕੋ ਜੋੜ ਲੇਨਾ ਪੁਤਲੀ ਪਲਟ ਕੇ ਦੇਖੋ ਝਟਪਟ ਗਿਆਨ ਹੋਗਾ.....

ਸਤਿਗੁਰ ਕੇ ਚਰਨ ਪਕੜੋ ਹੰਕਾਰ ਗਵਾ ਕੇ ਆਪਣਾ ਤਬ ਦਾਸ ਬਾਪ ਤੇਰਾ ਖੁਦ ਮਿਹਰਵਾਨ ਹੋਗਾ....

ਦੋਹਿਰਾ : ਨਾਰਦ ਜੀ ਕਹਿਨੇ ਲਗੇ ਮੁੜ ਜਾਓ ਆਪਨੇ ਧਾਮ। ਤਪ ਕਰਨਾ ਮੁਸ਼ਕਲ ਘਨਾ ਧੂਪ ਸੀਤ ਸਹਿ ਘਾਮ ।।

ਛੰਦ : ਧ੍ਰੂ ਜੀ ਕਹਿਣ ਪਿੱਛੇ ਨਾ ਮੁੜਨਾ ਮੇਰਾ ਤੋਂ ਕੋਈ ਘਰ ਵੀ ਨਹੀਂ . ਜੰਗਲ ਮੇਂ ਨਿਵਾਸ ਕਰਾਂਗਾ, ਕਿਸੇ ਕਾ ਮੁਝ ਕੋ ਡਰ ਵੀ ਨਹੀ। ਪੱਕਾ ਨਿਸ਼ਚਾ ਦੇਖ ਲੀਆ, ਰਿਸ਼ੀ ਜੀ ਬਹੁ ਪ੍ਰਸੰਨ ਹੂਏ, ਓਮ ਨਮੋ ਭਗਵਤ ਵਾਸਦੇਵ ਇਹ ਮੰਤਰ ਜਪ ਤੂੰ ਧੰਨ ਹੋਏ। ਹਰਦਮ ਐਸੀ ਮੂਰਤ ਦਾ ਤੂੰ ਦਿਲ ਅਪਨੇ ਧਿਆਨ ਧਰੀ, ਸੰਖ ਚੱਕਰ ਗਦਾ ਪਦਮ ਬਿਰਾਜੇ, ਗਲ ਮਾਲਾ ਸ਼ਾਮ ਹੈ ਰੂਪ ਹਨ । ਜਮਨਾ ਕਿਨਾਰੇ ਬਹੁਤ ਨਜ਼ਾਰੇ, ਸੁੰਦਰ ਜੋ ਇਕ ਮਧੂਬਨ ਹੈ . ਉਥੇ ਜਾ ਕਰ ਕਰੋ ਤਪਸਿਆ ਸ਼ੁੱਧ ਹੋ ਜਾਏ ਤੇਰਾ ਮਨ ਹੈ। ਇਤਨਾ ਕਹਿ ਕੇ ਨਾਰਦ ਮੁਨੀ, ਅਬ ਨਰਿਪ ਕੇ ਪਾਸ ਭੀ ਅਤੇ ਹੈ, ਹੇ ਰਾਜਨ ਤੇ ਕਰੀ ਅਨੀਤੀ ਮੁੱਖ ਸੇ ਰਿਸੀ ਫਰਮਾਤੇ ਹੈ। ਪਾਚ ਬਰਸ ਕਾ ਬਚੜਾ ਤੇਰਾ ਬਨ ਕੋ ਤੈਨੇ ਤੋਰ ਦੀਆ. ਕੋਈ ਇਨਸਾਫ਼ ਨਹੀ ਤੈ ਕੀਆ ਪਾਂਚ ਬਰਸ ਕਾ ਜੋਰ ਕੀਆ। ਧਰਮ ਨੀਤੀ ਕੇ ਵਾਕ ਕਹੇ ਫਿਰ ਨਾਰਦ ਉਠ ਤਿਆਰ ਹੁਏ . ਸੁਨ ਕੇ ਹਾਲ ਪੁੱਤਰ ਦਾ ਸਾਰਾ, ਨਰਿਪ ਮਨ ਮੇਂ ਲਾਚਾਰ ਹੁਏ। ਅਪਨਾ ਮੰਤਰੀ ਸਾਥ ਲੀਆ ਤੇ ਧ੍ਰੂ ਜੀ ਪਾਸ ਹੈ ਚਲ ਆਏ ਦੇਖ ਪਿਤਾ ਪ੍ਰਣਾਮ ਕਰੀ ਹੈ ਰਾਜਾ ਨੇ ਗਲ ਸੇ ਲਾਏ। ਹੇ ਪੁੱਤਰ ਚਲ ਗ੍ਰਹਿ ਅਪਨੇ ਨੂੰ ਲਿਖ ਦੇਤਾ ਹੂੰ ਅੱਧਾ ਰਾਜ . ਬਾਅਦ ਜਿੰਦਗੀ ਮੇਰੀ ਤੇ ਸਿਰ ਪਰ ਹੋਵੇ ਤੇਰੇ ਤਾਜ। ਇਹ ਗਲ ਸੁਣ ਕੇ ਧ੍ਰੂ ਜੀ ਅਪਨੇ ਮਨ ਦੇ ਵਿੱਚ ਵਿਚਾਰ ਕਰਨ,



ਅੱਧਾ ਰਾਜ ਹੁਣੇ ਹੀ ਮਿਲਦਾ ਜਪਾ ਨਾਮ ਨਹੀ ਸੰਕਟ ਹਰਨ ।ਸੱਚੇ ਦਿਲ ਸੇ ਧਿਆਨ ਓਮ ਦਾ ਜੰਗਲ ਮੇਂ ਲਗਾਵਾਂਗਾ, ਕੀ ਜਾਣੀਏ ਕੈਸੀ ਵਸਤੂ ਮੈਂ ਵਾਸਦੇਵ ਸੇ ਪਾਵਾਂਗਾ ।ਰਾਜਾ ਕੇ ਜਵਾਬ ਦੇ ਦੀਆ ਮੈਂ ਨਹੀਂ ਰਾਜ ਕੋ ਚਾਹਤਾ ਹੂੰ, ਜਾਕਰ ਰਾਜ ਕਰੋ ਮਹਾਰਾਜਾ ਆਪ ਕੋ ਸੀਸ ਝੁਕਾਤਾ ਹੂੰ । ਨਰਿ ਪ ਮਨ ਮੇ ਉਦਾਸ ਹੋ ਗਿਆ ਨਿੱਜ ਮਹਿਲੋਂ ਕੋ ਆਇਆ ਹੈ, ਸਰੁੱਚੀ ਨੂੰ ਸਾਰਾ ਹਾਲ ਸੁਣਾਵੇ ਬੁਰਾ ਤੋਂ ਕਹਿਰ ਕਮਾਇਆ ਹੈ। ਹਾਲ ਸੁਣਿਆ ਜਦ ਧ੍ਰੂ ਜੀ ਦਾ ਰਾਣੀ ਰੁਦਨ ਕੋ ਕਰਤੀ ਹੈ, ਅਪਜੱਸ ਮੇਰਾ ਹੂਆ ਜਗਤ ਮੇਂ ਭਾਵੀ ਨਾਹੀ ਟਲਤੀ ਹੈ। ਰਾਮ ਜੀ ਕੋ ਬਨਵਾਸ ਹੁਆ ਜਦ ਕੇਕਈ ਕੀ ਗਈ ਮਤ ਮਾਰੀ, ਨਰਿਪ ਵੀ ਸਵਰਗ ਸਿਧਾਰ ਗਏ ਜੋ ਕਹਿਤੇ ਲੋਗ ਹੈ

ਹਤਿਆਰੀ। ਕਾਲਖ ਕਾ ਜੋ ਲਗਾ ਟੀਕਾ ਕਭੀ ਨਾ ਧੋਤਾ ਜਾਵੇਗਾ, ਤਰਕ ਕਰੀ ਐ ਲੱਫੜ ਮਾਰਾ ਵਕਤ ਹਾਥ ਨਹੀ ਆਵੇਗਾ। ਐਂ ਭਾਵੀ ਬਲਵਾਨ ਘਨੀ ਤੂੰ ਪੇਸ ਨਾ ਕੋਈ ਜਾਤੀ ਹੈ, ਜਿਸ ਉਪਰ ਤੂੰ ਗਾਲਬ ਹੋਵੇ ਸਾਰੀ ਅਕਲ ਡੁਬਾਤੀ ਹੈ। ਸੁਨਿਤੀ ਰਾਣੀ ਸੁਨ ਖੁਸ ਹੋ ਗਈ ਪੁੱਤਰ ਭਜਨ ਮੇਂ ਲਗ ਗਿਆ. ਦੇਈ ਪੀਠ ਸੰਸਾਰ ਤਰਫ਼ ਕੋ ਭੋਗ ਵਾਸਨਾ ਤੱਜ ਗਿਆ। ਜਮਨਾ ਕਿਨਾਰੇ ਗਏ ਧ੍ਰੂ ਜੀ ਬਤਲਾਇਆ ਰਿਸ਼ੀ ਮਧੂ ਬਨ ਹੈ, ਜਮਨਾ ਮੇ ਇਸ਼ਨਾਨ ਕੀਆ ਤੇ ਪਹਿਲੇ ਦਿਨ ਲਿਆ ਆਚਮਨ ਹੈ। ਮੁੱਖ ਸੇ ਇਹੋ ਪ੍ਰਣ ਕੀਨਾ ਉਪਵਾਸ ਵਰਤ ਕੇ ਰਾਖ ਲੀਆ, ਏਕ ਮਾਹ ਪੂਰਾ ਹੁਆ ਦਿਨ ਤੀਜੇ ਬੰਦਰੀ ਫ਼ਲ ਚਾਖ ਲੀਆ। ਦੂਜੇ ਮਹੀਨੇ ਸੂਕੇ ਪੱਤਰ ਛੇਵੇਂ ਦਿਨ ਕੋ ਖਾਤੇ ਥੇ, ਤੀਜੇ ਮਹੀਨੇ ਨੌਂ ਦਿਨ ਮਗਰੋਂ ਆਚਮਨ ਹੀ ਕਰਤੇ ਥੇ। ਚੌਥੇ ਮਾਹ ਤੋਂ ਬਾਰਵੇਂ ਦਿਨ ਕੋ ਪਵਨ ਕਾ ਭਖਸਣ ਕਰਤੇ ਥੇ, ਪੰਜਵੇ ਮਾਹ ਭਵਨ ਭੀ ਛੋੜਾ ਧਿਆਨ ਪ੍ਰਭੁ ਕਾ ਧਰਤੇ ਥੇ । ਏਕ ਅਗੂੰਠੇ ਭਾਰ ਖੜੇ ਹੋ ਕਰੀ ਤਪਸਿਆ ਭਾਰੀ ਹੈ, ਅਡੋਲ ਸਮਾਧੀ ਜਬ ਲਾਗੀ ਤੋਂ ਡੋਲੀ ਪ੍ਰਿਥਵੀ ਸਾਰੀ ਹੈ। ਜੈਸੇ ਹਾਥੀ ਨੌਕਾ ਪਰ ਜਬੀ ਦਾਹਿਨੇ ਪਾਉ ਕੋ ਧਰਤਾ ਹੈ . ਏਕ ਤਰਫ ਕੋ ਨੌਕਾ ਨਿਵਦੀ ਜਿਆਦਾ ਬੋਝਲ ਕਰਤਾ ਹੈ। ਐਸਾ ਉਗਰ ਤਪ ਇੰਦਰ ਨੇ ਦੇਖਾ ਮਨ ਅਪਨੇ ਭੈ ਮਾਨ ਹੁਆ, ਇੰਦਰ ਪੁਰੀ ਤੋਂ ਛੀਨ ਲਉ ਜੇ ਭਗਤੀ ਮੇ ਪ੍ਰਧਾਨ ਹੂਆ। ਮਾਇਆਵੀ ਨਾਮ ਦੈਂਤ ਕੋ ਭੇਜਾ ਜਾ ਕਰ ਤਪ ਕੋ ਭੰਗ ਕਰੋ



ਜਿਸ ਤਰਾਂ ਵੀ ਹੋਵੇ ਧ੍ਰੂ ਜੀ ਕੋ ਜਿਆਦਾ ਹੀ ਤੁਮ ਤੰਗ ਕਰੋ। ਦੈਂਤ ਪਹਿਲੇ ਧ੍ਰੂ ਜੀ ਕੀ ਮਾਤਾ ਕਾ ਭੇਸ ਬਨਾਇਆ ਹੈ, ਹੇ ਪੁੱਤਰ ਮੈ ਫਿਰਾਂ ਖੋਜਦੀ ਮਸਾਂ -ਸਮਾਂ ਹੱਥ ਆਇਆ ਹੈ। ਉਠ ਚਲ ਘਰ ਨੂੰ ਜਲਦੀ ਚਲੀਏ ਤੂ ਨੇਤਰ ਕਿਉ ਨਹੀ ਖੋਲਤਾ ਹੈ . ਬਨ ਮੇ ਸਿੰਘ ਬਿਆਗਰ ਭਾਰੀ ਰਾਖਸ ਭੀ ਇਕ ਡੋਲਤਾ ਹੈ ।।

ਦੋਹਿਰਾ : ਤੂ ਮੇਰਾ ਸੁਤ ਏਕ ਹੈ ਬਨ ਮੇਂ ਲਊ ਕੋਈ ਖਾਇ। ਜੀਵਾਂਗੀ ਕਿਸ ਆਸਰੇ ਹੋਵੇ ਕਵਨ ਸਹਾਇ ।।

ਛੰਦ : ਬਹੁਤੇਰਾ ਬੁਲਾਇ ਰਹੀ ਪਰ ਭਗਤ ਨੇ ਨੇਤਰ ਨਹੀ ਖੋਲੇ। ਦੈਂਤ ਸਾਰਾ ਜੋਰ ਲਗਾਇਆ ਧ੍ਰੂ ਜੀ ਰੱਤਾ ਭੀ ਨਹੀ ਡੋਲੇ ।। ਫਿਰ ਅਪਨਾ ਅਸਲੀ ਰੂਪ ਬਨਾ ਹਾਥ ਖੜਗ ਲੈ ਮਾਰਨ ਗਿਆ । ਆਗੇ ਦੇਖੇ ਹਰੀ ਖੜੇ ਹੈ ਸੰਖ ਚੱਕਰ ਗਦਾ ਧਾਰਨ ਕੀਆ ।। ਰਾਖਸ ਅਪਨੇ ਪ੍ਰਾਣ ਬਚਾ ਕੇ ਇੰਦਰ ਕੋ ਜਾ ਭਾਖ ਦੀਆ। ਰਾਜ ਤੁਮਹਾਰਾ ਨਹੀ ਬਚਤਾ ਇਹ ਸੰਤ ਬਚਨ ਮੈ ਆਖ ਦੀਆ।।

ਦੋਹਿਰਾ: ਇੰਦਰ ਚਿੰਤਾਵਾਨ ਹੋ ਲੀਏ ਦੇਵਤੇ ਸਾਥ। ਖੀਰ ਸਮੁੰਦਰ ਮੇਂ ਗਿਆ ਜਾਇ ਨਿਵਾਇਆ ਮਾਥ ।।

ਛੰਦ : ਪ੍ਰਣਾਮ ਕਰੀ ਸਭ ਦੇਵਤਾ ਨੇ, ਵਰੁਨ ਕੁਬੇਰ ਜੋ ਮਿਲ ਆਏ । ਉਸਤਤ ਕਰਨ ਲਗੇ ਹਰਿ ਕੀ ਇੰਦਰ ਮਨ ਮੇਂ ਧਿਆਨ ਲਾਏ ।।

ਭਜਨ

ਟੇਕ : ਭਗਵਨ ਤੂ ਹੈ ਦਿਆਲੂ, ਦੁਖ ਦੂਰ ਕਰ ਹਮਾਰਾ ਤੇਰੀ ਸਰਨ ਮੇ ਆਇਆ, ਅਬ ਦੀਜੀਏ ਸਹਾਰਾ.....
ਇਕ ਭਗਤ ਹੂਆ ਤੇਰਾ ਦੁਸ਼ਮਣ ਜੋ ਹੁਆ ਮੇਰਾ ਦੁਖੜੇ ਨੇ ਆਨ ਘੇਰਾ ਮੈਂ ਤੋਂ ਜੋਰ ਲਾਇ ਹਾਰਾ.....

ਧ੍ਰੂ ਜੀ ਨੇ ਤਪ ਹੈ ਕੀਨਾ ਤੇਰਾ ਨਾਮ ਮੁਖ ਸੇ ਲੀਨਾ ਮੁਸਿਕਲ ਹੈ ਮੇਰਾ ਜੀਨਾ ਹੋਵੇ ਰਾਜ ਸੇ ਕਿਨਾਰਾ.....

ਰਾਖਸ਼ ਮੈਂ ਭੇਜਾ ਭਾਰੀ ਹਿੰਮਤ ਲਗਾਈ ਸਾਰੀ ਆਖੇ ਨਾ ਉਨ ਉਘਾਰੀ ਹੂਆ ਧਿਆਨ ਮਗਨ ਭਾਰਾ..........

ਤਪ ਸੇ ਉਸੇ ਹਟਾਵੋ ਸ਼ੀਘਰ ਹੀ ਆਪ ਜਾਵੇ ਮੇਰੇ ਰਾਜ ਕੋ ਬਚਾਵੋ ਸੁਨੇ ਦਾਸ ਕੀ ਪੁਕਾਰਾ.....

ਦੋਹਿਰਾ : ਪ੍ਰਭੂ ਆਗੈ ਬਿਨਤੀ ਕਰੋ ਹੋਵੋ ਆਪ ਸਹਾਇ। ਕਿਰਪਾ ਹੋ ਜੇ ਆਪ ਕੀ ਰਾਜ ਮੇਰਾ ਬਚ ਜਾਏ ।।

ਭਗਤ ਮਾਲ ਸੰਗੀਤ -26

ਛੰਦ : ਅੰਤਰਯਾਮੀ ਸੁਨੀ ਬੇਨਤੀ ਐ ਇੰਦਰ ਕਿਉ ਡਰਤਾ ਹੈ। ਧ੍ਰੂ ਜੀ ਤੇਰਾ ਰਾਜ ਨਾ ਚਾਹਤਾ ਧਿਆਨ ਮੇਰਾ ਹੀ ਧਰਤਾ ਹੈ ।। ਇੰਦਰਪੁਰੀ ਕੋ ਤੁੱਛ ਵੋ ਸਮਝੇ ਤੂ ਕਿਉਂ ਦਹਿਸ਼ਤ ਖਾਤਾ ਹੈ। ਧ੍ਰੂ ਜੀ ਕੋ ਵੈਰਾਗ ਹੁਆ ਹੈ ਰਾਜ ਨਾ ਤੁਮਰਾ ਚਾਹਤਾ ਹੈ ।। ਇੰਦਰਪੁਰੀ ਤੂੰ ਅੱਛੀ ਸਮਝੇ ਭਗਤ ਮੇਰੇ ਕਰਤੇ ਹੈ ਗਲਾਨ। ਇਸ ਸੁੱਖ ਕੀ ਤੋਂ ਬਾਤ ਕੀ ਕਰਨੀ ਵੋ ਤੋਂ ਚਾਹਤੇ ਨਹੀ ਕਲਿਆਣ ।। ਮੇਰੇ ਭਗਤ ਸੇ ਤੂੰ ਡਰਤਾ ਹੈ ਸਿੰਘ ਕੋ ਦੇਖ ਕੇ ਜਿਉਂ ਸੁਆਨ । ਸੂਕੀ ਅਸਤੀ ਸੁਆਨ ਕੇ ਮੁੱਖ ਮੇ ਸਿੰਘ ਕੋ ਦੇਖ ਹੂਆ ਭੈ ਮਾਨ ।। ਐ ਇੰਦਰ ਤੂੰ ਸੋਚ ਖਾ ਮਨ ਮੇਂ ਸਿੰਘ ਨੇ ਅਸਤੀ ਕਿਆ ਕਰਨੀ । ਜੋ ਉਸਕੋ ਜਰੂਰਤ ਹੋਵੇ ਤਾਜੀ ਮਾਰ ਉਸਨੇ ਧਰਨੀ ।। ਅਨੰਨ ਭਗਤ ਜੋ ਮੇਰੇ ਹੈ ਵੋ ਰਾਜ ਨਾ ਤੁਮਰਾ ਚਾਹਤੇ ਹੈ। ਨਿਰਭਉ ਹੋ ਕਰ ਰਾਜ ਕਰੋ ਹਮ ਅਭੀ ਭਗਤ ਪੈ ਜਾਤੇ ਹੈ ।।

ਦੋਹਿਰਾ: ਪਾਸ ਧ੍ਰੂ ਕੇ ਆ ਖੜੇ ਜਗਾਉਣ ਲਗੇ ਭਗਵਾਨ । ਕੁਛ ਸਰੀਰ ਕੀ ਸੁਧ ਨਾ ਐਸਾ ਲਾਗਾ ਧਿਆਨ ।।

ਛੰਦ : ਬਾਹਰੂਨੀ ਸਭੀ ਗਿਆਨ ਭੁੱਲ ਗਿਆ ਨੇਤਰ ਨਾ ਹੀ ਖੋਲਤਾ ਹੈ। ਅੰਦਰੂਨੀ ਹੈ ਬਿਰਤੀ ਹੁਈ ਧਿਆਨ ਮੇਂ ਜਰਾ ਨਾ ਡੋਲਤਾ ਹੈ ।। ਜਿਸ ਸਰੂਪ ਕਾ ਧਿਆਨ ਧਰਾ ਥਾਂ ਹਰੀ ਨੇ ਉਹ ਨਿਕਾਲ ਲਿਆ। ਧ੍ਰੂ ਜੀ ਨੇ ਤਭੀ ਨੇਤਰ ਖੋਲੋ, ਦਰਸ਼ਨ ਤੋਂ ਤਤਕਾਲ ਕੀਆ ।। ਜਿਸ ਸਰੂਪ ਕਾ ਧਿਆਨ ਧਰੇ ਵੋਹ ਹੀ ਪ੍ਰਗਟ ਸਾਮਨੇ ਆਨ ਖੜੇ। ਸੰਖ, ਚੱਕਰ, ਗਦਾ, ਪਦਮ, ਵਿਰਾਜੇ ਨੇਤਰ ਜਿਨ ਕੇ ਸੁੰਦਰ ਬੜੇ ।। ਪਤਿਤ ਪਾਵਨ ਕੇ ਚਰਨੋ ਉਪਰ ਅਪਨਾ ਸੀਸ ਟਿਕਾਇਆ ਹੈ। ਮਸਤਕ ਚੂਮਾ ਆਪ ਹਰੀ ਨੇ ਅਪਨੇ ਕੰਠ ਲਗਾਇਆ ਹੈ ।।

ਦੋਹਿਰਾ : ਹੇ ਪ੍ਰਭੂ ਆਪ ਕੀ ਉਸਤਤਿ ਕੈਸੇ ਕਹੁ ਸੁਨਾਇ ।। ਸੇਸ਼ਨਾਗ ਹਜਾਰ ਮੁੱਖ ਨਿਤ ਨੂਤਨ ਜਸ ਗਾਇ ।।

ਛੰਦ : ਹੇ ਮਹਾਰਾਜ ਮੈ ਮੂੜ ਬੁੱਧ ਹੂੰ ਬਾਲਕ ਔਰ ਬੜਾ ਹੀ ਅਜਾਨ। ਨੇਤਿ ਨੇਤਿ ਕਰ ਵੇਦ ਪੁਕਾਰੇ ਕੈਸੇ ਆਪਕਾ ਕਰੂ ਬਿਆਨ ।। ਮਹਾਰਾਜ ਨੇ ਸੰਖ ਆਪਣਾ ਭਗਤ ਕੇ ਜਬੀ ਛੁਹਾਇਆ ਹੈ। ਐਸੀ ਉਂਜਲ ਬੁੱਧੀ ਹੋ ਗਈ ਅਨੁਭਵ ਸੇ ਜਿਸ ਗਾਇਆ ਹੈ ।।

ਚੌਪਈ : ਜੈ ਹੈ ਜੈ ਹੋ ਬਿਸ਼ਨ ਮੁਰਾਰੀ ।। ਭਗਤਨ ਕੇ ਹੋ ਤੁਮ ਹਿਤਕਾਰੀ ।। ਆਪ ਕਾ ਅੰਤ ਨਾ ਕੋਈ ਪਾਵੈ ।। ਸੇਸ਼ਨਾਗ ਨਿਤ ਨਯਾ ਜਸੁ ਗਾਵੇ ।। ਅਗੋਚਰ ਅਲਖ ਤੁਮ ਕਰਤਾਰ ਅਦ੍ਰਿਸ਼ਟ ਨਿਰਬਚਨ ਹੋ ਕਰਤਾਰ ।। ਜੋਗੀ ਜਨ ਨਿਤ ਧਿਆਨ ਲਗਾਉਂਦੇ ।। ਬਿਧੀ ਹਰਿ ਨਾਰਦ ਹੈ ਜਸ ਗਾਉਂਦੇ ।।

ਭਗਤ ਮਾਲ ਸੰਗੀਤ -27

ਸਭ ਸ੍ਰਿਸ਼ਟੀ ਕੇ ਹੋ ਤੁਮ ਪਾਨਕ ਚੋਂਦਾਂ ਤਬਕ ਕੇ ਹੋ ਤੁਮ ਮਾਲਕ। ਜੋ ਜਨ ਆਪਕਾ ਧਿਆਨ ਲਗਾਉਂਦੇ । ਕੇਵਨ ਮੁਕਤੀ ਕੋ ਹੈ ਪਾਉਂਦੇ। ਸਭ ਸੇ ਦੂਰ ਸਭਨ ਸੇ ਨੇਰਾ ਅੰਤ ਨਾ ਕੋਈ ਪਾਵਤ ਤੋਰਾ ।। ਦੀਨ ਦਿਆਲੁ ਔ ਕਿਰਪਾਨੁ ।। ਭਗਤਨ ਕੇ ਹੋ ਸਦਾ ਰਛਪਾਨੁ ।। ਜਨ ਕੋ ਭੀੜ ਪਵੇ ਜਦ ਆਈ ।। ਫਿਰ ਹੋਤੇ ਹੈ ਆਪ ਸਹਾਈ। ਗਜ ਕੇ ਆਪ ਨੇ ਆਨ ਛੁਡਾਇਆ ਤੰਦੂਏ ਪਾਸੇ ਤੂੰ ਹੀ ਬਚਾਇਆ। ਹਰਨਾਕਸ਼ ਨੇ ਭਗਤ ਕੋ ਤਾੜਾ ਪਰਗਟ ਹੁਏ ਥੰਮ ਕੇ ਪਾੜਾ ।। ਪ੍ਰਹਲਾਦ ਭਗਤ ਕੀ ਰੱਛਾ ਕੀਨੀ ।। ਮੁਕਤਿ ਭੁਗਤਿ ਦੋਨੇ ਹੀ ਦੀਨੀ । ਦਰੋਪਤਾ ਕੋ ਜਦ ਬਨੀ ਲਾਚਾਰੀ ।। ਰੱਖੀ ਲੱਜਾ ਤੂੰ ਹੀ ਗਿਰਧਾਰੀ ।। ਨਾਮਦੇਵ ਕੋ ਨਰਿਪ ਦੁੱਖ ਦੀਨਾ ।। ਕੋਠੇ ਭੀਤਰ ਬੰਦ ਕਰੀਨਾ ।। ਮੋਈ ਹੁਈ ਧੇਨ ਜਿਵਾਈ ।। ਭਗਤ ਕੋ ਵਹਾ ਸੋ ਲੀਆ ਛੁੜਾਈ ।। ਕਬੀਰ ਭਗਤ ਕੇ ਭਏ ਰਖਵਾਰੇ। ਨਿੰਦਕਾ ਕੇ ਮੁੱਖ ਕੀਨੇ ਕਾਰੇ । ਸੰਤ ਦਿਵਸ ਲੰਗਰ ਵਰਤਾਇਆ ਸੇਠ ਕਾ ਰੂਪ ਤੂ ਹੀ ਬਨ ਆਇਆ।ਸਦਨਾ ਭਗਤ ਦੀਵਾਲ ਮੇ ਜੜਿਆ ਨਰਿਪ ਨੇ ਉਸ ਕੋ ਜਦੀ ਪਕੜਿਆ। ਤਬ ਹੀ ਆਪ ਭਏ ਸਹਾਈ। ਛਿਨ ਮੇ ਭੀਤ ਤੋਂ ਦੀਆਂ ਗਿਰਾਈ ।। ਭੀੜ ਬਨੇ ਭਗਤੋਂ ਕੋ ਛੁੜਾਤੇ ।। ਪਰਗਟ ਆਪ ਤਭੀ ਹੋ ਜਾਤੇ ।।

ਦੋਹਿਰਾ: ਇਹੋ ਦਾਸ ਦੀ ਬੇਨਤੀ ਕਰੋ ਆਪ ਮਨਜੂਰ। ਜਲਦੀ ਦਰਸ਼ਨ ਭਗਤੋਂ ਕੋ ਦੇਨਾ ਆਪ ਜਰੂਰ।।

ਭਜਨ

ਟੇਕ : ਮੇਰੇ ਭਗਵਨ ਜੀ ਦਰਸ਼ ਦਿਖਾਇਆ ਕਰੋ ਅਪਨੇ ਭਗਤੋਂ ਕੇ ਨਾ ਤਰਸਾਇਆ ਕਰੋ ਭਗਤਾ ਨੂੰ ਹੈ ਤਾਣ ਤੇਰਾ ਆਸਰਾ ਨਾ ਹੋਰ ਹੈ ਨਿਥਾਵਿਆ ਕੇ ਥਾਂਵ ਤੁਮ ਹੋ ਆਪ ਉਪਰ ਜੋਰ ਹੈ ਬਾਹੋ ਪਕੜ ਕੇ ਗਲੇ ਸੇ ਲਗਾਇਆ ਕਰੋ....

ਆਪ ਕੀ ਮਹਿੰਮਾ ਹੋ ਭਗਵਾਨ ਕੁਛ ਕਹੀ ਨਾ ਜਾਵੇ ਹੈ ਸੇਸ਼ਨਾਗ ਹਜ਼ਾਰ ਮੁੱਖ ਸੇ ਅੰਤ ਨਾ ਹੀ ਪਾਵੇ ਹੈ ਮੇਰੇ ਹਿਰਦੇ ਮੇਂ ਆਪ ਸਮਾਇਆ ਕਰੋ.....

ਜੋ ਸ਼ਰਨ ਆਵੇ ਆਪਕੀ ਭਵ ਸੋ ਵੋਹੀ ਤਰ-ਜਾਵਦ ਜਾਤਾ ਨਹੀਂ ਫਿਰ ਨਰਕ ਕੋ ਮੁਕਤੀ ਕਾ ਰਸਤਾ ਪਾਂਵਦਾ
ਨਿਰਬਨ ਨੂੰ ਵੀ ਪਾਰ ਲੱਖਾਇਆ ਕਰੋ.....

ਦਰਬਾਰ ਆਲੀ ਆਪਕਾ ਸਬ ਵਿਸ਼ਵ ਕੇ ਅਧਾਰ ਹੈ ਮਹਿਮਾ ਨਾ ਜਾਣ ਸਕੇ ਕੋਈ ਪਾਵੇ ਨਾ ਪਾਰਾਵਾਰ ਹੈ
ਦਾਸਨ ਦਾਸ ਨੂੰ ਮੁਕਤ ਕਰਾਇਆ ਕਰੋ.....

ਭਗਤ ਮਾਨ ਸੰਗੀਤ -28

ਦੋਹਿਰਾ : ਸੁਨ ਕੇ ਉਸਤਤ ਵਾਸਦੇਵ ਹੋਏ ਬਹੁ ਪ੍ਰਸੰਨ। ਮਾਂਗੋ ਵਰ ਜੋ ਇੱਛਿਆ ਜਨਮ ਸਫਲ ਹੈ ਧਨ ।। ਧ੍ਰੂ ਜੀ ਤਬ ਕਹਿਤੇ ਭਏ ਕਿਆ ਮਾਂਗੂੰ ਭਗਵਾਨ । ਕਿਰਪਾ ਕਰਕੇ ਬਖਸ਼ ਦਿਉ ਆਠੋ ਯਾਮ ਤੋਹੇ ਧਿਆਨ ।।

ਗੁਰਬਾਣੀ : ਝੂਠਾ ਮਾਂਗਨ ਜੇ ਕੋਈ ਮਾਂਗੈ ।। ਤਿਸਕੋ ਮਰਤੇ ਘੜੀ ਨਾ ਲਾਗੈ [ਪੰਨਾ ੧੩੦]

ਆਸਾ ਕਬੀਰ ਜੀਉ [ਪੰਨਾ ੪੮੧]

ਲੰਕਾ ਸਾ ਕੋਟੁ ਸਮੁੰਦ ਸੀ ਖਾਈ ।। ਤਿਹ ਰਾਵਨ ਘਰ ਖਬਰ ਨਾ ਪਾਈ ।।੧।।

ਛੰਦ : ਚਰਨ ਕਮਲ ਮੇ ਰਹੂ ਜੋ ਲਿਪਟਾ, ਕਰੋ ਕਿਰਪਾ ਅੰਤਰਯਾਮੀ ਜੀ । ਐਸੀ ਪਦਵੀ ਬਖਸ਼ ਦਿਉ ਰਹੁੰ ਦਰਸ਼ਨ ਕਰਤਾ ਸੁਆਮੀ ਜੀ ।। ਤਥਾ ਅਸਤੂ ਭਗਵਾਨ ਜੀ ਕਹਿਤੇ ਸਭ ਕਾ ਤੂ ਸਿਰਤਾਜ ਹੂਆ। ਦੇਵਤਾ ਭੀ ਪਰਕਰਮਾ ਕਰੇਂਗੇ ਅਟਲ ਪਦਵੀ ਕਾ ਰਾਜ ਹੂਆ। ਤੇਰਾ ਪਿਤਾ ਜਰੂਰੀ ਤੁਝ ਕੋ ਲੈਨ ਈਹਾ ਅਬ ਆਵੇਗਾ। ਛੱਬੀ ਹਜ਼ਾਰ ਬਰਸ ਕਰ ਰਾਜ ਕੋ ਬਹੁਰ ਅਟਲ ਪਦ ਪਾਵੇਗਾ ।।ਨਰਿਪ ਕੇ ਸਾਥ ਜਰੂਰੀ ਜਾਈ ਇਸ ਪਰ ਹਠ ਨਹੀ ਕਰਨਾ। ਭਾਈ ਸ਼ਿਕਾਰ ਜਾਊਗਾ ਖੋਲਣ ਜੱਛ ਕੇ ਹਾਥ ਸੇ ਉਸ ਮਰਨਾ ।। ਸਾਥ ਜੱਛ ਕੇ ਯੁਧ ਕਰੋ ਤੁਮ ਭਾਈ ਕਾ ਬਦਲਾ ਲੇ ਲੇਨਾ । ਆਇ ਕੁਬੇਰ ਮਿਲੇਗਾ ਤੁਮਕੋ ਭੁੱਲ ਮਾਫ਼ ਫਿਰ ਕਰ ਦੇਨਾ ।। ਇਤਨੀ ਬਾਰਤਾ ਕਹਿ ਕਰ ਕੇ ਭਗਵਨ ਜੀ ਅੰਤਰ ਧਿਆਨ ਹੂਏ ।। ਧ੍ਰੂ ਕੋ ਮਿਲਿਆ ਵਾਸਦੇਵ ਨਰਿਪ ਪਾਸ ਕਿਸੀ ਕੇ ਬਿਆਨ ਹੂਏ ।। ਸਾਥ ਮੰਤਰੀ ਲੇ ਲੀਨਾ, ਧ੍ਰੂ ਕੋ ਜਾਕਰ ਮਿਲ ਪਿਆ ਹੈ। ਗਲੇ ਲਗਾਇਆ ਬੜੀ ਖੁਸੀ ਸੇ ਕੰਵਲ ਫੁਲ ਜਿਉ ਖਿਲ ਗਿਆ ਹੈ ।। ਰੱਥ ਮੇਂ ਬਿਠਾ ਕਰ ਲਿਆਏ ਭਗਤ ਕੋ, ਨਗਰ ਸਾਰੇ ਹੁਆ ਜੈ ਕਾਰ । ਸਭ ਸੇ ਪਹਿਲੇ ਸਰੁੱਚੀ ਆਗੇ, ਸੀਸ ਝੁਕਾਇਆ ਬਾਰੰਬਾਰ ।। ਰਾਨੀ ਸ਼ਰਮ ਕੀ ਮਾਰੀ ਹੁਈ, ਸਨਮੁੱਖ ਨੇਤਰ ਨਹੀ ਕਰਤੀ। ਹਾਥ ਜੋੜ ਕਰ ਧ੍ਰੂ ਜੀ ਬੋਲੇ, ਐ ਮਾਤਾ ਜੀ ਕਿਉ ਡਰਤੀ ।। ਜਿਹ ਤੇਰੀ ਸਭ ਕਿਰਪਾ ਹੈ ਜੋ ਵਾਸਦੇਵ ਕੋ ਪਾਇਆ ਹੇ। ਤੇਰੇ ਜਰੀਏ ਮਾਤਾ ਸਾਹਿਬ, ਨਾਮ ਪ੍ਰਭੂ ਕਾ ਧਿਆਇਆ ਹੈ ।। ਸੁਣ ਕੇ ਵਾਕ ਹਲੀਮੀ ਭੀਨੇ, ਕੰਠ ਕੇ ਸਾਥ ਲਗਾ ਲੀਨਾ । ਹੇ ਪੁੱਤਰ ਚਿਰੰਜੀਵੀ ਹੋਵੇ, ਅਸੀਰਵਾਦ ਮੁੱਖ ਸੇ ਦੀਨਾ ।। ਪੁਨਾ ਧ੍ਰੂ ਜੀ ਨਿਜ ਮਾਤਾ ਕੋ ਪ੍ਰੇਮ ਸੇ ਸੀਸ ਝੁਕਾਇਆ ਹੈ। ਅਤਿਅੰਤ ਖੁਸ਼ੀ ਹੋ ਮਸਤਕ ਚੂਮਾ, ਪਿਆਰ ਸੇ ਗਲੇ ਲਗਾਇਆ ਹੈ ।। ਹੇ ਸੁਤ ਤੁਮਰਾ

ਜਨਮ ਸਫਲ ਭਿਆ, ਪੂਰੀ ਹੋ ਗਈ ਮੇਰੀ ਆਸ। ਜਨਨੀ ਜਨੇ ਤਾਂ ਭਗਤ ਜਨੇ, ਗੁਰਬਾਣੀ ਮੇਂ ਲਿਖਿਆ ਖਾਸ।।

ਭਗਤ ਮਾਲ ਸੰਗੀਤ -29

ਗੁਰਬਾਣੀ: ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ । ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ ।।

ਸ੍ਰੀ ਮੁਖਵਾਕ ੩੨ - ੧੨

ਧਨ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ।।

ਛੰਦ : ਸਾਰਾ ਨਗਰ ਜੋ ਮਿਲਨੇ ਆਇਆ ਜਥਾ ਸਕਤਿ ਪੂਜਾ ਕੀਨੀ। ਨਾਮ ਜਪੇ ਸਭੀ ਦਿਲ ਲਾ ਕੇ ਧ੍ਰੂ ਜੀ ਨੇ ਸ਼ਿਖਸ਼ਾ ਦੀਨੀ ।। ਤੇਰਾ ਦਿਨ ਅਨੰਦ ਰਿਹਾ ਪੂਨਾ ਮੰਗਲ ਬਾਜੇ ਬਜਤੇ ਹੈ। ਪਿਤਾ ਨੇ ਰਾਜ ਦੀਆ ਧ੍ਰੂ ਜੀ ਕੋ ਬੈਠ ਸਿੰਘਾਸਨ ਸਜਤੇ ਹੈ ।। ਭਗਵਨ ਕੀ ਜਿਹ ਕਿਰਪਾ ਹੈ ਭਗਤੀ ਕਾ ਪ੍ਰਤਾਪ ਬੜਾ। ਸਾਰੇ ਦੇਸ਼ ਢੰਡੋਰਾ ਦੀਨਾ ਪ੍ਰੇਮ ਕਰੋ ਔਰ ਜਾਪ ਬੜਾ ।। ਨਾਮ ਕੀ ਮਹਿੰਮਾ ਅੰਤ ਨਾ ਆਵੈ, ਨਾਮ ਕੀ ਮਹਿੰਮਾ ਭਾਰੀ ਹੈ। ਜੋ ਕੋਈ ਮੇਰੇ ਰਾਜ ਮੇ ਰਹਿਤਾ ਨਾਮ ਜਪੇ ਨਰ ਨਾਰੀ ਹੈ ।। ਨਾਮ ਨਾਲ ਦੀ ਚੀਜ਼ ਨਾ ਕੋਈ ਦੁਨੀਆਂ ਮੇਂ ਹੈ ਨਾਮ ਹੀ ਸਾਰ। ਗਿਆ ਵਕਤ ਫਿਰ ਹਾਥ ਨਾ ਆਵੇ ਜਪ ਲੈ ਨਾਮ ਤੇ ਬੇੜਾ ਪਾਰ ।।

ਦੋਹਿਰਾ : ਕਿਰਪਾ ਗੁਰਾਂ ਦੀ ਹੋ ਗਈ, ਪੂਰਾ ਹੂਆ ਅਧਿਆਇ । ਪੜੇ ਸੁਣੇ ਜੋ ਪ੍ਰੇਮ ਸੇ, ਨਾਮ ਬਸੇ ਮਨ ਆਇ ।। ਪਤ ਰਾਖੀ ਗੁਰ ਪਾਰਬ੍ਰਹਮ ਤਜ ਪ੍ਰਪੰਚ ਮੋਹ ਵਿਕਾਰ। ਨਾਨਕ ਸੋਈ ਆਰਾਧੀਐ ਜਾ ਕਾ ਅੰਤ ਨਾ ਪਾਰਾਵਾਰ ।। [ਗੁਰਬਾਣੀ ਪੰਨਾ ੨੫੮)

**ਇਤ ਸ੍ਰੀ ਭਗਤ ਮਾਲ ਸੰਗੀਤ ਯੂ ਜੀ ਦੀ ਸਾਖੀ ਵਰਨਣ ਨਾਮ ਚਤੁਰਥ ਅਧਿਆਇ ਸਮਾਪਤਮ ।।੪।। ਸਤਿ ਕਰਤਾਰ**

ਭਗਤ ਮਾਲ ਸੰਗੀਤ -30

ੴ ਸਤਿਗੁਰ ਪ੍ਰਸਾਦਿ ।।

**<u>ਅਥ ਸਾਖੀ ਸੰਤ ਰੇਨ ਵਾ ਲਾਲਾ ਚਾਰਜ ਜੀ-5</u>**

ਸਲੋਕੁ:  ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ।।ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ।। ੧।।੨੯।। (ਪੰਨਾ ੨੫੬]

ਸੰਤ ਧੂੜ ਕਾ ਜਸ ਕਹੂੰ ਬੁਧੀ ਕੇ ਅਨੁਸਾਰ ।। ਸੰਤਨ ਕਾ ਜੋ ਸੰਗ ਕਰੇ ਬੇੜਾ ਹੋਵੇ ਪਾਰ ।।

ਗੁਰਬਾਣੀ:  ਤੇਰਿਆ ਸੰਤਾ ਜਾਚਉ ਚਰਨ ਰੇਨ। ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ।।

ਬੈਤ :  ਪੰਚਮ ਪਾਤਸ਼ਾਹ ਜੀ ਆਪ ਬਿਨੈ ਕਰਦੇ, ਹੇ ਪਰਮਾਤਮਾ ਸੁਨੋ ਪੁਕਾਰ ਸਾਂਈ ।। ਅੰਤਰਯਾਮੀ ਤੇ ਸਭ ਕੇ ਹੋ ਸੁਆਮੀ ਜੀਵ ਜੰਤ ਕੇ ਆਪ ਅਧਾਰ ਸਾਈ ।। ਦਾਸ ਆਪਕਾ ਇਹੋ ਵਰ ਮੰਗਦਾ ਹੈ. ਰੋਜ ਸੰਤਾ ਦੇ ਹੋਨ ਦੀਦਾਰ ਸਾਈ ।। ਚਰਨ ਧੂੜ ਜੋ ਬੜੀ ਪਵਿੱਤਰ ਹੁੰਦੀ, ਮਸਤਕ ਲਾਇ ਹੋਵੇ ਬੇੜਾ ਪਾਰ ਸਾਈ

ਦੋਹਿਰਾ:  ਸੰਤਨ ਕੇ ਪਰਤਾਪ ਸੇ ਅਜਾਮਨ ਹੁਆ ਪਾਰ। ਬਾਲਮੀਕ ਔਰ ਧ੍ਰੂ ਜੀ ਗਏ ਹੈ ਜਨਮ ਸੁਧਾਰ ।।

ਛੰਦ:   ਸੰਤ ਕੀ ਮਹਿੰਮਾ ਵੇਦ ਨਾ ਜਾਨੇ ਗੁਰਬਾਣੀ ਮੇਂ ਗਾਇਆ ਹੈ।। ਜੋ ਜੋ ਸ਼ਰਨ ਪੜਾ ਸੰਤੋਂ ਕੀ ਬਹੁੜ ਜਨਮ ਨਹੀਂ ਪਾਇਆ ਹੈ ।।

ਸਲੋਕੁ :  ਸੰਤ ਸਰਨਿ ਜੋ ਜਨੁ ਪਰੈ, ਸੋ ਜਨੁ ਉਧਰਨ ਹਾਰ ।।ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ ।।(ਸ੍ਰੀ ਸੁਖਮਨੀ ਸਾਹਿਬ)

ਛੰਦ:   ਸੰਤੋਂ ਕੀ ਜੋ ਸ਼ਰਨ ਪੜੇ ਕਿਸ ਤਰਾਂ ਪਾਰ ਹੈ ਹੈ ਜਾਤਾ।ਲਾਲਾ ਚਾਰਜ ਕੀ ਜੋ ਸਾਖੀ ਗੁਰੂ ਕਿਰਪਾ ਸੋ ਹੂੰ ਸੁਨਾਤਾ ।।ਮਹਾ ਸ੍ਰੇਸ਼ਟ ਲਾਲਾ ਚਾਰਜ, ਭਗਤੀ ਮੇਂ ਪਰਵੀਨ ਹੁਏ।ਗ੍ਰਹਿ ਅਪਨੇ ਕੋ ਛੋੜ ਦੀਆ ਹੈ ਮਨ ਮੇਂ ਬਹੁ ਉਦਾਸੀਨ ਹੂਏ ।।ਕਿਸੀ ਮਹਾਤਮਾ ਸੰਤ ਕੇ ਦੁਆਰੇ ਜਾਕਰ ਸੀਸ ਝੁਕਾਇਆ ਹੈ।ਆਪ ਕੀ ਸਰਨੀ ਆਇ ਪੜਾ ਹੂੰ ਸਾਰਾ ਹਾਲ ਸੁਨਾਇਆ ਹੈ।।

ਭਜਨ

ਟੇਕ:  ਰਖਸ਼ਾ ਕਰੋ ਗੁਰੂ ਜੀ, ਆਇਆ ਹੂੰ ਤੇਰੇ ਦੁਆਰੇ ਚਰਨਾਂ ਹੂੰ ਸੀਸ ਧਰਤਾ ਤੁਝ ਪਰ ਜਾਉ ਬਲਿਹਾਰੇ....

ਭਾਰੀ ਮੈਂ ਔਗਣ ਹਾਰਾ, ਮੇਰਾ ਆਪ ਕਰੋ ਨਿਸਤਾਰਾ ਤਕ ਲਿਆ ਹੈ ਆ ਸਹਾਰਾ. ਕਿਸੇ ਲਾ ਦਿਓ ਕਿਨਾਰੇ....

ਉਪਮਾਂ ਮੈਂ ਕਿਆ ਸੁਨਾਉ ਬੁੱਧੀ ਹੈ ਨਾ ਜੇ ਗੁਣ ਗਾਉ

ਤਨ ਮਨ ਹੀ ਭੇਟ ਚੜ੍ਹਾਉ, ਧਨ ਪਾਸ ਨਾ ਹਮਾਰੇ.....

ਮੇਰੀ ਦੁਈ ਨੂੰ ਮਾਰ ਮੁਕਾਵੇ, ਬੇਗਮ ਸ਼ਹਿਰ ਪੁਚਾਵੇ

ਮੁਕਤੀ ਮੁਝੇ ਦਿਵਾਵੈ ਸਾਚੀ ਬਤਾਇ ਕਾਰੇ.....

ਮੇਰੇ ਆਪ ਮਾਈ ਬਾਪ ਕਰ ਦਿਓ ਦੂਰ ਪਾਪ ਕਿਰਪਾ ਕਰੋ ਜੀ ਆਪ ਦਾਸਨ ਦਾਸ ਹੈ ਪੁਕਾਰੇ.....

ਛੰਦ : ਸੰਸਾਰ ਸਮੁੰਦਰ ਗਹਿਰਾ ਦਿਸਦਾ ਹੋ ਸੰਤੋਂ ਜੀ ਪਾਰ ਕਰੋ ।। ਦਾਸ ਜਾਨ ਉਪਦੇਸ਼ ਕਰੋ ਤੋਂ ਜਲਦੀ ਮੇਰਾ ਉਧਾਰ ਕਰੋ। ਸੰਤ ਦਿਆਲੂ ਕਿਰਪਾਲੂ ਜੋ ਸੁਨ ਬਿਨਤੀ ਫੁਰਮਾਉਣ ਲਗੇ । ਭੇਖ ਮਾਤਰ ਜੋ ਸਾਧੂ ਦੇਖੀਂ ਗੁਣ ਅਵਗੁਣ ਨਾ ਵਿਚਾਰ ਕਰੀਂ। ਪਰਮੇਸ਼ਵਰ ਸਾਮਾਨ ਜਾਣਕੇ ਸੰਤੋ ਕਾ ਸਤਿਕਾਰ ਕਰੀ ।। ਪਰਮੇਸ਼ਵਰ ਸਾਮਾਨ ਸੰਤ ਕੋ ਜੋ ਕਰ ਨਹੀਂ ਪਛਾਨ ਹੋਵੇ। ਤਬ ਉਸ ਕੇ ਤੂ ਐਸੇ ਸਮਝੀ ਸਤਿਗੁਰ ਕੇ ਸਮਾਨ ਹੋਵੇ।।

ਦੋਹਿਰਾ: ਦੋਨੋਂ ਬਾਤੋਂ ਸੇ ਪਰੇ ਤੀਸਰੀ ਬਾਤ ਪਛਾਣ। ਸੰਤੋ ਕੋ ਤੁਮ ਮਾਨਨਾ ਸਨਬੰਧੀ ਸਮਾਨ ।।

ਛੰਦ: ਸੰਤੋਂ ਮੇਂ ਔਰ ਪਰਮੇਸ਼ਵਰ ਮੇ ਭੇਦ ਨਹੀਂ ਹੈ ਕੁਛ ਜਾਨੋ । ਬਸ ਹਮਰਾ ਉਪਦੇਸ਼ ਯਹੀ ਹੈ ਹੋਵੇ ਮੁਕਤੀ ਤੁਮ ਮਾਨੋ ।। ਮਿੱਠਾ ਬੋਲੋ ਨਿਉ ਕੇ ਚਲਨਾ ਸੰਤ ਸੇਵ ਕਰ ਹੈ ਤਰਨਾ । ਵਾਪਸ ਘਰ ਕੋ ਲੋਟ ਜਾਵੋ ਤੇ ਜੰਗਲ ਮੇਂ ਜਾ ਕੀ ਕਰਨਾ ।।

ਗੁਰਬਾਣੀ : ਨਿਵਣੁ ਸੁ ਅਖਰੁ ਖਿਵਣ ਗੁਣ, ਜਿਹਬਾ ਮਣੀਆ ਮੰਤੁ ।। ਏ ਤ੍ਰੈ ਭੈਣੇ ਵੱਸ ਕਰਿ ਤਾਂ ਵਸਿ ਆਵੀ ਕੰਤ ।। ੧੨੭ ।। [ਪੰਨਾ : ੧੩੮੪] ਮਿੱਠਾ ਬੋਲੇ ਨਿਵ ਚਲੇ ਹਥਹੁੰ ਵੀ ਕਛੂ ਦੇਹ ।। ਫਰੀਦਾ, ਰੱਬ ਤਿਨਾਂ, ਦੀ ਬੁਕਲੀ, ਜੰਗਲ ਕਿਆ ਢੂੰਡੇਹ ।।

ਭਜਨ

ਟੇਕ : ਓਮ ਤੇਰੇ ਵਿੱਚ ਵਸਦਾ ਜੰਗਲ ਕਾਹਨੂੰ ਜਾਵਣਾ....

ਜੰਗਲ ਮੇਂ ਕਿਆ ਢੂੰਡਣ ਜਾਵੇ ਘਰ ਆਪਣੇ ਦੀ ਖਬਰ ਨਾ ਪਾਵੇ ਸਤਿਗੁਰ ਬਾਝੋਂ ਜੀ ਜਮਾ ਦਾ ਦੁੱਖ ਪਾਵਣਾ....
ਸਤਿਗੁਰੂ ਨੇ ਜੋ ਜੁਗਤ ਬਤਾਈ, ਕਰ ਲੈ ਬੰਦੇ ਰੋਜ਼ ਕਮਾਈ ਸੁਧ ਮਨ ਹੋ ਜਾਵੇਗਾ ਆਤਮ ਦਰਸਾਵਣਾ.....

ਲੱਗੇਗੀ ਜਦੋ ਸੁਨ ਸਮਾਧੀ ਹੋਵੇਗੀ ਸਭ ਦੂਰ ਉਪਾਧੀ ਬੇਗਮ ਸ਼ਹਿਰ ਤਾਈ ਨਿਰਭਉ ਹੋਕਰ ਧਾਵਣਾਂ....

ਸਤਿਗੁਰੂ ਦੀ ਲੈ ਓਟ ਪਿਆਰੇ, ਘਰ ਜੰਗਲ ਸਮ ਹੋਵੇ ਸਾਰੇ ਦਾਸਨ ਕਾ ਦਾਸ ਕਹੇ ਪ੍ਰਭੂ ਜੀ ਦਾ ਧਿਆਨ ਲਾਵਣਾ.....

ਛੰਦ: ਸੰਤੋਂ ਨੇ ਉਪਦੇਸ਼ ਦੀਆ, ਜੋ ਮਨੂ ਆਪਣੇ ਵਸਾਇਆ ਹੈ।ਨਮਸਕਾਰ ਕਰ ਗੁਰੂ ਅਪਨੇ ਕੇ ਵਾਪਸ ਘਰ ਮੇਂ ਆਇਆ ਹੈ ।। ਜੋ ਕੋਈ ਸੰਤ ਮਹਾਤਮਾਂ ਆਵੇ ਸਭ ਕੋ ਭੋਜਨ ਖਿਲਾਵੈ । ਨਜਦੀਕ ਏਕ ਸਰਿਤਾ ਬਹਿਤੀ ਨੇਮ ਨਾਲ ਨਾਵਣ ਜਾਵੇ ।। ਇਕ ਦਿਨ ਜਦੋਂ ਇਸਨਾਨ ਕੀਆ ਤੋਂ ਤੁਰਨ ਲਗਿਆ ਨਜ਼ਰ ਪੜਾ। ਵੈਸ਼ਨਵ ਸਾਧੂ ਮੂਆ ਹੁਆ ਹੈ ਲਗਾ ਕਿਨਾਰੇ ਆਨ ਹੜਾ ।। ਉਠਾ ਕੇ ਉਸ ਕੇ ਲਾਲਾ ਚਾਰਜ ਗ੍ਰਿਹਿ ਅਪਨੇ ਕੋ ਲੋ ਆਇਆ। ਬਿਬਾਨ ਬਨਾਇਆ ਬਹੁਤਾ ਸੁੰਦਰ, ਉਪਰ ਦੁਸਾਲਾ ਹੈ ਪਾਇਆ ।।

ਦੋਹਿਰਾ : ਧੂਮ ਧਾਮ ਸੇ ਲੇ ਗਏ, ਸ਼ਮਸਾਨੋਂ ਕੀ ਔਰ। ਦਾਹ ਕਿਰਿਆ ਸਭ ਕਰ ਦਈ ਜੋ ਸ਼ਾਸਤਰ ਕੀ ਤੌਰ ।। ਬੈਰਾਗ ਕੀਆ ਮਨ ਆਪ ਨੇ ਸਭ ਨੇ ਜਾਣਾ ਚੱਲ। ਇਹ ਸੰਸਾਰ ਹੈ ਸੁਪਨ ਵਤ ਆਜ ਜਾਇ ਕੇ ਕੱਲ ।।

ਛੰਦ: ਕਿਹਾ ਵਚਨ ਗੁਰਾਂ ਨੇ ਮੈਨੂੰ, ਸੰਤ ਰਾਮ ਮੇਂ ਭੇਦ ਨਹੀਂ। ਏਕ ਰੂਪ ਤੁਮ ਸੰਤਾਂ ਜਾਨੋਂ ਰਹੇ ਕੋਈ ਫਿਰ ਖੇਦ ਨਹੀਂ ।। ਪਰਮੇਸ਼ਰ ਸਮਾਨ ਸੰਤ ਕੋ ਜਾਣ ਨਹੀਂ ਮੈਂ ਸਕਤਾ ਹੂੰ । ਜਾਨਨਾ ਔਖਾ ਗੁਰੂ ਸਾਮਾਨ ਹੈ ਇਸੀ ਲੀਏ ਮੈਂ ਜਚਤਾ ਹੂੰ ।। ਸਨਬੰਧੀ ਸਮਾਨ ਜਰੂਰੀ ਮੁਝ ਕੋ ਜਾਨਣਾ ਹੈ ਚਾਹੀਏ । ਤੇਂਹਰਵੇ ਦਿਨ ਕਿਰਿਆ ਕਰਵਾ, ਉਦੱਮ ਭੰਡਾਰ ਦਾ ਉਠਾਈਏ ।। ਕਿਰਿਆ ਕਰਮ ਸਭੀ ਕਰ ਦੀਨੋ ਜਬ ਤੇਹਰਵਾ ਦਿਨ ਆਇਆ । ਬਾਅਦ ਰਚਾ ਭੰਡਾਰਾ ਭਾਰੀ, ਸਭ ਬ੍ਰਾਹਮਣੋ ਕੋ ਬੁਲਵਾਇਆ ।। ਭਾਂਤ ਭਾਂਤ ਕੇ ਖਾਣੇ ਸੁੰਦਰ ਬੜੇ ਪ੍ਰੇਮ ਸੇ ਤਿਆਰ ਕੀਏ । ਸਲਾਹ ਕਰੀ ਜੋ ਦਿਜ ਮੂਰਖ ਥੇ, ਖਾਣੇ ਤੋਂ ਇਨਕਾਰ ਕੀਏ ।। ਭਗਤ ਸਾਥ ਜੋ ਜਿਦ ਕਰਤੇ ਥੇ ਮੌਕਾ ਉਨ ਕੋ ਮਿਲ ਗਿਆ ਆਨ । ਸਭ ਪੰਡਤੋਂ ਕੋ ਕਹਿਨੇ ਲਗੇ ਮਤ ਕਰਨਾ ਇਸ ਕਾ ਜਲ ਪਾਨ ।। ਸੋਚੋ ਤੁਮ ਇਹ ਮ੍ਰਿਤਕ ਪੁਰਸ ਕੋ ਨਦੀ ਸੇ ਆਪ ਉਠਾ ਲਾਇਆ। ਪਤਾ ਨਹੀਂ ਵੋ ਕਿਆ ਜਾਤੀ ਥਾ, ਸਨਬੰਧੀ ਸਮ ਠਹਿਰਾਇਆ ।। ਊਚ ਨੀਚ ਕਾ ਭੇਦ ਨਾ ਜਾਨੇ ਭ੍ਰਸਟ ਗਈ ਹੈ ਇਸਕੀ ਬੁੱਧ। ਅੰਨ ਜੇ ਇਸਕਾ ਪਾ ਲੇਵੇਂਗੇ ਕੈਸੇ ਰਹੋਗੇ ਫਿਰ ਹਮ ਸ਼ੁੱਧ ।।

ਦੋਹਿਰਾ : ਦਿਜ ਸ਼ਰੇਸਟੋ ਨੇ ਜਬ ਸੁਨਾ ਮਨ ਮੇਂ ਕੀਆ ਵਿਚਾਰ । ਭਗਤ ਜੀ ਕੇ ਮਨ ਮੇਂ ਬਸੀ ਸਭ ਨਰ ਹਰਿ ਅਵਤਾਰ ।।

ਛੰਦ : ਭਗਤ ਜੀ ਪ੍ਰੇਮ ਮੇਂ ਰੰਗੇ ਹੁਏ ਹੈ ਨਜ਼ਰ ਨਾ ਦੂਜਾ ਆਤਾ ਹੈ।

ਏਸ ਬਾਤ ਦਾ ਭੇਦ ਹੈ ਗਹਿਰਾ ਵਿਰਲਾ ਹੀ ਕੋਈ ਪਾਤਾ ਹੈ।।



ਇਹ ਅਗਿਆਨੀ ਮੂਰਖ ਹਨ ਈਰਖਾ ਭਗਤ ਸੋ ਕਰਤੇ ਹੈ। ਮਾਨ ਬੜਾਈ ਦੇਖ ਦੇਖ ਕਰ ਮਨ ਮੇਂ ਸਾਰੇ ਜਲਤੇ ਹੈਂ ।। ਜੈਸਾ ਕਿਸੀ ਕਾ ਦਿਲ ਹੋਤਾ ਹੈ ਵੈਸਾ ਦੂਸਰਾ ਨਜ਼ਰ ਆਵੇ। ਜਿਹ ਸਾਰੇ ਦਿਲ ਕੇ ਖੋਟੇ ਹੈ ਇਸ ਲੀਏ

ਭਗਤ ਜੀ ਨਹੀ ਭਾਵੇ ।। ਸਮਝਾਨੇ ਸੇ ਨਾ ਸਮਝੇ, ਅੱਛਾ ਇਨਕੀ ਮਰਜ਼ੀ ਹੈ। ਆਖਿਰ ਕੋ ਫਿਰ ਪਛਤਾਵੇਗੇ, ਜੋ ਬ੍ਰਾਹਮਣ ਹੈ ਖੁਦਗਰਜੀ

ਦੋਹਿਰਾ: ਖੋਟੇ ਖੋਟੇ ਰਲ ਗਏ, ਸਭ ਨੇ ਕਰੀ ਸਲਾਹ। ਪੰਗਤ ਵਿਚੋਂ ਛੇਕ ਦਿਉ ਜੋ ਕੋਈ ਭੋਜਨ ਖਾਹ ।। ਇਤਨੀ ਬਾਤ ਕੋ ਕਹਿ ਦੀਆ ਚਲੇ ਗਏ ਸਭ ਘਰ । ਵੈਰ ਬੁਰਾ ਹੈ ਨੀਚ ਸੇ ਗਏ ਸਿਆਣੇ ਡਰ ।।

ਛੰਦ : ਮੂਰਖ ਸਾਥ ਜੇ ਕਰੀਏ ਵੈਰ ਤੋਂ ਵੀ ਹੋਤਾ ਦੁਖਦਾਈ । ਮਿਤਰ ਭਾਵ ਜੇ ਕਰ ਲਈਏ ਨਹੀਂ ਹੋਤਾ ਤਬ ਸੁਖਦਾਈ ।।

ਭਜਨ

ਟੇਕ: ਛੋੜ ਦਿਓ ਮੂਰਖ ਕਾ ਸੰਗ ਭਜਨ ਮੇਂ ਪਾ ਦੇਤਾ ਹੈ ਭੰਗ.....

ਬੁਰਾ ਮੂਰਖ ਸੇ ਬੋਲਣਾ ਕਰਨਾ ਬੁਰਾ ਪਿਆਰ ਅਪਨਾ ਹੀ ਘਰ ਨਾਸ਼ ਹੋਵਦਾ ਜੇਕਰ ਕਰੀਏ ਪਿਆਰ ਸੁੱਖਾ ਮੇ ਪਾ ਦੇਵੇ ਭੰਗ....

ਬਾਂਦਰ ਉਪਰ ਚਿੜੀ ਨੇ ਕੀਨਾ ਪਰ ਉਪਕਾਰ ਉਸ ਨੇ ਅੱਗੋਂ ਕੀ ਸੁੱਖ ਦਿੱਤਾ, ਤੋੜ ਦੀਆ ਘਰ-ਬਾਰ ਮਚਾਇਆ ਸਾਥ ਚਿੜੀ ਦੇ ਜੰਗ....

ਦਾਨਾ ਦੁਸ਼ਮਣ ਹੈ ਭਲਾ ਕੁਛ ਨਹੀਂ ਮੂਰਖ ਯਾਰ ਥਾਂ ਭਲੇ ਦੇ ਬੁਰਾ ਕਮਾਵੈ ਦੇਵੇ ਜਾਨ ਸੇ ਮਾਰ ਨਹੀਂ ਤਾਂ ਕਰ ਦਿੰਦਾ ਹੈ ਤੰਗ....

ਰੀਛ ਕੇ ਪਾਵ ਮੇਂ ਕੰਡਾ ਚੁੱਭ ਗਿਆ ਦੁਖੀ ਹੂਆ ਬਹੁ ਆਨ ਕਿਸੀ ਪੁਰਸ਼ ਨੇ ਤੁਰੰਤ ਨਿਕਾਲਾ ਦਿਲ ਮੇ ਦਇਆ ਕੋ ਠਾਨ

ਰੀਛ ਕਹੇ ਜੋ ਚਾਹੇ ਸੋ ਮੰਗ ....

ਰੀਛ ਆਖਦਾ ਪੁਰਸ ਕੋ ਤੂ ਮੇਰਾ ਹੈ ਯਾਰ ਮੈਂ ਵੀ ਤੈਨੂੰ ਸੁੱਖ ਦੇਵਾਗਾਂ, ਹੈ ਮੇਰੇ ਸਿਰ ਭਾਰ ਦੇਖ ਸੁਖ ਹੋਵੇਗਾ ਤੂੰ ਦੰਗ.....

ਪੁਰਸ਼ ਕੋ ਨਿਦਰਾ ਆ ਗਈ ਕੁਛ ਹੂਈ ਜਾ ਦੇਰ ਮੱਖੀ ਰੀਛ ਉਡਾਵਦਾ ਮੁੜ ਮੁੜ ਆਵੇ ਫੇਰ ਸੁਣ ਲਵੋ ਤੋਰ ਦਿਉ ਹੁਣ ਰੰਗ.....



ਮਾਰਿਆ ਲੱਫੜ ਮੱਖੀ ਦੇ ਮਾਰ ਗਈ ਉਡਾਰ

ਚੋਟ ਜੋ ਲਾਗੀ ਪੁਰਸ਼ ਕੇ ਗਿਆ ਸਵਰਗ ਸੁਧਾਰ

ਤੋੜ ਦੀਆ ਮੁਖ ਦਾ ਭਾਰੀ ਅੰਗ..... ਮੂਰਖ ਕਾ ਇਲਾਜ ਨਾ ਕਭੀ ਨਾ ਹੋ ਸੁਧਾਰ ਇਨ ਕਾ ਸੰਗ ਤੁਮ ਛੋੜ ਦੇ ਕਰਨਾ ਨਹੀਂ ਪਿਆਰ ਆਖਦਾ ਦਾਸਨ ਦਾਸ ਨਿਸੰਗ....

ਦੋਹਿਰਾ : ਮਿਤਰ ਭਾਵ ਔਰ ਵੈਰ ਭਾਵ ਮੂਰਖ ਸੋ ਦਿਓ ਤੁਮ ਛੋੜ। ਜੇ ਸੁਖ ਚਾਹੋ ਆਪਨਾ ਮੁਖ ਇਨ ਸੇ ਲੈ ਮੋੜ ॥

ਛੰਦ : ਮਿੱਤਰ ਭਾਵ ਔਰ ਵੈਰ ਭਾਵ ਛੱਡ, ਜੋ ਸਾਮਾਨ ਹੀ ਰਹਿਤਾ ਹੈ। ਤਬ ਅਗਮ ਕੁਛ ਮਿਲਤਾ ਹੈ ਔਰ ਆਨੰਦ ਕੋ ਲੈਤਾ ਹੈ ॥ ਸ਼੍ਰੇਸ਼ਟ ਬ੍ਰਾਹਮਣ ਗਏ ਘਰ ਕੋ ਦੇਖ ਭਗਤ ਉਦਾਸ ਹੂਏ। ਭੋਜਨ ਸਭੀ ਤਿਆਰ ਪੜਾ ਹੈ ਕੋ ਖਾਊ ਵਿਸਵਾਸ ਹੂਏ ॥

ਦੋਹਿਰਾ : ਕਪਟੀ ਬ੍ਰਾਹਮਣ ਪਾਸ ਜਾ ਕੀਨੀ ਹੈ ਨਮਸਕਾਰ। ਕ੍ਰਿਪਾ ਕਰਕੇ ਛਕੋ ਜੀ ਭੋਜਨ ਪੜਾ ਤਿਆਰ ॥

ਛੰਦ : ਗੁੱਸੇ ਸੇ ਹੋ ਲਾਲ ਬ੍ਰਾਹਮਣ ਮੁਖ ਸੇ ਜਿਉ ਫੁਰਮਾਤੇ ਹੈਂ। ਤੇਰੇ ਜੈਸੇ ਨੀਚ ਕੇ ਘਰ ਮੇਂ ਕਭੀ ਨਹੀਂ ਹਮ ਜਾਤੇ ਹੈ ॥ ਮ੍ਰਿਤਕ ਪੁਰਸ਼ ਕੋ ਲੈ ਆਨਾ, ਬਤਾਵੇ ਉਸ ਕੀ ਹੈ ਕਿਆ ਜਾਤ। ਕਿਰਿਆ ਕਰਮ ਸਭੀ ਕਰ ਦੀਨੇ ਰਚਿਆ ਭੰਡਾਰਾ ਕਰ ਉਤਪਾਤ ॥ ਭਗਤ ਨੇ ਨਿਮਰ ਭਾਵ ਹੋ ਕਹਾ ਜਾਤ ਕਾ ਮੁਝ ਕੋ ਨਹੀਂ ਪਤਾ। ਪਰਮੇਸ਼ਵਰ ਸਬੰਧੀ ਨਾਤਾ ਮਾਫ ਕੀਜਿਏ ਮੇਰੀ ਖਤਾ ॥ ਸੰਤੋਂ ਮੇਂ ਔਰ ਪਰਮੇਸ਼ਵਰ ਮੇਂ ਭੇਦ ਨਜ਼ਰ ਨਹੀਂ ਆਤਾ ਹੈ। ਹਿੰਦੂ ਵੈਸ਼ਨਵ ਜਾਤ ਪਛਾਣੋ ਸੰਤ ਮੇਰਾ ਹੀ ਨਾਤਾ ਹੈ ॥ ਸੁਨ ਕਰ ਕਪਟੀ ਬ੍ਰਾਹਮਣ ਬੋਲੇ, ਭਗਤ ਨਹੀਂ ਤੂ ਹੈ ਠੱਗ ਭਾਰੀ । ਮਾਲਾ ਗਲੇ ਮੇਂ ਪਾ ਲੀਨੀ ਹੈ ਲੁੱਟ ਲਈ ਹੈ ਖਲਕਤ ਸਾਰੀ ॥ ਤੇਰੇ ਜੈਸੇ ਬਗਲੇ ਭਗਤ ਕੋ ਲੋਗ ਸਭੀ ਅਬ ਮਾਨਤੇ ਹੈ। ਹਮ ਜੋ ਉੱਤਮ ਬ੍ਰਾਹਮਣ ਹੈ ਕੋਈ ਨਹੀਂ ਪਹਿਚਾਨਤੇ ਹੈ ॥ ਕਲਯੁੱਗ ਕਾ ਪ੍ਰਭਾਵ ਹੂਆ ਹੈ ਬਾਤ ਕਿਸੀ ਕੇ ਨਾਹੀ ਬੱਸ। ਪਾਖੰਡੀ ਕੀ ਪੂਜਾ ਹੋਵੇ ਹਮਰਾ ਕਰਤੇ ਹੈਂ ਅਪਜੱਸ ॥ ਹੋਰ ਵੀ ਕੌੜੇ ਬਚਨ ਭਗਤ ਕੋ ਕਈ ਤਰਾਂ ਕੇ ਕਹਿ ਦੀਨੇ। ਜਾ ਤੂ ਮਾਥੇ ਲਾਗ ਨਹੀਂ ਸਭ ਵਚਨ ਭਗਤ ਜੀ ਸਿਹ ਲੀਨੇ ॥

ਦੋਹਿਰਾ: ਲਾਲਾ ਚਾਰਜ ਤੁਰ ਪਏ ਮਨ ਮੇਂ ਹੂਏ ਉਦਾਸ। ਸਕਤੇ ਨਾਲ ਕੀ ਜੋਰ ਹੈ ਆਏ ਸਤਿਗੁਰੂ ਪਾਸ ॥

ਭਗਤ ਮਾਲ ਸੰਗੀਤ-35

ਭੰਡਾਰੇ ਕੀ ਬਾਤ ਜੋ ਸਾਰੀ ਦੇਇ ਸੁਨਾਇ। ਅੰਨ ਪੜਾ ਤਿਆਰ ਜੇ ਬ੍ਰਾਹਮਣ ਕੋਇ ਨਾ ਖਾਇ ॥

ਛੰਦ: ਬਾਤ ਸੁਣੀ ਇਹ ਸੰਤਾਂ ਨੇ ਮਨ ਮੇਂ ਹੂਏ ਬਹੁ ਪ੍ਰਸੰਨ। ਬੜੇ ਆਭਾਗੀ ਵੋ ਹੀ ਨਰ ਹੈ ਜੋ ਤੇਰਾ ਨਹੀਂ ਖਾਤੇ ਅੰਨ ॥ ਜਾਤੀ ਕਾ ਹੈ ਮਾਨ ਉਨੇ ਕੇ ਇਸ ਲੀਏ ਤੋਂ ਸੰਕਾ ਮਾਨਤੇ ਹੈ। ਪ੍ਰੇਮ ਭਗਤਿ ਦਿਲ ਨਹੀ ਉਪਜੀ ਰਸ ਨਾਮ ਹਰੀ ਨਹੀ ਜਾਨਤੇ ਹੈ ॥ ਤੁਮ ਅਪਨੇ ਘਰ ਮੇਂ ਜਾ ਬੈਠੇ ਕੋਈ ਫਿਕਰ ਵੀ ਦਿਲ ਮੇਂ ਕਰੋ ਨਹੀਂ । ਸਭ ਕਾਮ

ਸੰਪੂਰਨ ਹੋ ਜਾਵੇਗੋ ਨੈਨੋ ਮੇਂ ਜਲ ਭਰੋ ਨਹੀ ।। ਏਕ ਹਜਾਰ ਪਤਲ ਚਾਹੀਏ ਡੂਨਾ ਲਿਆਵੇ ਦੋ ਹਜ਼ਾਰ । ਅੰਤਰਯਾਮੀ ਆਪ ਆਵੇਗੇ ਸਭ ਸਮੱਗਰੀ ਕਰੋ ਤਿਆਰ ।।

ਦੋਹਿਰਾ: ਲਾਲਾ ਚਾਰਜ ਖੁਸ਼ੀ ਹੋ ਆ ਗਏ ਅਪਨੇ ਘਰ। ਸਮੱਗਰੀ ਤਿਆਰ ਕਰ ਮਨ ਮੇਂ ਰਿਹਾ ਨਾ ਡਰ ।।

ਛੰਦ: ਅੰਤਰਯਾਮੀ ਸਭ ਦਾ ਸੁਆਮੀ, ਲਾਜ ਰੱਖਦਾ ਆਇਆ ਹੈ। ਸਭ ਦੇਵਤੋਂ ਕੋ ਸਾਥ ਲੀਆ ਤੇ ਬ੍ਰਾਹਮਣ ਭੇਖ ਸਜਾਇਆ ਹੈ ।। ਜਿਸ ਰਸਤੇ ਦੁਸ਼ਟ ਜਨ ਬੈਠੇ ਉਸੀ ਰਸਤੇ ਸੇ ਆਤੇ ਹੈ। ਸਾਥ ਦੇਵਤਾ ਵਿਪਰ ਬਨੇਂ ਹੈ ਵਾਜੇ ਕਈ ਵਜਾਤੇ ਹੈਂ ।। ਬੜਾ ਕੋਲਾਹਲ ਹੋਤਾ ਹੈ ਔਰ ਸੋਭਾ ਹੋਤੀ ਹੈ ਅਪਰਮ ਅਪਾਰ। ਦੁਸਟੋ ਕੀ ਕੁਛ ਪੇਸ ਨਾ ਚਲਤੀ ਜਲ ਬਲ ਸਾਰੇ ਹੋ ਗਏ ਛਾਰ ।। ਆਪਸ ਮੇਂ ਬਾਤੋਂ ਕਰਤੇ ਹੈਂ ਯੇ ਔਰ ਗ੍ਰਾਮ ਸੇ ਲੇ ਆਇਆ। ਹਮ ਨਹੀਂ ਗਏ ਜਿਸ ਕਾਰਨ ਸੇ ਵੋ ਭੇਦ ਨਹੀਂ ਹੈ ਬਤਲਾਇਆ ।। ਇਨ ਬਿਪਰੋ ਕੋ ਖਬਰ ਨਹੀਂ ਹੈ ਲੋਭ ਮੇਂ ਸਾਰੇ ਗ੍ਰਸੇ ਹੂਏ । ਬਸ ਭੋਜਨ ਇਨਕੇ ਛਕਨ ਦਿਓ ਯੇ ਤੋਂ ਸਾਰੇ ਹੈ ਫਸੇ ਹੂਏ ।। ਅਬ ਇਨਕੇ ਕੁਛ ਨਹੀ ਕਹਿਨਾ ਪੀਛੇ ਸੇ ਬਾਤ ਸੁਨਾਵੇਗੇ । ਮ੍ਰਿਤਕ ਕਾ ਸਭ ਹਾਲ ਬਤਾ ਕਰ ਪੀਛੇ ਦੰਡ ਲਗਾਵੇਗੇ ।। ਅਬ ਯੇ ਖੁਸ਼ੀਆ ਕਰਤੇ ਹੈ ਔਰ ਬਾਜੇ ਸਭੀ ਵਜਾਤੇ ਹੈ। ਚੀਲੇ ਕਾਨ ਸਭੀ ਕੇ ਹੋਨੇ ਅਬ ਤੋਂ ਨਹੀ ਸਰਮਾਤੇ ਹੈਂ ।। ਤਬ ਹਾਨੀ ਇਨਕੋ ਹੋਵੇਗੀ ਜੋ ਆਏ ਹੈ ਬਹੁਮਾਨੀ ।। ਭਾਈਚਾਰੇ ਸੋ ਛੇਕ ਦਿਆਗੇ ਬੰਦ ਕਰਾਗੇ ਹੁੱਕਾ ਪਾਨੀ ।। ਇਸ ਤਰਾਂ ਵੋ ਬ੍ਰਾਹਮਣ ਮੂਰਖ ਜੋ ਦਿਲ ਮੇਂ ਖੁਸ਼ ਹੋਤੇ ਹੈ। ਭਗਤ ਕੀ ਨਿੰਦਾ ਕਰਤੇ ਹੈ। ਬਿਨ ਸਾਬਣ ਕੱਪੜੇ ਧੋਤੇ ਹੈ ।। ਭਗਵਾਨ ਸਾਥ ਜੋ ਬ੍ਰਾਹਮਣ ਹੈ ਭਜਨ ਸੁਰੋ ਸੇ ਗਾਵਤ ਹੈ। ਮਿਰਦੰਗ ਬੀਨ ਔਰ ਬੰਸਰੀ, ਝਾਂਜਰ ਕੈਸੀਆ ਖੂਬ ਵਜਾਵਤ ਹੈ ।।

ਭਗਤ ਮਾਲ ਸੰਗੀਤ-36

ਭਗਵਾਨ ਇਸ ਤਰਾਂ ਸੋਭ ਰਹੇ, ਜਿਉ ਸੋਭੇ ਸਸੀ ਤਾਰਾ ਗਣ ਮੇਂ। ਗਲੀਓ ਮੇਂ ਤੁਰੇ ਜਾਤੇ ਹੈ, ਖੁਸ਼ੀ ਹੋਤੀ ਲੋਗੋਂ ਕੇ ਮਨ ਮੇਂ ।। ਯੇ ਭਗਤ ਕੀ ਸਾਰੀ ਕ੍ਰਿਪਾ ਹੈ ਦਿਜ ਸਰੇਸ਼ਟੋ ਕਾ ਦਰਸ਼ਨ ਪਾਇਆ। ਯੇ ਖੁਸ਼ੀ ਤੋ ਵਰਨੀ ਨਾ ਜਾਵੇ ਅੱਜ ਦਿਨ ਵਡਭਾਗੀ ਹੈ ਆਇਆ ।।

ਦੋਹਿਰਾ : ਬਿਪਰ ਜੋ ਵਿਦਵਾਨ ਥੇ, ਜਿਨਕੋ ਥਾ ਵਿਚਾਰ।

ਦਰਸ਼ਨ ਕਰਕੇ ਖੁਸ਼ ਹੂਏ, ਜੈ ਮਹਾਰਾਜ ਉਚਾਰ ।।

ਛੰਦ: ਧੰਨ ਹੈ ਲਾਲਾ ਚਾਰਜ ਜੀ, ਇਹ ਸਭ ਵਿਚਾਰ ਮਿਲ ਕਰਤੇ ਹੈਂ। ਜਿਨਕੇ ਗ੍ਰਹਿ ਮੇ ਐਸੇ ਉੱਤਮ ਬਿਪ੍ਰ ਚਰਨ ਆ ਧਰਤੇ ਹੈ ।। ਇਨਕੇ ਦਰਸ਼ ਮੇ ਹੈ ਤਾਸੀਰ ਜੋ ਖਿਚਾ ਮਨ ਸਬ ਕਾ ਜਾਤਾ ਹੈ। ਜੋ ਬਾਣੀ ਇਨ ਕੀ ਸੁਨਤਾ ਹੈ ਨਾ ਵਾਪਿਸ ਘਰ ਕੋ ਆਤਾ ਹੈ ।। ਸਭ ਮਗਰ ਇਨੋਂ ਕੇ ਲਾਗੇ ਹੈ ਦੇਖੋ ਤੇ ਕੈਸੇ ਹੂਏ ਮਤੀਹ । ਘਰ ਕੇ ਕਾਜ ਸਭੀ ਨੇ ਛੋੜੇ ਨਰ ਨਾਰੀ ਸਭ ਕਰਤੇ ਨੀਂਹ ।। ਵਾਸਦੇਵ ਕੇ ਸਾਥ ਬ੍ਰਾਹਮਣ ਭਜਨ ਪ੍ਰੇਮ ਸੇ ਗਾਤੇ ਹੈ। ਲਾਲਾ ਚਾਰਜ ਕੇ ਘਰ ਪਹੁੰਚੇ ਪੰਗਤ ਸਭੀ ਸਜਾਤੇ ਹੈ।। ਪਹਿਲੇ ਲਾਲਾ ਚਾਰਜ ਜੀ ਨੇ ਸਭ ਕੋ ਸੀਸ ਨਿਵਾਇਆ ਹੈ। ਅਹੋ ਭਾਗ ਮੇਰੇ ਹੂਏ ਜੋ ਆਪ ਨੇ ਦਰਸ਼ ਦਿਖਾਇਆ ਹੈ ।। ਕਈ ਪ੍ਰਕਾਰ ਕੇ ਭੋਜਨ ਜੋ ਥੇ ਬੜੇ ਪ੍ਰੇਮ ਸੇ ਵਰਤਾਏ। ਸੰਤੁਸ਼ਟ

ਮਹਾਤਮਾ ਕੋ ਕਰਕੇ ਪੀਛੇ ਸੇ ਹਾਥ ਹੈ ਧੁਲਵਾਏ ।। ਛਿਲਗ ਇਲਾਇਚੀ ਪਾਨਾ ਬੀੜਾ ਸਭ ਕੋ ਆਦਰ ਸੇ ਦੀਨੇ। ਸਭ ਕੀ ਚਰਨੀ ਸੀਸ ਨਿਵਾਕਰ ਖੁਸ਼ੀ ਭਗਤ ਨੇ ਹੈ ਕੀਨੇ ।। ਬਿਬਾਨ ਸੁਨਹਿਰੀ ਅਕਾਸ਼ੋ ਆਏ ਲੋਕ ਦੇਖਤੇ ਰਹੇ ਖਲੇ। ਸਭੀ ਦੇਵਤਾ ਬੈਠ ਗਏ ਤੇ ਤਰਫ਼ ਆਕਾਸ਼ ਦੀ ਸਭ ਚਲੇ ।। ਸਭੀ ਦੇਵਤਾ ਪਹੁੰਚ ਗਏ ਆਪੋ ਅਪਨੇ ਸੀ ਜੋ ਧਾਮ। ਕਪਟੀ ਬ੍ਰਾਹਮਣ ਸੋਚਨ ਲਾਗੇ ਸੁਧ ਹੋ ਗਿਆ ਭਗਤ ਕਾ ਕਾਮ ।। ਅਬ ਕਿਸਕੋ ਦੰਡ ਲਗਾਵੇਗੇ ਯੇ ਭਾਰੀ ਹਮਰੀ ਹੈ ਗਲਤੀ। ਸ਼ਰਨ ਪਵੋ ਤੇ ਸ਼ਾਤ ਕਰੋ ਜੋ ਅਗਨ ਈਰਖਾ ਹੈ ਬਲਤੀ ।।

ਦੋਹਿਰਾ: ਕੱਠੇ ਹੋ ਗਏ ਦੁਸਟ ਜਨ, ਗਏ ਭਗਤ ਕੇ ਪਾਸਿ। ਗਲ ਮੇਂ ਪੱਲੂ ਪਾ ਲੀਏ, ਕਰਨ ਲਗੇ ਅਰਦਾਸ ।।

ਭਗਤ ਮਾਲ ਸੰਗੀਤ- 37

ਭਜਨ

ਟੇਕ: ਤੇਰੇ ਆ ਗਏ ਭਗਤ ਜੀ ਦੁਆਰੇ, ਬਖਸ਼ੋ ਹੁਣ ਔਗੁਣ ਸਾਰੇ....

ਅਸਾਂ ਭੇਦ ਨਾ ਤੁਮਰਾ ਜਾਤਾ ਸੀ, ਭਗਤੀ ਕੋ ਨਹੀਂ ਪਛਾਤਾ ਸੀ ਤਾਂ ਹੀ ਤੋਂ ਪਾਪੀ ਭਾਰੇ ਤੇਰੇ.....

ਹਮ ਜਾਤ ਕੇ ਬਹੁ ਅਭਿਮਾਨੀ ਹੈਂ, ਨਹੀਂ ਭਗਤੀ ਦਿਲ ਮੇਂ ਆਨੀ ਹੈ ਨਿੰਦਿਆ ਕਰਤੇ ਥੇ ਸਾਰੇ.....

ਸਾਂਨੂ ਭੁਲਿਆਂ ਨੂੰ ਰਸਤੇ ਪਾਵੈਂ ਜੀ, ਸਾਨੂੰ ਆਪਣੇ ਦਾਸ ਬਨਾਵੇਂ ਜੀ . ਕਰ ਦਿਓ ਹੁਣ ਬੇੜੇ ਪਾਰੇ, ਤੇਰੇ ਆ ਗਏ.....

ਬਖਸ਼ੋ ਜੀ ਪ੍ਰੇਮ ਔਰ ਭਗਤੀ ਜੋ, ਅਸਾਂ ਦੇਖੀ ਤੁਮਰੀ ਸ਼ਕਤੀ ਜੋ ਆਪ ਜਿਤ ਗਏ ਹਮ ਹਾਰੇ ਤੇਰੇ.....

ਇਸ ਨਾਮ ਮੇਂ ਬਹੁਤੀ ਸ਼ਕਤੀ ਹੈ, ਪ੍ਰਭੂ ਆਏ ਦੇਖ ਕਰ ਭਗਤੀ ਹੈ ਦੀਆ ਦਰਸ਼ਨ ਸਭ ਨਰ ਤਾਰੇ ਤੇਰੇ.....

ਅਸੀਂ ਆ ਗਏ ਆਪਕੀ ਸ਼ਰਨੀ ਜੀ, ਹੁਣ ਲਾਵੋ ਜਲਦੀ ਚਰਨੀ ਜੀ ਹਮ ਦਾਸਨ ਦਾਸ ਹਤਿਆਰੇ ਤੇਰੇ....

ਦੋਹਿਰਾ: ਸੁਨ ਕਰ ਬੇਨਤੀ ਭਗਤ ਜੀ ਹੋ ਗਏ ਤੁਰੰਤ ਦਿਆਲ। ਜਿਨ ਕਾ ਦਿਨ ਅਤਿ ਨਰਮ ਹੈ ਵੈਰ ਨਾ ਕਿਸੀ ਦੇ ਨਾਲ ।।

ਛੰਦ: ਹੇ ਬ੍ਰਾਹਮਣੋ ਜੀ ਤੁਮ ਦਇਆ ਕਰੋ, ਮੈਂ ਸਭਕਾ ਦਾਸ ਕਹਾਤਾ ਹੂੰ। ਤੁਮ ਤੋਂ ਪੂਜਣ ਯੋਗ ਹਮਾਰੇ, ਕ੍ਰਿਪਾ ਆਪ ਕੀ ਚਾਹਤਾ ਹੂੰ ।। ਇਹ ਯੱਗ ਸ਼ੇਸ਼ ਜੋ ਬਚਿਆ ਹੈ ਆਪ ਭੀ ਭੋਜਨ ਪਾ ਲੀਜੇ । ਪੀਛੇ ਸੇ ਹਮ ਪਾਵੇਗੇ ਜੋ ਸੀਤ ਪ੍ਰਸਾਦ ਹੈ ਖਾ ਲੀਜੋ ।। ਸੁਨਕਰ ਬ੍ਰਾਹਮਣ ਕਹਿਨ ਲਗੇ ਕਿਉਂ ਇਤਨਾ ਪਾਪ ਚੜਾਤੇ ਹੈ। ਪਤਲੋਂ ਕੀ ਜੋ ਜੂਠ ਪੜੀ ਹੈ ਸਭ ਕੋ ਹਮ ਖਾ ਜਾਤੇ ਹੈ ।। ਜੋ ਬੁਲਾਏ ਹੂਏ ਨਹੀਂ ਆਤੇ ਥੇ ਔਰ ਜਾਤੀ ਸੰਕਾ ਸੀ ਅਭਿਮਾਨ। ਪਤਲਾਂ ਵਿਚੋਂ ਦੇਖ ਭਾਲ ਕੇ ਜੂਠਾ, ਬਚਿਆ ਲਾਗੇ ਖਾਨ ।। ਖਤਰੀ ਬ੍ਰਾਹਮਣ ਜੂਠ ਖਾਇ ਕੇ ਮਨ ਮੇਂ ਬਹੁ ਖੁਸ਼ ਹੋਤੇ ਹੈ। ਦੇਵਤਿਆ ਕੀ ਮਿਠੀ ਜੂਨ ਬਸ ਪਾਪ ਸਭੀ ਹਮ ਧੋਤੇ ਹੈ ।। ਸਭ ਸੇ ਉਤਮ ਭਗਤੀ ਇਹ ਬਾਤ ਅਸਾਂ

ਨੇ ਜਾਨ ਲਈ। ਸੰਤ ਸੰਗ ਕੀ ਉਪਮਾ ਜਿਆਦਾ ਹੈ ਇਹ ਵੀ ਦਿਲ ਮੇਂ ਠਾਨ ਲਈ ।। ਸੰਤ ਦਿਆਲੂ ਕਿਰਪਾਲੂ ਹੈਂ ਚਰਨ ਧੂੜ ਕਾ ਮਿਲੇ ਜੇ ਦਾਨ। ਜੋ ਨਰ ਅਪਨੇ ਮਸਤਕ ਲਾਵੇ ਫਿਰ ਹੋ ਜਾਤਾ ਹੈ ਕਲਿਆਣ ।। ਐ ਸ਼ਰੋਤਾ ਗੁਣ ਅਬ ਦਿਲ ਮੇਂ ਸੋਚੋ ਸੰਤ ਧੂੜ ਕਾ ਕਿਆ ਪ੍ਰਤਾਪ ।

ਭਗਤ ਮਾਲ ਸੰਗੀਤ -38

ਲਾਲਾ ਚਾਰਜ ਜੀ ਸੰਤੋ ਕਾ ਸੰਗ ਕਰਕੇ ਪਹਿਲੇ ਉਧਰੇ ਆਪ ।। ਹਜਾਰੋਂ ਜੀਆ ਕਾ ਕੀਆ ਉਧਾਰ ਵਾਸਦੇਵ ਜੀ ਆਪ ਆਏ ।। ਲਾਲਾ ਚਾਰਜ ਹੋ ਗਏ ਰੋਸ਼ਨ ਘਰ ਘਰ ਮੇਂ ਸਬ ਜਸ ਗਾਏ ।। ਜੋ ਲੋਗ ਭਗਤ ਕੀ ਕਰਤੇ ਨਿੰਦਾ ਅਬ ਵੋ ਹੀ ਤੋਂ ਪੂਜਾ ਕਰਤੇ ਹੈ। ਸੰਤ ਸੰਗ ਕੀ ਹੈ ਯੇ ਮਹਿਮਾ ਚਰਨ ਧੂੜ ਲਾਇ ਤਰਤੇ ਹੈਂ ।। ਤਾਂਤੇ ਆਓ ਸਰੋਤਾ ਗਣ ਕਰ ਲੀਜੇ ਅਬ ਸਾਧੂ ਸੰਗ। ਜਨਮ ਸਫ਼ਲ ਹੈ ਕਰ ਲੀਜੋ ਨਹੀਂ ਤਾ ਜਾਤਾ ਹੈ ਭਾੜੇ ਭੰਗ ।।

ਭਜਨ

ਟੇਕ : ਮਿਲ ਕਰ ਸਾਧੂਆਂ, ਸਾਧੂਆਂ ਧੂੜੀ ਕਰ ਇਸ਼ਨਾਨ............. ਸੰਤਸੰਗ ਜੋ ਨਰ ਕਰਤੇ ਹੈ, ਹੋ ਜਾਵੇ ਕਲਿਆਣ ਚਰਨ ਧੂੜ ਜੋ ਮਸਤਕ ਲਾਈਏ, ਹੋ ਜਾਤਾ ਹੈ ਗਿਆਨ ਵੱਡੇ ਭਾਗ ਜੇ ਚਰਨ ਰੇਨ ਮਿਲੇ, ਲਾਗੇ ਸਹਿਜ ਧਿਆਨ ਦਾਸਨ ਦਾਸ ਕਰੇ ਅਰਜੋਈ, ਚਰਨ ਧੂੜ ਮਿਲੇ ਆਨ.....

ਦੋਹਿਰਾ : ਸੰਤਸੰਗ ਔਰ ਚਰਨ ਰੇਨ ਕੀ ਮਹਿੰਮਾ ਅਪਰਮ ਅਪਾਰ । ਜਨਮ ਸਫ਼ਲ ਹੋ ਜਾਏਗਾ ਜਪੋ ਜਾਪ ਕਰਤਾਰ ।। ਸਤਿਗੁਰ ਕ੍ਰਿਪਾ ਹੋ ਗਈ ਪੂਰਾ ਹੂਆ ਅਧਿਆਇ । ਪੜੇ ਸੁਣੇ ਜੋ ਪ੍ਰੇਮ ਸੇ ਪਾਪ ਨਸ਼ਟ ਹੋ ਜਾਇ ।।

**ਇਤ ਸ੍ਰੀ ਭਗਤ ਮਾਲ ਸੰਗੀਤ ਲਾਲਾ ਚਾਰਜ ਜੀ ਦੀ ਸਾਖੀ ਵਰਣਨੰ ਨਾਮ ਪੰਚਮੋਂ ਅਧਿਆਇ ਸਮਾਪਤਮ ।। ੫ ।। ਸਤਿ ਕਰਤਾਰ**

ਭਗਤ ਮਾਲ ਸੰਗੀਤ - 39

ੴ ਸਤਿਗੁਰ ਪ੍ਰਸਾਦਿ ।।

**ਅਥ ਗਨਿਕਾ ਦਾ ਪ੍ਰਸੰਗ -6**

ਦੋਹਿਰਾ: ਜੈ ਗੁਰੁ ਨਾਨਕ ਦੇਵ ਜੀ ਮਹਿਮਾਂ ਅਪਰਮ ਅਪਾਰ। ਦਸਮ ਗੁਰਾਂ ਕੇ ਬੰਦਨਾਂ ਕਲਯੁਗ ਕੇ ਅਵਤਾਰ ।। ਸ੍ਰੀ ਗੁਰੂ ਹਰਨਾਮ ਜੀ ਮਹਿਮਾ ਕਹੀ ਨਾ ਜਾਇ। ਗਨਿਕਾ ਕੀ ਸਾਖੀ ਕਹੂੰ ਹੋਵੇ ਆਪ ਸਹਾਇ ।।

ਗੁਰਬਾਣੀ: ਗਨਿਕਾ ਉਧਰੀ ਹਰਿ ਕਹ ਤੱਤ।

ਭਾਈ ਗੁਰਦਾਸ ਜੀ:

ਵਾਰ ੧੦ ਪਉੜੀ ੨੧

ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰ ਪਰੋਤਾ । ਮਹਾਂਪੁਰਖ ਅਚਾਣਚੱਕ ਗਨਿਕਾ ਵਾੜੇ ਆਇ ਖਲੋਤਾ ।। ਦੁਰਮਤਿ ਦੇਖਿ ਦਇਆਲੂ ਹੋਇ ਹਥਹੁ ਉਸਨੇ ਦਿਤੋਨੁ ਤੋਤਾ । ਰਾਮੁ ਨਾਮੁ ਉਪਦੇਸ਼ ਕਰਿ ਖੇਲਿ ਗਇਆ ਦੇਵਨ ਜਸਓਤਾ ।। ਲਿਵਲਾਗੀ ਤਿਸੁ ਤੋਤਿਅਹੁ ਨਿਤ ਪੜਾਏ ਕਰੈ ਅਸੋਤਾ। ਪਤਿਤੁ ਉਧਾਰਣੁ ਰਾਮ ਨਾਮ ਦੁਰਮਤਿ ਪਾਪ ਕਲੇਵਰੁ ਧੋਤਾ ।। ਅੰਤ ਕਾਲ ਜੰਮਜਾਲ ਤੋੜ ਨਰਕੈ ਵਿੱਚ ਨਾ ਖਾਦੇਸੁ ਗੋਤਾ। ਗਈ ਬੈਕੁੰਠ ਬਿਬਾਨ ਚੜ ਨਾਉ ਨਰਾਇਨ ਛੋੜ ਅਛੋਤਾ ।।

" ਥਾਉ ਨਿਥਾਵੈ ਮਾਣ ਮਣੇਤਾ "

ਛੰਦ: ਮਨ ਮੇਰੇ ਜਪ ਨਾਮ ਹਰੀ, ਇਹ ਨਾਮ ਬੜਾ ਸੁਖਦਾਈ ਹੈ।ਗਨਿਕਾ ਕਾ ਪ੍ਰਸੰਗ ਸੁਨੇ, ਅਬ ਕੈਸੇ ਮੁਕਤੀ ਪਾਈ ਹੈ।। ਨਾਮ ਚੰਦਰ ਮਨੀ ਇਸਕੋ ਕਹਿਤੇ ਰੂਪ ਮੇਂ ਬਹੁ ਭਰਪੂਰ ਹੂਈ ।। ਜੇ ਕੋਈ ਨਰ ਇਸਕੇ ਦੇਖੇ ਬਸ ਸ਼ਰਮ ਤੋਂ ਸਾਰੀ ਦੂਰ ਹੁਈ। ਗੁਨ ਅਕਲ ਸ਼ਕਲ ਕੀ ਬਹੁਤੀ ਥੀ ਪਰ ਪਾਪ ਰਾਤ ਦਿਨ ਕਰਤੀ ਥੀ ।। ਨਾਮ ਹਰੀ ਕਾ ਕਭੀ ਭੂਲ ਕਰ ਹਿਰਦੇ ਮੇਂ ਨਹੀਂ ਧਰਤੀ ਥੀ। ਇਕ ਰੋਜ਼ ਮਹਾਤਮਾਂ ਫਿਰਤੇ ਹੂਏ ਉਸੀ ਗਾਂਵ ਮੇਂ ਆਨ ਬੜੇ। ਜ਼ੋਰ ਸੇ ਬਾਦਲ ਬਰਸ ਰਹਾ ਔਰ ਚਾਰੋ ਤਰਫ਼ ਘਮਸਾਨ ਬੜੇ ।। ਨਮਸਕਾਰ ਕਰੀ ਸੰਤਾਂ ਕੋ ਬੜੇ ਆਦਰ ਸੇ ਬਿਨਲਾਏ ਹੈ। ਸਭ ਭੀਗੇ ਬਸਤਰ ਉਤਰਾਏ ਔਰ ਸੁਕੇ ਬਸਤਰ ਪਹਿਨਾਏ ਹੈ ।। ਬਰਸਨ ਤੋਂ ਵਰਖਾ ਬੰਦ ਭਈ ਫੋਰਨ ਹੋ ਸੰਤ ਤਿਆਰ ਚਲੋ। ਗਨਿਕਾ ਬਿਨਤੀ ਕਰਨ ਲਗੀ ਹੈ ਦੋਨੋਂ ਹਾਥ ਸੇ ਚਰਨ ਮਲੇ ।। ਹੇ ਮਹਾਂਰਾਜ ਤੁਮ ਦਿਆਲੂ ਹੋ ਦੁਸ਼ਟੋ ਕੇ ਬੰਧਨ ਕੱਟਤੇ ਹੋ। ਮੈਂ ਪਾਪਨ ਕੇ ਵੀ ਤਾਰ ਜਾਓ ਤੁਮ ਨਾਮ ਹਰੀ ਕਾ ਰਟਤੇ ਹੋ।। ਜੈਸੇ ਕਾਠ ਕੇ ਸੰਗ ਲੋਹਾ ਵੀ ਬੋਤਲ ਬਹੁਤਾ ਤਰਤਾ ਹੈ। ਬਸ ਏਸ ਤਰਾਂ ਹੀ ਤਾਰ ਜਾਵੇ, ਤਭੀ ਕਾਰਜ਼ ਮੇਰਾ ਸਰਤਾ ਹੈ ।।

ਭਗਤ ਮਾਲ ਸੰਗੀਤ -40

ਭਜਨ

ਟੇਕ: ਮੇਰੇ ਉਪਰ ਕਰੋ ਉਪਕਾਰ ਜਰਾ, ਮੈਨੂੰ ਪਾਪਨ ਨੂੰ ਦੇਨਾਂ ਤਾਰ ਜਰਾ.....

ਉਮਰ ਸਾਰੀ ਬੀਤ ਗਈ ਮੈ ਕੀਆ ਪੁੰਨ ਨਾ ਦਾਨ ਹੈ ਬਰਤ ਤੀਰਥ ਨਾ ਕੀਆ ਮੈਂ ਭਰੀ ਰਹੀ ਅਭਿਮਾਨ ਹੈ ਮੇਰੇ ਸਿਰ ਤੋਂ ਉਤਾਰੋ ਭਾਰ ਜ਼ਰਾ। ਮੇਰੇ ਉਪਰ.....

ਸੰਤੋ ਕਾ ਜੋ ਸੰਗ ਮੈਨੇ ਭੁੱਲ ਕਰ ਨਹੀਂ ਕੀਤੜਾ ਨਾਮ ਜਪਨੇ ਵਲੋਂ ਮੇਰਾ ਰਿਹਾ ਮੁੱਖ ਸੀਤੜਾ ਮੇਰਾ ਕਰ ਦਿਓ ਦੂਰ ਹੰਕਾਰ ਜ਼ਰਾ। ਮੇਰੇ ਉਪਰ.....

ਰਾਤ ਦਿਨੇ ਪਾਪ ਕਰਕੇ ਪੇਟ ਰਹੀ ਸੀ ਪਾਲਦੀ ਰੂਪ ਕਾ ਥਾ ਮਾਨ ਮੁੜਕੇ ਕਾਮੀਆਂ ਨੂੰ ਗਾਲਦੀ ਡੁੱਬਦੀ ਕਿਸ਼ਤੀ ਨੂੰ ਦੇਣਾ ਤਾਰ ਜ਼ਰਾ । ਮੇਰੇ ਉਪਰ.....

ਹੇ ਸੰਤ ਜੀ ਮੈ ਸ਼ਰਨ ਆਈ ਕ੍ਰਿਪਾ ਮੁਝ ਪਰ ਕੀਜੀਏ ਪਾਪੀਆ ਨੂੰ ਤਾਰਦੇ ਹੋ ਤਾਰ ਮੁਝਕੋ ਦੀਜਿਏ ਦਾਸਨ ਦਾਸਾਂ ਦੇ ਪਾਪ ਦਿਓ ਜਾਰ ਜਰਾ। ਮੇਰੇ ਉਪਰ.....

ਛੰਦ: ਸੰਤ ਨੇ ਮਨ ਵੀਚਾਰ ਕੀਆ। ਇਹ ਪਾਪਨ ਬਹੁ ਹਤਿਆਰੀ ਹੈ। ਲੇਕਿਨ ਸ਼ਰਮ ਹਮਾਰੀ ਆ ਗਈ ਬਿਨਤੀ ਬਹੁਤ ਉਚਾਰੀ ਹੈ ।। ਇਕ ਤੋਤਾ ਸੰਤ ਕੇ ਪਾਸ ਹੀ ਖਾਂ ਜੋ ਅਪਨੇ ਹਾਥ ਸੇ ਪਾਲਾ ਹੈ। ਲੈ ਇਸਤੋਂ ਅਪਨੇ ਪਾਸ ਰੱਖੀਂ ਗਨਿਕਾ ਕੋ ਤਬੀ ਸੰਭਾਲਾ ਹੈ ।। ਹਮ ਚਲੇ ਹੈ ਤੀਰਥ ਯਾਤਰਾ ਕੋ ਪੜਾਈ ਤੋਤੇ ਕੋ ਤੂੰ ਰਾਮ । ਵਾਪਸ ਇਸ ਕੋ ਹਮ ਲਵੇਗੇ ਸੁਧ ਹੋ ਜਾਵੇ ਤੁਮਰਾ ਕਾਮ ।।

ਦੋਹਿਰਾ: ਇਤਨਾ ਕਹਿ ਕੇ ਸੰਤ ਜੀ ਤੀਰਥ ਗਏ ਸਿਧਾਰ। ਉਸ ਤੋਤੇ ਮੇਂ ਨਾਰ ਕਾ ਹੋ ਗਿਆ ਅਧਿਕ ਪਿਆਰ

ਭਜਨ

ਟੇਕ: ਕਹਿ ਤੂ ਗੰਗਾਰਾਮ ਰਾਮ ਰਾਮ ਬਿਨਾਂ ਸਭ ਝੂਠੇ ਕਾਮ.....

ਪੜ ਲੈ ਪੇਤੀ ਚਤਰ ਸੁਜਾਨ ਸਭ ਕਾ ਦਾਤਾ ਸ੍ਰੀ ਭਗਵਾਨ ਜੰਗ ਮੇ ਇਹੋ ਸੱਚਾ ਨਾਮ.....

ਰਾਮ ਕਾ ਨਾਮ ਜਗਤ ਮੇ ਸਾਰ ਰਾਮ ਕਹੋ ਤਬ ਬੇੜਾ ਪਾਰ ਮਿਲ ਜਾਵੇਗਾ ਸੱਚਾ ਧਾਮ.....

ਰਾਮ ਬਿਨਾ ਨਹੀ ਖਲਕਤ ਤਰਦੀ, ਨਾਮ ਬਿਨਾਂ ਕੋਈ ਹੋਰ ਨਾ ਦਰਦੀ ਰਾਮ ਬੋਲ ਕੁਛ ਲੱਗੇ ਨਾ ਦਾਮ.....

ਸੰਤਾਂ ਨੇ ਮੁਝ ਕੋ ਫੁਰਮਾਇਆ ਰਾਮ ਰਾਮ ਹੈ ਤੁਝੇ ਸਿਖਾਇਆ,ਰਾਮ ਰਾਮ ਕਹਿ ਸੁਬਹ ਤੇ ਸਾਮ..

ਭਗਤ ਮਾਲ ਸੰਗੀਤ-41

ਦੋਹਿਰਾ : ਇਸ ਤਰਾਂ ਸਿਖਲਾਂਵਦੀ ਤੋਤੇ ਕੋ ਦਿਨ ਰਾਤ। ਬੁਰੇ ਕਾਮ ਸਭ ਭੁਲ ਗਏ ਰਾਮ ਹੀ ਰਾਮ ਧਿਆਤ ।।

ਛੰਦ :

ਦਿਨ ਰਾਤ ਰਾਮ ਹੀ ਰਾਮ ਕਰੇ, ਅਬ ਕਾਜ ਨਾ ਕੋਈ ਕਰਤੀ ਹੈ।ਪਾਪ ਦੂਰ ਹੋ ਗਏ ਗਨਿਕਾ ਕੇ, ਜਿਉਂ ਅਗਨ ਸੇ ਲਕੜੀ ਜਨਤੀ ਹੈ । ਜਾਂ ਜਿਉਂ ਸਾਬਨ ਸੇ ਕਪੜਾ ਮੈਲਾ ਸ਼ੀਘਰ ਸਾਫ਼ ਹੋ ਜਾਤਾ ਹੈ। ਬਸ ਇਸੀ ਤਰਾਂ ਸੇ ਤਨ ਗਨਿਕਾ ਕਾ ਰਾਮ ਕਹੇ ਸੋਹਾਤਾ ਹੈ ।।

ਗੁਰਬਾਣੀ :

ਰਾਮਕਲੀ ਮਹਲਾ ੫ ।। [ ੯੧੪ - ੧੫ ]

ਜਿਉਂ ਸਾਬੁਨਿ ਕਾਪਰ ਊਜਲ ਹੋਤ ।। ਨਾਮ ਜਪਤ ਸਭੁ ਭ੍ਰਮ ਭਉ ਖੇਤ ।। ਉਮਰ ਹੁਈ ਗਨਿਕਾ ਕੀ ਪੂਰੀ, ਕਾਲ ਨੇ ਫੇਰੇ ਪਾਏ ਹੈ। ਬਸ ਉਸੀ ਸਮੇਂ ਧਰਮਰਾਜ ਕੇ, ਦੂਤ ਵੀ ਲੇਨੇ ਆਏ ਹੈ ।। ਬੜੇ ਭਿਆਨਕ ਹੈ ਰੂਪ ਜਿਨਾਂ ਕੇ,

ਹਾਥ ਮੇਂ ਸੰਗਲ ਔਰ ਬਰਛੀ। ਗਨਿਕਾ ਕੋ ਡਰ ਦਿਖਲਾਤੇ ਹੈ, ਨਿਗਾਹ ਜੋ ਕਰਤੇ ਹੈ ਤਿਰਛੀ ।। ਡਰ ਕਰ ਗਨਿਕਾ ਕਹਿਨ ਲਗੀ ਹੋ ਤੋਂਤੇ ਕਹਿ ਤੂ ਰਾਮ ਹੀ ਰਾਮ। ਔਖੇ ਵੇਲੇ ਰਾਮ ਸਹਾਈ ਔਰ ਨਾ ਆਤਾ ਕੋਈ ਕਾਮ ।। ਰਾਮ ਰਾਮ ਸ੍ਰੀ ਰਾਮ ਰਾਮ ਕਾ ਕਰ ਤੂੰ ਤੋਤੇ ਸੀਘਰ ਜਾਪ । ਰਾਮ ਕਾ ਨਾਮ ਪਵਿੱਤਰ ਐਸਾ ਨਸ਼ਟ ਹੋਵਦੇ ਸਾਰੇ ਪਾਪ ।।

ਦੋਹਿਰਾ:

ਰਾਮ ਨਾਮ ਕੀ ਲੂਟ ਹੈ ਲੂਟ ਸਕੇ ਤੋ ਲੂਟ ।। ਇਤਨਾ ਹੀ ਕਹਿ ਕਰ ਨਾਰ ਕੇ ਪ੍ਰਾਣ ਗਏ ਫਿਰ ਛੂਟ ।।

ਗੁਰਬਾਣੀ :

ਊਚੇ ਮੰਦਰ ਸਾਲ ਰਸੋਈ।। ਏਕ ਘਰੀ ਫੁਨਿ ਰਹਨੁ ਨ ਹੋਈ ।।੧।। ਇਹੁ ਤਨੁ ਐਸਾ ਜੈਸਾ ਘਾਟ ਕੀ ਟਾਟੀ ।। ਜਿਲਿ ਗਇਓ ਘਾਸ ਰਲਿ ਗਇਓ ਮਾਟੀ ।। ੧ ।। ਰਹਾਉ ।। ਭਾਈ ਬੰਧ ਕੁਟੰਬ ਸਹੇਰਾ ।। ਓਇ ਭੀ ਲਾਗੇ ਕਾਢੁ ਸਵੇਰਾ ।।੨।। ਸਰ ਕੀ ਨਾਰਿ ਉਰਹਿ ਤਨ ਲਾਗੀ ।। ਉਹ ਤਉ ਭੂਤ ਭੂਤ ਕਰ ਭਾਗੀ ।। ੩ ।। ਕਹਿ ਰਵਿਦਾਸ ਸਭੈ ਜਗ ਲੁਟਿਆ।। ਹਮ ਤਉ ਏਕ ਰਾਮ ਕਹਿ ਛੂਟਿਆ ।।੪ ।। ੩ ।।

ਛੰਦ:

ਪਾਰਖਦੋ ਕੋ ਵਾਸਦੇਵ ਨੇ ਐਸਾ ਹੁਕਮ ਲਗਾਇਆ ਹੈ। ਛੁਡਾਇ ਜਮਾਂ ਤੇ ਲਿਆਵੋ ਗਨਿਕਾ ਕਿਉਂ ਇਤਨਾ ਚਿਰ ਲਾਇਆ ਹੈ ।। ਤਿਸੀ ਕਾਲ ਮੇਂ ਪਾਰਖਦੇ ਨੇ ਗਨਿਕਾ ਕੋ ਛੁਡਾਇ ਲੀਆ। ਸੁੰਦਰ ਜੋ ਬਿਮਾਨ ਸੁਨਿਹਰੀ ਉਸ ਕੇ ਬੀਚ ਬਿਠਾਇ ਦੀਆ ।। ਧਰਮ ਰਾਜ ਕੇ ਦੂਤੋ ਕੋ ਬਹੁਤ ਹੀ ਫਿਰ ਤਾੜਤੇ ਹੈਂ । ਦੂਤ ਵਿਚਾਰੇ ਦੇਖਤੇ ਰਹਿ ਗਏ ਬਿਮਾਨ ਆਕਾਸ਼ ਕੋ ਚਾੜਤੇ ਹੈ ।। ਨਾਮ ਕਾ ਜਿਹ ਪਰਤਾਪ ਦੇਖ ਲੋ ਕੈਸਾ ਮਰਤਬਾ ਪਾਇਆ ਹੈ।



ਐਸਾ ਨਾਮ ਹਰੀ ਦਾ ਸੁੰਦਰ ਕਿਉ ਦੇ ਮਨ ਤੂ ਹੀ ਭੁਲਾਇਆ ਹੈ।। ਤੋਂਤੇ ਕੋ ਪੜਾਵੇ ਗਨਕਾ ਰਾਮ ਰਾਮ ਜੋ ਥੀ ਕਹਿਤੀ। ਅੰਤ ਕੋ ਚਲੀ ਗਈ ਪਰਮਧਾਮ ਕੋ ਨਰਕਾਂ ਵਿੱਚ ਨਹੀਂ ਬਹਿਤੀ ।। ਐ ਮੇਰੇ ਮਨਿ ਸੱਚੇ ਦਿਲ ਸੇ ਜੇਕਰ ਨਾਮ ਧਿਆਵੇਗਾ । ਸੰਤਾ ਕਾ ਜੋ ਸੰਗ ਕਰੋ ਤਾਂ ਜਨਮ ਮਰਨ ਕੱਟ ਜਾਵੇਗਾ ।। ਇਸੀ ਲੀਏ ਸਾਖੀ ਗਨਿਕਾ ਕੀ ਤੇਰੇ ਲੀਏ ਸੁਨਾਈ ਹੈ। ਨਾਮ ਜਪੋ ਭਵਸਾਗਰ ਤਰਨਾਂ ਨਾਮ ਬੜਾ ਸੁਖਦਾਈ ਹੈ ।। ਅਜਾਮਲ ਕੋ ਇਸੀ ਨਾਮ ਨੇ ਦੇਖੋ ਛਿਨ ਮੇ ਤਾਰਾ ਜੋ । ਇਸੀ ਨਾਮ ਨੇ ਤਾਰ ਦੀਆ ਹੈ ਬਾਲਮੀਕ ਵਟਵਾਰਾ ਜੋ।। ਧ੍ਰੂ ਭਗਤ ਨੇ ਨਾਮ ਜਪਾ, ਅਟੱਲ ਪਦਵੀ ਜੋ ਪਾਈ ਹੈ। ਲਾਲਾ ਚਾਰਜ ਤਰਿਆ ਨਾਮ ਜਪ ਗਨਿਕਾ ਪ੍ਰਮਗਤ ਪਾਈ ਹੈ।। ਸਤਿਗੁਰ ਜੀ ਦੀ ਕ੍ਰਿਪਾ ਹੋਈ ਪੂਰਾ ਹੂਆ ਇਹ ਅਧਿਆਇ । ਪੜੇ ਸੁਨੇ ਜੋ ਪ੍ਰੇਮ ਸੇ ਪਾਪ ਨਸ਼ਟ ਹੋ ਜਾਇ ।।

ਭਜਨ

ਟੇਕ:

ਭਗਵਨ ਜੀ ਪਾਪੀਆਂ ਨੂੰ ਤੂ ਹੀ ਤਾਰਦਾ, ਤੇਰਾ ਨਾਮ ਪਤਿਤ ਹੈ ਪਾਵਨ.... ਸੁਆਮੀ ਜੀ ਅਜਾਮਲ ਤੂੰ ਹੀ ਤਾਰਿਆ.... ਮਰਤੀ ਵਾਰ ਕੀਆ ਆਵਰਨ। ਸੁਆਮੀ ਜੀ ਬਾਲਮੀਕ ਤੂੰ ਹੀ ਤਾਰਿਆ, ਲਾਗਾ ਅੰਤ ਕੇ ਨਾਮ ਧਿਆਵਨ। ਭਗਵਨ ਜੀ ਲਾਲਾ ਚਾਰਜ ਤੂੰ ਹੀ ਤਾਰਿਆ, ਆ ਗਏ ਭੋਜਨ ਉਸ ਦੇ ਖਾਵਨ । ਸੁਆਮੀ ਜੀ ਗਨਿਕਾ ਨੂੰ ਤੂ ਹੀ ਤਾਰਿਆ, ਦਾਸਨ ਦਾਸ ਤੇਰੇ ਦਰ ਜਾਵਨ।

**ਇਤਿ ਸ੍ਰੀ ਭਗਤ ਮਾਲ ਸੰਗੀਤ ਗਨਿਕਾ ਦਾ ਪ੍ਰਸੰਗ ਵਰਣਨੰ ਅਧਿਆਇ ਛਟਮੋ ਸਮਾਪਤਮ ॥੬॥ ਸਤਿ ਕਰਤਾਰ**

ਭਗਤ ਮਾਲ ਸੰਗੀਤ -43

ੴ ਸਤਿਗੁਰ ਪ੍ਰਸਾਦਿ ॥

**<u>ਅਥ ਗਜਇੰਦ੍ਰ ਦਾ ਪ੍ਰਸੰਗ -7</u>**

ਦੋਹਿਰਾ :

ਆਦਿ ਪੁਰਖ ਕੋ ਬੰਦਨਾ, ਸ੍ਰੀ ਓਮ ਕਰਤਾਰ। ਸਭ ਸ੍ਰਿਸ਼ਟੀ ਕੋ ਸਾਜ ਕੇ, ਆਪ ਕਰੇ ਪ੍ਰਿਤਪਾਰ ॥ ਨਮੋ ਨਮੋ ਗੁਰਦੇਵ ਕੋ, ਹੋਵੋ ਆਪ ਸਹਾਇ। ਗਜਇੰਦ੍ਰ ਕਾ ਪ੍ਰਸੰਗ ਜੋ, ਨਿਜ ਮਨ ਕਹੂ ਸੁਨਾਇ ॥ " ਗਜਇੰਦ੍ਰ ਧਿਆਇਓ ਹਰਿ ਕੀਓ ਮੋਖ "

ਛੰਦ :

ਗਜ ਹਸਤੀ ਕਾ ਜੋ ਪ੍ਰਸੰਗ ਨਿਜ ਮਨ ਕੋ ਹੀ ਸੁਨਾਤਾ ਹੈ। ਪਰਮਾਤਮ ਕਾ ਨਾਮ ਲੀਏ ਸੇ ਪਸ਼ੂ ਜੂਨ ਤਰ ਜਾਤਾ ਹੈ ॥ ਸ੍ਰੀ ਗੁਰੂ ਦੇਵ ਕਾ ਆਸਰਾ ਲੇਕਰ ਜੇਕਰ ਨਾਮ ਧਿਆਵੇਗਾ। ਗਜਇੰਦ੍ਰ ਜਿਓ ਤਰਿਆ ਨਾਮ ਲੈ ਮਨ ਤੂ ਵੀ ਤਰ ਜਾਵੇਗਾ ॥ ਤ੍ਰਿਕੂਟ ਨਾਮ ਇੱਕ ਪਰਬਤ ਹੈ ਖੀਰ ਸਮੁੰਦਰ ਸਮ ਜਾਨੋ। ਦਸ ਹਜਾਰ ਜੋਜਨ ਉੱਚਾ ਦੀਰਘ ਏਹਿ ਵਿਸਤਾਰ ਮਾਨੋ ॥ ਤੀਨ ਸਿੰਘ ਹੈ ਇਸਕੇ, ਕਹਤੇ ਸੋਨਾ ਰੁੱਪਾ ਲੋਹੇ ਕਾ । ਚੌਹ ਤਰਫ਼ ਨਦੀਆਂ ਦੂਧ ਕੀ, ਵਹਿਤੀ ਸੁਭਾਇ ਮਾਨ ਵੋਹ ਹੋਤੀ ਹੈ ॥ ਉਪਰ ਸੇ ਜਲ ਨਿਰਮਲ ਗਿਰਤਾ ਜਿਉ ਰਵਿ ਕਿਰਣ ਕੀ ਜੋਤੀ ਹੈ। ਐਸੇ ਸੁੰਦਰ ਪਰਬਤ ਪਰ ਅੱਪਸਰਾ ਚਾਰਨ ਰਹਿਤੇ ਸਿੱਧ ॥ ਗੰਧਰਬ ਵਿਦਿਆ ਪੜ, ਕਿਨਰ ਵਸਤੇ ਰਹੇ ਹਮੇਸ਼ਾ ਉਥੇ ਨਿੱਧ। ਸੁੰਦਰ ਪਰਬਤ ਕੀ ਗੁਫ਼ਾ ਮੇਂ, ਰਿਤੂ ਨਾਮ ਕਰ ਕੇ ਥਾ ਬਾਗ ॥ ਦੇਵਿਤਓ ਕੀ ਇਸਤੀਓ ਕੇ ਖੇਲਨ ਕਾ ਵੋਹ ਬਨਾ ਸਮਾਜ। ਨਾਨਾ ਪ੍ਰਕਾਰ ਕੇ ਬ੍ਰਿਛ ਲਗੇ ਹੈ ਗੂੜੀ ਹੈ ਜਿਨਕੀ ਛਾਇਆ ॥ ਸੁੰਦਰ ਬਨ ਕੋ ਦੇਖ ਲੀਆ ਤਬ ਹਾਥਿਉਂ ਨੇ ਡੇਰਾ ਲਾਇਆ। ਇਕ ਦਿਨ ਹਾਥੀ ਜਲ ਪੀਨੇ ਕੋ ਸਾਰੇ ਹੀ ਤਿਆਰ ਹੂਏ ॥ ਪਹੁੰਚੇ ਜਾਇ

ਸਰੋਵਰ ਉੱਪਰ ਤ੍ਰਿਖਾ ਸੇ ਸਭ ਲਾਚਾਰ ਹੂਏ । ਹਾਥੀਓ ਕਾ ਸਰਦਾਰ ਗਜਇੰਦ੍ਰ ਸਭ ਕਾ ਹੀ ਕਹਿਲਾਤਾ ਥਾ ।। ਉਸ ਮੇਂ ਐਸੀ ਤਾਕਤ ਥੀ, ਸਭ ਦੇਖ ਪਸ਼ੂ ਭੱਜ ਜਾਤਾ ਥਾ । ਸਿੰਘ ਬਿਆਗਰ ਮ੍ਰਿਗ ਗੈਂਡੇ ਅਜਗਰ ਗਊ ਔਰ ਸੀਹ ਭਾਰੀ ।। ਯੇ ਸਭ ਹੀ ਇਨਸੇ ਖੌਫ਼ ਖਾਈ ਕਰ ਮਾਨੋ ਮਾਰਨ ਉਡਾਰੀ। ਗਜਰਾਜ ਬਲੀ ਐਸਾ ਭਾਈ ਸਭ ਅੰਗੋਂ ਸੇ ਮੰਦ ਚੋਤਾ ਹੈ।। ਬਾਲ ਕੁਟੰਬ ਔਰ ਹਥਨੀ ਸਾਥ ਹੈ ਦੇਖ ਦੇਖ ਖੁਸ਼ ਹੋਤਾ ਹੈ। ਸਰੋਵਰ ਮੇਂ ਜਲ ਪੀਨ ਲਗਾ ਸੀਤਲ ਸੁੰਦਰ ਹੈ ਮੀਠਾ ।।

ਭਗਤ ਮਾਲ ਸੰਗੀਤ -44

ਗੱਦੀ ਨਸ਼ੀਨ ਬਾਪੂ ਭਾਨੂੰ ਦੱਤ ਜੀ ਮਹਾਰਾਜ

ਸ੍ਰੀ ਸ੍ਰੀ ੧੦੮

ਪੰਡਿਤ ਓਮ ਨਰਾਇਣ ਦੱਤ ਜੀ ਮਹਾਰਾਜ

ਸ੍ਰੀ ਸ੍ਰੀ ੧੦੮

ਬਾਪੂ ਹਰਨਾਮ ਜੀ ਮਹਾਰਾਜ

ਸ੍ਰੀ ਸ੍ਰੀ ੧੦੮

ਬਾਪੂ ਸ਼ਰਧਾ ਰਾਮ ਜੀ ਮਹਾਰਾਜ

ਸ੍ਰੀ ਮਾਨ ੧੦੮
ਬਾਪੂ ਗੁਰਦਾਸ ਰਾਮ ਸ਼ਰਮਾਂ ਜੀ
ਮਹਾਰਾਜ

ਸ੍ਰੀ ਓਮ ਦਰਬਾਰ ਨੰਦਾਉਣ ਧਾਮ

ਸੰਗਤ ਨਿਵਾਸ ਅਤੇ ਗਰਲਜ਼ ਕਾਲਿਜ ਸ੍ਰੀ ਓਮ ਦਰਬਾਰ ਨੰਦਾਚੌਰ ਧਾਮ

ਸੀ ਓਮ ਨਰਾਇਟ ਰਹੇ ਗਰਲਜ ਸੀਨੀਅਰਸਕੰਡਰੀਸਕੂਲ

ਸ੍ਰੀ ਓਮ ਨਰਾਇਣ ਦੰਤ ਗਰਲਜ ਸੀਨੀਅਰ ਸਕੈਂਡਰੀ ਸਕੂਲ ਦਾ ਬਾਹਰੀ ਦ੍ਰਿਸ

ਸੀ. ਉਮ ਦਰਬਾਰ ਨੰਦਾਚੌਂਰ ਦੇ ਸਭ ਤੋਂ ਪਹਿਲੇ ਟਸਟੀ

ਸ੍ਰੀ ਸ਼ਰਧਾ ਰਾਮ ਮੈਮੋਰੀਅਲ ਚੇਰਿਟੇਬਲ ਹਸਪਤਾਲ ਨੰਦਾਚੌਰ ਧਾਮ

ਸਵਾਮੀ ਸ਼ਰਧਾ ਰਾਮ ਜੀ ਛੋਟੀ ਅਵਸਥਾ ਵਿੱਚ

ਸਵਾਮੀ ਸ਼ਰਧਾ ਰਾਮ ਜੀ ਭਜਨ ਬੰਦਗੀ ਮੇਂ ਲੀਨ

ਅਪਨੀ ਮੌਜ ਮੇ ਮਸਤ ਹੂਆ ਹੈ, ਗ੍ਰਾਹ ਨਹੀ ਹੈ ਜੋ ਡੀਠਾ ।।

(ਗਰਾਹ ਨੇ ਪਾਉ ਕੋ ਨਹੀਂ ਛੋੜਾ, ਗਜ਼ ਨੇ ਸਭ ਜੋਰ ਲਗਾਇ ਦੀਆ )

ਬਲਵਾਨ ਸਾਥ ਕੇ ਹਾਥੀ ਜੋ ਕੋਈ ਨਾ ਅਬ ਛੁਡਾਤਾ ਹੈ । ਜਿਆਦਾ ਦੇਰ ਹੋਈ ਪਕੜੇ ਕੋ ਗਜ ਦਿਲ ਮੇਂ ਘਬਰਾਤਾ ਹੈ।। ਦੇਵਤਾ ਵੀ ਅਸਚਰਜ ਹੂਏ ਯੇ ਇਸ਼ਵਰ ਕੀ ਕੈਸੀ ਮਾਇਆ। ਬਲਵਾਨ ਆਪਕੋ ਮਾਨਤਾ ਥਾ ਸਭ ਮਾਨ ਪ੍ਰਭੂ ਨੇ ਹੈ ਗਵਾਇਆ ।।

ਦੋਹਿਰਾ: ਗਜ ਹਸਤੀ ਕੀ ਪੇਸ਼ ਅਬ ਚਲੀ ਨਾਹੀ ਕੋਇ। ਸ਼ਰਨ ਪ੍ਰਭੂ ਕੀ ਲੀਜੀਏ ਦੇਇ ਕਸ਼ਟ ਕੋ ਖੋਇ ।। ਐ ਪਰਮਾਤਮ ਦੇਵ ਜੀ, ਹੋਵੋ ਆਪ ਸਹਾਇ । ਗ੍ਰਾਹ ਨੇ ਮੁਝਕੋ ਪਕੜਿਆ ਜਲਦੀ ਲਵੋ ਛੁਡਾਇ ।।

ਛੰਦ: ਭਗਵਾਨ ਤੁਝੇ ਪ੍ਰਣਾਮ ਕਰੂੰ, ਜਿਸ ਆਸਰੇ ਦੇਹ ਹੋਤੀ ਚੇਤੰਨ। ਕਾਰਨ ਕਾਰਜ ਤੇ ਪਰੇ ਸੁਤਾ ਸਿੱਧ ਸਰਵ ਕਾ ਸਾਖੀ ਹੈਂ ਤੂ ਧੰਨ ।। ਕਾਰਨ ਕਾਰਜ ਕੋ ਦੇਖ ਰਹਾ, ਪਰ ਫਿਰ ਲਿਪਤ ਨਹੀਂ ਹੋਤਾ ਹੈ। ਪ੍ਰਕਾਸ਼ ਹੀ ਪ੍ਰਕਾਸ਼ ਹੈ ਜੋ ਵੀ ਸਭ ਕਸ਼ਟੋ ਕੋ ਖੋਤਾ ਹੈ।। ਜਿਸ ਕੇ ਸਰੂਪ ਕੋ ਰਿਸ਼ੀ ਦੇਵਤਾ ਬਹੁ ਮੁਸ਼ਕਲ ਸੇ ਜਾਨਤੇ ਹੈ। ਜਨਮ ਕਰਮ ਗੁਨ ਰੂਪ ਨਾਮ ਨਹੀਂ, ਅਨੰਤ ਸ਼ਕਤੀ ਪਛਾਨਤੇ ਹੈ ।। ਬਹੁ ਸਰੂਪ ਜਿਸ ਕੇ ਕਹੀਏ ਔਰ ਸਰੂਪ ਵੀ ਨਹੀਂ ਕੋਇ। ਸਭ ਕਾ ਜੋ ਪ੍ਰਕਾਸ਼ ਹੈ ਸਾਖੀ ਮਨ ਬਾਣੀ ਤੇ ਪਰੇ ਸੋਈ ।। ਪੂਰਨ ਸੱਚਦਾ ਨੰਦ ਗਿਆਨ ਘਨ ਸਭ ਇੰਦਰੇ ਗਣੋ ਕਾ ਦ੍ਰਿਸਟਾ ਹੈ। ਸਭ ਬਿਰਤੀਓ ਮੇਂ ਜੋ ਵਿਆਪਕ ਹੈ ਸੋ ਜਾਨੇ ਜਿਨ ਕੋ ਨਿਸ਼ਚਾ ਹੈ ।। ਗਜ ਰਾਜ ਉਸਤਤੀ ਕਰਤਾ ਹੈ ਜੋ ਸ਼ਰਨ ਆਪਕੀ ਆਤਾ ਹੈ। ਦ੍ਰਿੜ ਸੰਕਲਪ ਜਿਸੀ ਕਾ ਹੋਵੇ ਕਾਰਜ ਵੋ ਹੀ ਬਨ ਜਾਤਾ ਹੈ ।। ਭਗਵਾਨ ਦੇਵਤਾ ਅਸੁਰ ਨਹੀਂ ਮਾਨੁਖ ਪਸੂ ਪੰਛੀ ਨਾਹੀ ।। ਅਬਲਾ ਹੀਜੜਾ ਕਰਮ ਨਹੀਂ ਨਾ ਕਾਰਨ ਕਾਰਜ ਕੇ ਮਾਹੀ ।। ਬਿਧ ਨਾਹੀ ਨਾਖੇਧ ਨਹੀ ਜੋ ਬਿਧ ਨਿਖੇਧ ਸੇ ਪਰੇ ਹੈ ਸ਼ੇਸ਼। ਮਾਇਆ ਕਰ ਕੇ ਸਰਬ ਰੂਪ ਹੈ ਤਿਸ ਕੋ ਮੇਰੀ ਹੈ ਆਦੇਸ਼

।। ਐਸਾ ਜੋ ਪਰਮ ਆਤਮ ਦੇਵ ਹੈ ਸੋਈ ਮੁਝ ਕੋ ਛੁੜਾਏਂਗਾ । ਪ੍ਰਪੱਕ ਹੁਆ ਨਿਸ਼ਚਾ ਮੇਰਾ, ਪ੍ਰਗਟ ਅਭੀ ਹੋ ਆਵੇਗਾ ।। ਕੰਵਲ ਫੂਲ ਕੋ ਸੁੰਡ ਮੇਂ ਲੇਕਰ ਉੱਚਾ ਕਰਕੇ ਪੁਕਾਰਤਾ ਹੈ। ਐ ਦੀਨ ਬੰਧੂ ਰਕਸ਼ਾ ਕਰੋ ਮੇਰੀ, ਗ੍ਰਾਹ ਜੋ ਮੁਝਕੋ ਮਾਰਤਾ ਹੈ ।।

ਦੋਹਿਰਾ : ਬੇਨਤੀ ਕਰੀ ਗਜ ਰਾਜ ਨੇ ਪ੍ਰਗਟੇ ਦੀਨ ਦਿਆਲ । ਵਾਹਨ ਜਿਨੋਂ ਕਾ ਗਰੁੜ ਹੈ ਚੱਕਰ ਲੀਆ ਸੰਭਾਲ ।।

ਭਗਤ ਮਾਲ ਸੰਗੀਤ-45

ਛੰਦ :

ਗਜਰਾਜ ਨੇ ਦਰਸ਼ਨ ਜਬ ਕੀਤਾ, ਪ੍ਰਣਾਮ ਖੁਸ਼ੀ ਸੇ ਹੈ ਕਰਤਾ। ਮਹਾਰਾਜ ਮੇਰੀ ਅਬ ਕਰੋ ਰਕਸ਼ਾ ਨਹੀਂ ਤੋਂ ਅਬ ਮੈਂ ਹੂੰ ਮਰਤਾ ।। ਵਾਸਦੇਵ ਨੇ ਜਾਨ ਲਿਆ ਇਹ ਦੂਖ ਭੂਖ ਸੇ ਹੈ ਲਾਚਾਰ । ਗ੍ਰਾਹ ਕੇ ਉਪਰ ਚੱਕਰ ਛੋੜਾ ਫੌਰਨ ਉਸ ਕੋ ਦੀਨਾ ਮਾਰ ।।

ਗੁਰਬਾਣੀ : ਸੋਰਠਿ ਮਹਲਾ ੯ [ ੬੩੨ ]

ਜਬ ਹੀ ਸਰਨਿ ਗਹੀ ਕਿਰਪਾ ਨਿਧ, ਗਜੁ ਗ੍ਰਾਹ ਤੇ ਛੂਟਾ ।। ਮਹਿਮਾ ਨਾਮ ਕਹਾ ਲਉ ਬਰਨਉ, ਰਾਮ ਕਹਿਤ ਬੰਧਨੁ ਤੇ ਤੂਟਾ ।।੨ ।।

ਛੰਦ : ਅਕਾਸ਼ ਮੇਂ ਦੇਵਤੇ ਦੇਖ ਰਹੇ ਹੈ, ਪੁਸ਼ਪੇ ਕੀ ਹੈ ਵਰਖਾ ਕਰੀ। ਗ੍ਰਾਹ ਤੇ ਜੋ ਗਜਰਾਜ ਛੁੜਾਇਆ, ਭਗਤ ਵਛਲ ਹੈ ਆਪ ਹਰੀ ।। ਐਸੇ ਅੰਤਰਯਾਮੀ ਕੋ ਮਨ ਤੂੰ ਵੀ ਜੇਕਰ ਧਿਆਵੇਗਾ। ਕਟ ਜਾਵੇਗਾ ਜਨਮ ਮਰਨ ਸਭ ਸੰਕਟ ਸੇ ਬਚ ਜਾਵੇਗਾ ।। ਨਾਮ ਹਰੀ ਕਾ ਸਾਰ ਜਗਤ ਮੇਂ, ਅੰਤ ਕੋ ਕਰਤਾ ਨਾਮ ਸਹਾਇ। ਵਾਸਦੇਵ ਜੀ ਰਕਸ਼ਾ ਕਰਨਗੇ ਜੋ ਇਹ ਪੜੇ ਸੁਨੇ ਅਧਿਆਇ ।।

ਬਿਲਾਵਲ ਮਹਲਾ ੫

ਊਚ ਅਪਾਰ ਬੇਅੰਤ ਸੁਆਮੀ, ਕਉਣ ਜਾਣੈ ਗੁਣ ਤੇਰੇ।। [ ਗੁਰਬਾਣੀ ਪੰਨਾ ੮੦੨ ] ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ।। ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ।। ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਗਜਇੰਦ੍ਰ ਦਾ ਪ੍ਰਸੰਗ ਨਾਮ ਸਪਤਮੋ ਅਧਿਆਇ ਸਮਾਪਤਮ ।।੭ ।।**
**ਸਤਿ ਕਰਤਾਰ**

ੴ ਸਤਿਗੁਰ ਪ੍ਰਸਾਦਿ ॥

**ਅਥ ਸੁਦਾਮਾ ਜੀ ਦਾ ਪ੍ਰਸੰਗ -8**

ਮੰਗਲਾ ਚਰਣ ॥

ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਮਹਿਮਾ ਕਹੀ ਨਾ ਜਾਇ ॥ ਚਰਨ ਬੰਦਨਾ ਕਰਤ ਹੂੰ, ਅਪਨਾ ਸੀਸ ਨਿਵਾਇ ॥ ਚਰਨ ਕੰਵਲ ਕਾ ਆਸਰਾ ਹੋਵੇ ਆਪ ਸਹਾਇ॥ ਪ੍ਰਸੰਗ ਸੁਦਾਮਾ ਭਗਤ ਦਾ, ਅਬ ਮੈਂ ਕਹੂੰ ਸੁਨਾਇ ॥

ਗੁਰਬਾਣੀ: ਬਿਪੁ ਸੁਦਾਮੇ ਦਾਲਦੁ ਭਜੁ ਰੇ ਮਨ ਤੂ ਭੀ ਭਜੁ ਗੋਬਿਦ....

ਭਾਈ ਗੁਰਦਾਸ ਜੀ:

ਵਾਰ ੧੦ ਪਉੜੀ ੯

ਬਿਪੁ ਸੁਦਾਮਾ ਦਾਲਿਦੀ, ਬਾਲ ਸਖਾਈ ਮਿਤ੍ਰ ਸਦਾਏ ।

ਦੋਹਿਰਾ: ਰਾਮ ਨਾਮ ਜਗ ਸਾਰ ਹੈ, ਰਾਮ ਕਾ ਨਾਮ ਉਚਾਰਿ ॥ ਆਲਸ ਤਿਆਗੋ ਹਰਿ ਭਜੋ ਹੋ ਜਾਏ ਬੇੜਾ ਪਾਰਿ ॥

ਛੰਦ: ਮਨ ਮੇਰੇ ਭਜ ਨਾਮ ਹਰੀ ਦਾ ਨਾਮ ਬੜਾ ਸੁਖਦਾਈ ਹੈ। ਸੁਦਾਮਾ ਜੀ ਦਾ ਗਿਆ ਦਲਿੰਦਰ ਅੰਤ ਪਰਮਗਤ ਪਾਈ ਹੈ ॥ ਸੁਦਾਮਾ ਨਾਮ ਬ੍ਰਾਹਮਣ ਜਾਤੀ, ਮਹਾਂ ਸ੍ਰੇਸ਼ਟ ਹੋਤਾ ਭਯਾ । ਵਿਸਿਔਂ ਸੇ ਵੈਰਾਗ ਸ਼ਾਤ ਮਨ ਬ੍ਰਹਮ ਜਾਨ ਸਭ ਭਰਮ ਗਿਆ ॥ ਬੰਸਰੀ ਵਾਲੇ ਕਾ ਥਾ ਮਿੱਤਰ, ਬੀਚ ਗ੍ਰਹਿਸਥ ਕੇ ਰਹਿਤਾ ਥਾ । ਕਰਮੋ ਕੇ ਅਨੁਸਾਰ ਮਿਲੇ ਜੋ ਦੁੱਖ ਭੁੱਖ ਸਭ ਸਹਿਤਾ ਥਾ। ਫੱਟੇ ਹੂਏ ਬਸਤਰ ਹੈ ਤਨ ਕੇ ਔਰ ਚੰਗੀ ਗੁਜਰਾਨ ਨਹੀਂ । ਕਬੀ ਕਬੀ ਭੋਜਨ ਥਾ ਮਿਲਤਾ ਕਭੀ ਮਿਲਤਾ ਜਲ ਪਾਨ ਨਹੀ। ਅਬਲਾ ਵੀ ਸੰਤੋਖਨ ਥੀ ਜਦੀ ਮਿਲ ਜਾਏ ਭਾਗ ਸੇ ਅੰਨ । ਪਤੀ ਕੋ ਭੋਗ ਲਗਾ ਦੇਵੇ ਤੇ ਆਪ ਰਹੇ ਭੁੱਖੀ ਖੁਸ਼ ਮਨ ॥ ਧਰਮ ਪਤੀ ਬਰਤਾ ਪਾਲੇ ਤਨ ਤੋਂ ਹੋ ਗਿਆ ਬਹੁਤਾ ਖੀਨ। ਥਰ-ਥਰ ਕਾਂਪੇ ਪਤੀ ਤੋਂ ਡਰਤੀ ਮਾਨੇ ਹੁਕਮ ਔਰ ਰਹੇ ਅਧੀਨ ॥ ਸਾਰੇ ਅੰਗ ਅਬ ਸਿਥਲ ਹੂਏ ਹੈ ਤਨ ਨਹੀਂ ਬਸਤਰ ਪਾਨੇ ਕੋ। ਆਖਿਰ ਕੋ ਲਾਚਾਰ ਹੋ ਗਈ, ਅੰਨ ਨਾ ਮਿਲਤਾ ਖਾਨੇ ਕੋ ॥ ਇਕ ਦਿਨ ਬੇਨਤੀ ਕਰਨ ਲਗੀ ਹੇ ਪਤੀ, ਕ੍ਰਿਸ਼ਨ ਹੈ ਤੁਮਾਰੇ ਮਿੱਤਰ । ਦੁਆਰਕਾ ਪੁਰੀ ਮੇਂ ਰਾਜ ਜਿਨਹੋ ਕਾ ਮਹਿਮਾਂ ਉਨਕੀ ਹੈ ਬਚਿੱਤਰ ॥ ਹੇ ਦੀਨ ਦਿਆਲੂ ਔਰ ਕ੍ਰਿਪਾਲੂ, ਭਗਤ ਕੀ ਰੱਖਿਆ ਕਰਤੇ ਹੈ। ਬੰਸਰੀ ਵਾਲੇ ਸੇ ਕੁੱਛ ਲਿਆਵੋ ਭੁੱਖ ਸੇ ਅਬ ਹਮ ਮਰਤੇ ਹੈ ॥ ਜਿਹ ਧੀਰੇ - ਧੀਰੇ ਵਚਨ ਬ੍ਰਾਹਮਣੀ, ਅਪਨੇ ਪਤੀ ਸੇ ਕਰਤੀ ਹੈ। ਪਤੀ ਕੇ ਸਨਮੁੱਖ ਕਬੀ ਨਾ ਬੋਲੇ, ਮਨ ਅਪਨੇ ਮੇਂ ਡਰਤੀ ਹੈ॥

ਭਗਤ ਮਾਲ ਸੰਗੀਤ -47

ਦੋਹਿਰਾ:   ਸੁਦਾਮਾ ਜੀ ਨੇ ਜਬ ਸੁਨਾ, ਮਨ ਮੇ ਕੀਆ ਵਿਚਾਰ। ਇਸ ਬਹਾਨੇ ਪ੍ਰਭੂ ਕੇ ਹੋਵਨਗੇ ਦੀਦਾਰ ॥ ਅਬਲਾ ਕੋ ਕਹਿਨੇ ਲਗੇ ਕਰ ਕੁੱਛ ਭੇਟ ਤਿਆਰ। ਖਾਲੀ ਹਾਥ ਨਾਂ ਜਾਂਵਨਾ ਵਾਸਦੇਵ ਦਰਬਾਰ ॥ ਸ੍ਰੀ ਕ੍ਰਿਸ਼ਨ ਚੰਦਰ ਆਨੰਦ ਕੰਦ, ਅੱਜ ਸਭ ਦੁਨੀਆ ਦੇ ਤਾਜ ਹੁਏ। ਉਨਕੋ ਮਿਲਨਾ ਮੇਰਾ ਮੁਸ਼ ਉਹਕਲ, ਰਾਜਿਓਂ ਕੇ ਮਹਾਰਾਜ ਹੂਏ ॥ ਐ ਮੇਰੀ ਭਾਰਜਾ ਤੂ ਕਹਿਤੀ ਹੈ ਉਨਕੇ ਪਾਸ ਮੈਂ ਜਾਤਾ ਹੂੰ ॥ ਅਪਨੀ ਹਾਲਤ ਦੇਖ ਦੇਖ ਮੈਂ, ਦਿਲ ਮੇ ਬੜਾ ਸ਼ਰਮਾਤਾ ਹੂੰ ॥ ਕਿਸੀ ਗ੍ਰਹਿ ਸੋ ਮਾਂਗ ਲਿਆਈ, ਮੁੱਠੀ ਚਾਵਲ ਕੀ ਜੋ ਚਾਰ । ਚਾਵਲ ਸਾਫ਼ ਵੀ ਨਜ਼ਰ ਨਾ ਔਂਦੇ ਬਾਂਧਨ ਕੋ ਨਹੀਂ ਕਪੜਾ ਤਿਆਰ ॥ ਦਿਲ ਮੇਂ ਮੇਰੇ ਬੜੀ ਖੁਸ਼ੀ ਹੈ, ਪ੍ਰਭੂ ਕੋ ਮਿਲੀਏ ਚਲ ਛੇਤੀ । ਟੂਟਾ  ਸਾਫ਼ਾ ਬਾਂਧੇ  ਤੰਦਲ ਰਾਖ ਲੀਏ ਹੈ ਕਾਂਖ ਸੇਤੀ॥

ਦੋਹਿਰਾ:  ਪਹਿਲੇ ਹੀ ਭਗਵਾਨ ਨੇ ਕਹਿ ਦੀਆ ਦਰਬਾਨ । ਆਵੇ ਬਿਪਰ ਦਲਿਦਰੀ ਰਖਿਉ ਆਪ ਧਿਆਨ ॥ ਬੇਸ਼ਕ ਭੀਤਰ ਆਨ ਦਿਉ ਨਹੀਂ ਕਰਨਾ ਅਟਕਾਇ । ਇਤਨੇ ਮੇਂ ਸੁਦਾਮਾ ਜੀ ਪਹੁੰਚੇ ਡਿਉਡੀ ਜਾਇ ॥

ਭਜਨ

ਟੇਕ :

ਪਹੁੰਚਾ ਜਬ ਨਿਰਧਨ ਬ੍ਰਾਹਮਣ, ਕ੍ਰਿਸ਼ਨ ਕੇ ਦਰਬਾਰ ਮੇਂ, ਮਸਤ ਐਸਾ ਹੋ ਗਿਆ ਭੋਰਾ ਜਿਉ ਖੁਸ਼ ਗੁਲਜਾਰ ਮੇਂ.....

ਨੰਗੇ ਪਾਂਵ ਮਿਸਲੇ ਮਜਨੂੰ ਛੋੜ ਸ਼ਾਹੀ ਤਖਤ ਕੋ ਡਿਊਡੀ ਮੇਂ ਆਕਰ ਕੇ ਚਿਮਟੇ ਅਪਨੇ ਜਿਸਮ ਯਾਰ ਮੇਂ.....

ਜਿਸਮ ਪਰ ਕਪੜਾ ਨਹੀਂ ਕਿਉਂ ਜਿਸਮ ਦੁਬਲਾ ਹੋ ਗਿਆ ਅਫ਼ਸੋਸ ਕੈਸੇ ਫਸ ਗਏ ਹੋ ਦੁੱਖ ਕੀ ਮੰਝਧਾਰ ਮੇਂ....

ਲਿਆ ਬਿਠਾਇਆ ਤਖਤ ਪਰ ਅਪਨੇ ਬਰਾਬਰ ਮਿੱਤਰ ਕੋ ਇਹ ਮੁਹਬਤ ਕੀ ਨਿਸ਼ਾਨੀ ਪ੍ਰੇਮ ਔਰ ਪਿਆਰ ਮੇਂ ....

ਪਾਨੀ ਪਟਰਾਣੀ ਕੇ ਲੈ ਆਣ ਮੇਂ ਹੂਈ ਪਲ ਭਰ ਕੀ ਦੇਰ ਪ੍ਰਭੂ ਕੀ ਆਂਖੋਂ ਸੇ ਪਾਨੀ ਗਿਰਾ ਪ੍ਰੇਮ ਬਹਾਰ ਮੇਂ....

ਪਾਂਵ ਕੇ ਕਾਟੇ ਨਿਕਾਲੇ ਖੁਦ ਪ੍ਰਭੂ ਨੇ ਹਾਥ ਸੇ ਕੱਟ ਕੇ ਆਤੇ ਹੈ ਜਿਗਰ ਕੇ ਟੁਕੜੇ ਤੇਜ ਤਲਵਾਰ ਮੇਂ...

ਹਰ ਤਰਾਂ ਖਾਤਿਰ ਤਵਾਜੋਂ ਕ੍ਰਿਸ਼ਨ ਜੀ ਕਰਨੇ ਲਗੇ ਭਗਵਾਨ ਜੀ ਐਸੇ ਹੈ ਮਿੱਤਰ ਜੋ ਹੂਏ ਸੰਸਾਰ ਮੇਂ...

ਭਗਤ ਮਾਲ ਸੰਗੀਤ-48

ਦੋਹਿਰਾ:

ਸੁਦਾਮਾ ਜੀ ਕੋ ਪਲੰਗ ਪਰ ਦੀਆ ਫੇਰ ਬਿਠਾਇ ॥ ਮਹਾਂਰਾਣੀ ਜੋ ਰੁਕਮਣੀ ਹਾਥ ਸੇ ਚੌਰ ਕਰਾਇ ॥

ਛੰਦ: ਪੁਰਵਾਸੀ ਜੋ ਲੋਗ ਦੇਖ ਕੇ, ਮਨ ਅਪਨੇ ਵਿਚਾਰ ਕਰਨ। ਮਹਾਂਦਲਿਦਰੀ ਭੂਖਾ ਬ੍ਰਾਹਮਣ, ਇਸ ਕੋ ਬੱਚੇ ਦੇਖ ਡਰਨ ॥ ਤਨ ਮੇਂ ਕੱਪੜਾ ਸਾਫ਼ ਨਹੀਂ ਹੈ ਪਾਵ ਮੇ ਵੀ ਨਹੀਂ ਜੋੜਾ। ਭਿਖਿਆ ਮਾਂਗਨ ਵਾਲਾ ਬ੍ਰਾਹਮਣ, ਆਇਆ ਕਹੀ ਸੇ ਤੰਗ ਤੋੜਾ ॥ ਖਬਰ ਨਹੀ ਕੀ ਪੁੰਨ ਕਰਾ ਹੈ ਵਾਸਦੇਵ ਆਦਰ ਕਰਤੇ ਹੈ। ਅਪਨੇ ਪਲੰਗ ਪਰ ਬਿਠਾਇਆ ਹੈ ਸੇਵ ਕਰਾਤੇ ਹੈਂ ਘਰ ਤੇ ॥ ਵਾਸਦੇਵ ਜੀ ਹਾਥ ਜੋੜ ਕੇ, ਸੇਵਾ ਮੇਂ ਹੈ ਖੜੇ ਹੂਏ। ਤ੍ਰਿਲੋਕੀ ਕੇ ਨਾਥ ਕਹਾਤੇ, ਪ੍ਰੇਮ ਕੇ ਸਾਥ ਹੈ ਜਕੜੇ ਹੂਏ ॥ ਪਰਮ - ਆਤਮ ਕੀ ਗਤੀ ਨਿਆਰੀ, ਭੇਦ ਨਹੀਂ ਕੁਛ ਆਤਾ ਹੈ। ਭਿਖਾਰੀ ਕੋ ਰਾਜ ਦਿਲਾਵੇ ਨਹਿਪ ਕੰਗਾਲ ਬਨ ਜਾਤਾ ਹੈ ॥

ਦੋਹਿਰਾ:

ਸੁਦਾਮਾ ਕੋ ਪੂਛਨ ਲੱਗੇ ਵਾਸਦੇਵ ਜੀ ਆਪ। ਵਿਵਾਹ ਕਰਾਇਆ ਆਪ ਨੇ, ਵਿਸ਼ਿਯੋਂ ਕਾ ਨਹੀਂ ਤਾਪ ॥

ਛੰਦ :

ਅਬਲਾ ਆਪ ਕੀ ਮਹਾਂ ਪਵਿੱਤਰ, ਮੁਝ ਕੋ ਨਜ਼ਰ ਵੋਹ ਆਤੀ ਹੈ। ਨਿਸ਼ਕਾਮ ਭਗਤੀ ਹੈ ਤੁਮ ਸਮਾਨ, ਬਹੁ ਕਾਮਨਾ ਸੇ ਸ਼ਰਮਾਤੀ ਹੈ ॥ ਧਨ ਦੌਲਤ ਤੁਮ ਕੁਛ ਨਹੀਂ ਚਾਹੋਂ ਭਗਤੀ ਮੇਰੀ ਪਿਆਰੀ ਹੈ। ਨਿਸ਼ਕਾਮ ਭਗਤ ਕੀ ਯਹੀ ਨਿਸ਼ਾਨੀ ਜੋ ਯੇ ਗਤੀ ਤੁਮਾਰੀ ਹੈ ॥ ਜਿਹ ਗੁਰਾਂ ਦੀ ਕ੍ਰਿਪਾ ਹੈ ਮੈਂ ਬਾਤ ਜਾਨਤਾ ਹੂੰ ਸਾਰੀ। ਗਿਆਨ ਕੇ ਦੇਨੇ ਵਾਲੇ ਸਿਤਗੁਰ ਜਿਨਕੀ ਮਹਿੰਮਾ ਹੈ ਭਾਰੀ ॥

ਗੁਰਬਾਣੀ:

ਸਲੋਕ ਮਹਲਾ ੧ ॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ ॥੧॥

ਮਹਲਾ ॥ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨ ॥

ਛੰਦ:

ਤੁਮ ਔਰ ਹਮ ਗੁਰਭਾਈ, ਦੋਨੋ ਪਾਸ ਗੁਰਾਂ ਦੇ ਪੜਤੇ ਥੇ । ਸੰਦੀਪਨ ਜੀ ਜੋ ਮਹਾਂ ਦਿਆਲੂ, ਸਭ ਪਰ ਕ੍ਰਿਪਾ ਕਰਤੇ ਥੇ ॥ ਤਿਨਕੀ ਦਇਆ ਦ੍ਰਿਸ਼ਟੀ ਸੇ ਜੋ, ਸ਼ਰਨ ਆਏ ਨਰ ਹੂਏ ਪਾਰ। ਗਿਆਨ ਕੇ ਦੇਨੇ ਵਾਲੇ ਗੁਰ ਜੋ ਮੇਰਾ ਰੂਪ ਸੋ ਹੈ ਨਿਰਧਾਰ ॥ ਜੋ ਮਾਨੁਖ ਤਨ ਧਾਰਨ ਕਰਕੇ ਸ਼ਰਨ ਗੁਰੂ ਕੀ ਨਹੀ ਆਤਾ। ਗਿਆਨ ਪ੍ਰਾਪਤ ਨਹੀਂ ਹੋਤਾ, ਫਿਰ ਸੀਧਾ ਨਰਕ ਕੋ ਹੈ ਜਾਤਾ ॥ ਗਿਆਨ ਕੇ ਦੇਣੇ ਵਾਲੇ ਗੁਰੂ ਹੈ ਗੁਰਾਂ ਬਿਨਾਂ ਨਹੀਂ ਹੋਤਾ ਗਿਆਨ ।

ਜਪ ਤਪ ਸੰਜਮ ਲਾਖ ਕਮਾਵੈ, ਚਾਹੇ ਲਾਵੈ ਰੋਜ਼ ਧਿਆਨ ।।ਬ੍ਰਹਮ ਚਾਰਜ਼ ਕੋ ਧਾਰ ਲਵੇ ਤੇ ਭਾਵੇਂ ਹੋਵੇ ਸੰਨਿਆਸੀ। ਬੇਸ਼ਕ ਬਾਨ ਪ੍ਰਸਤੀ ਹੋਵੇ, ਕਟੇ ਨਾ ਜਨਮ ਮਰਨ ਫਾਸੀ ।। ਜੋ ਗੁਰ ਸੇਵਾ ਨਹੀਂ ਕਰਤਾ ਹੈ, ਬੇ ਅਰਥ ਜਨਮ ਕੋ ਖੋਤਾ ਹੈ। ਕਿਸੀ ਔਰ ਕਰਮ ਸੇ ਖੁਸ਼ ਨਹੀ ਗੁਰ ਸੇਵਾ ਸੇ ਖੁਸ਼ ਹੋਤਾ ਹੈ।।

ਦੋਹਿਰਾ : ਸੁਦਾਮਾ ਜੀ ਕਹਿਣੇ ਲਗੇ ਕਿਰਪਾ ਆਪ ਕੀ ਸਾਰ। ਸਭ ਦੇਵਨ ਕੇ ਦੇਵ ਹੋ ਹੋ ਸ਼੍ਰੀ ਕ੍ਰਿਸ਼ਨ ਮੁਰਾਰਿ ।। ਸਭ ਸੰਕਲਪ ਹੈ ਆਪਕਾ ਜਗਤ ਕੇ ਹੋ ਗੁਰਦੇਵ ਹੁਆ ਆਪਕਾ ਸੰਗ ਜਬ ਤਬੀ ਕਮਾਈ ਸੇਵ ।। ਭਗਵਨ ਆਪਕਾ ਸੰਗ ਭਿਆ ਤਬੀ ਹਮ ਸੇਵ ਕਮਾਈ ਹੈ। ਹਮ ਸਭ ਵਸਤੂ ਕੋ ਪਾ ਚੁੱਕੇ ਹੈ, ਗੁਰੂ ਚਰਨੋਂ ਸੇ ਲਿਵ ਲਾਈ ਹੈ। ਬੰਸਰੀ ਵਾਲੇ ਕਹਿਣ ਲਗੇ ਕੀ ਭੇਟ ਮੇਰੇ ਲੀਏ ਹੋ ਲਾਏ । ਮੈਂ ਖੁਸ਼ ਹੋਤਾ ਹੂ ਉਨ ਪਰ ਜੋ ਮੁਝੇ ਪ੍ਰੇਮ ਸੇ ਪਤ੍ਰ ਚੜਾਏ ।। ਜੋ ਬਿਨਾਂ ਪ੍ਰੇਮ ਸੇ ਬਹੁਤ ਸਾਮਗ੍ਰੀ ਮੁਝ ਕੋ ਕਰਤੇ ਹੈ ਅਰਪਨ। ਮੈਂ ਉਨ ਪਰ ਖੁਸ਼ ਨਹੀਂ ਹੋਤਾ ਹੂ ਸਮਝ ਲਵੋ ਤੁਸੀਂ ਅਪਨੇ ਮਨ ।। ਜੋ ਪ੍ਰੇਮ ਭਾਵ ਸੇ ਮੁਝ ਕੋ ਕੋਈ ਥੋੜੀ ਚੀਜ਼ ਵੀ ਹੈ ਦੇਤਾ। ਬਹੁਤ ਖੁਸ਼ੀ ਮੈ ਹੋਕਰ ਜਲਦੀ ਉਸ ਪਾਸੋਂ ਹੂੰ ਲੇ ਲੇਤਾ ।। ਤੁਮ ਜੋ ਕੁਛ ਘਰ ਸੇ ਲੇ ਆਏ ਹੋ ਦੇਨੇ ਮੇਂ ਕਿਆ ਦੇਰੀ ਹੈ। ਅਮਾਨਤ ਕਿਉਂ ਛੁਪਾਤੇ ਹੋ ਕਿਆ ਅਬ ਮਰਜੀ ਤੇਰੀ ਹੈ।।

ਦੋਹਿਰਾ :

ਸੁਦਾਮਾ ਜੀ ਕਹਿਣ ਲਗੇ ਕੀ ਚੜਾਵਾਂ ਨਾਥ । ਲਜਾ ਮੁਝਕੋ ਆਂਵਦੀ ਖਾਲੀ ਮੇਰੇ ਹਾਥ ।।

ਭਜਨ

ਟੇਕ:

ਸੁਦਾਮਾ ਕੋ ਭਗਵਨ ਪੂਛਨੇ ਲਗੇ, ਭੇਟ ਮੇਰੀ ਜੋ ਮੁਝਕੋ ਚੜਾਤਾ ਨਹੀਂ, ਘਰ ਸੇ ਲਾਏ ਹੋ ਜੋ ਕੁਛ ਹਮਾਰੇ ਲੀਏ ਦੇਰ ਕਿਆ ਹੈ ਜੋ ਅਬ ਤੂ ਫੜਾਤਾ ਨਹੀਂ ...

ਭੇਦ ਮੇਰੇ ਸੋ ਕਿਉਂ ਆਪ ਛੁਪਾਤੇ ਹੈ, ਵੋ ਹੀ ਬਨ ਕੇ ਨਜ਼ਾਰੇ ਨਜ਼ਰ ਆਤੇ ਹੈ ਤੁਮ ਅਕੇਲੇ ਹੀ ਚੀਜ਼ਾਂ ਕੋ ਖਾ ਜਾਤੇ ਹੈ ਕਿਉਂ ਪਿਛਲੀ ਵੋ ਆਦਤ ਹਟਾਤਾ ਨਹੀਂ.... ਇਕ ਦਫਾ ਬਨ ਮੇਂ ਬਾਰਸ਼ ਜੋ ਭਾਰੀ ਪਈ ਰਾਤ ਕਾਟਨ ਕੋ ਜਬ ਦਖਤੋਂ ਕੀ ਓਟ ਲਈ ਆਈ ਆਂਧੀ ਬਹੁਤ ਰਾਤ ਉਹਾਂ ਪਈ ਵੋਹ ਦਿਨ ਤੋ ਕਭੀ ਭੂਲ ਜਾਤਾ ਨਹੀਂ .....

ਤਨ ਕੋ ਸਰਦੀ ਜਿਆਦਾ ਸਤਾਨੇ ਲਗੀ, ਭੂਖ ਵੀ ਜੋਰ ਆਪਣਾ ਲਗਾਨੇ ਲਗੀ ਦਾਤੋਂ ਕੀ ਖੜ ਖੜਾ ਮੁਝ ਕੋ ਆਨੇ ਲਗੀ, ਖਾਏ ਛੋਲੇ ਤੂ ਮੁਖ ਕੋ ਹਿਲਾਤਾ ਨਹੀਂ... ਮੈਨੇ ਪੂਛਾ ਸੁਦਾਮਾ ਜੀ ਕਿਆ ਖਾਤਾ ਹੈ ਪਾਸ ਤੇਰੇ ਲੁਕਮਾਂ ਨਜਰ ਆਤਾ ਹੈ ਕਿਹਾ ਤੁਮਨੇ ਪਾਲਾ ਹੀ ਸਤਾਤਾ ਹੈ, ਦਾਂਤ ਹਿਲਤੇ ਮੈਂ ਇਨਕੋ ਹਿਲਾਤਾ ਨਹੀਂ

ਉਸ ਦਿਨ ਕਾ ਹੈ ਤੁਮਕੋ ਦਲਿਦਰ ਪਿਆ ਅਸਰ ਜੋ ਝੂਠ ਕਾ ਅਭੀ ਤਕ ਨਹੀਂ ਗਿਆ ਮੁਰਲੀ ਵਾਲੇ ਨੇ ਜੋ ਤੰਦਲ ਕਾ ਫੂਸ ਲਿਆ। ਦਾਸਨ ਦਾਸ ਕਹੇ ਅੰਤ ਆਤਾ ਨਹੀਂ

ਦੋਹਿਰਾ:

ਸੁਦਾਮਾ ਜੀ ਦੀ ਬਗਲ ਚੋਂ ਨਿਕਾਲੇ ਚੌਲ ਭਗਵਾਨ ।ਖੁਸ਼ੀ ਬਹੁਤ ਮਨ ਹੋਵਦੇ ਲਾਗੇ ਕੰਚੇ ਖਾਣ ।।

ਛੰਦ: ਐ ਮਿੱਤਰ ਸੁਦਾਮਾ ਇਹ ਜੋ ਚਾਵਲ ਪ੍ਰੇਮ ਸੇ ਭੇਟ ਲਿਆਏ ਹੈ। ਇਸ ਕੋ ਥੋੜੇ ਤੁਮ ਮਤ ਮਾਨੋ ਵਿਸ਼ਵ ਕੋ ਤ੍ਰਿਪਤ ਕਰਾਏ ਹੈ ।। ਇਹ ਤੇਰੇ ਪ੍ਰੇਮ ਕੇ ਚਾਵਲ ਜੋ ਹੈ, ਮੈਂ ਇਨਕੋ ਕਰ ਰਹਾ ਥਾ ਯਾਦ । ਅਬ ਤੇਰੀ ਕ੍ਰਿਪਾ ਸੇ ਮਿਲ ਗਏ, ਮੁਝ ਕੋ ਆਇਆ ਘਨਾ ਸੁਆਦ ।। ਏਕ ਗਰਾਸ ਜਬ ਖਾ ਚੁਕੇ ਹੈਂ, ਦੂਜਾ ਖਾਨ ਕੋ ਹੂਏ ਤਿਆਰ । ਰੁਕਮਣੀ ਜੀ ਨੇ ਹਾਥ ਪਕੜ ਲੀਆ ਸੁਨੀਏ ਮੇਰੀ ਬਾਤ ਮੁਰਾਰ ।। ਮਿੱਤਰ ਕੇ ਗ੍ਰਿਹਿ ਕੀ ਸੁਗਾਤ ਜੋ, ਅਕੇਲੇ ਹੀ ਕਿਆ ਖਾਵੋਗੇ । ਐਸੀ ਪ੍ਰੇਮ ਭਰੀ ਵਸਤੂ ਹਮ ਕੋ ਨਹੀ ਦਿਲਵਾਵੋਗੇ ।। ਇੱਕ ਮੁਠੀ ਭਰ ਚਾਵਲ ਪਾਏ ਆਪ ਹੁਏ ਹੈ ਬਹੁ ਪ੍ਰਸੰਨ। ਮਹਿਮਾ ਆਪ ਕੀ ਕਹੀ ਨਾ ਜਾਏ ਹੈਗੇ ਆਪਕੇ ਭਗਤ ਵੀ ਧੰਨ ।। ਦੂਸਰੀ ਮੁੱਠੀ ਰਹਿਣ ਦਿਉ ਅਬ ਸਭ ਸੰਸਾਰ ਕਾ ਦੀਆ ਧੰਨ। ਜੇਕਰ ਆਪ ਜਿਹ ਵੀ ਖਾਈ, ਕਿਆ ਦੇਵੇਗੇ ਮੇਰਾ ਤੰਨ ।। ਜਿਸ ਉਪਰ ਤੁਮ ਖੁਸ਼ ਹੋਤੇ ਹੈ ਲੋਕ ਪਰਲੋਕ ਬਨ ਜਾਤੇ। ਸੰਸਾਰੀ ਸਭ ਭੋਗ ਆਨੰਦ ਕੋ ਅੰਤ ਪਰਮਗਤ ਹੈ ਪਾਤੇ ।।

ਦੋਹਿਰਾ : ਸੁਦਾਮਾ ਜੀ ਕੋ ਕਈ ਪ੍ਰਕਾਰ ਦਾ ਭੋਜਨ ਦੀਆ ਛਕਾਇ। ਆਰਾਮ ਕਰਾਇਆ ਪਲੰਘ ਪਰ ਸੁਖ ਵਰਨਾ ਨਾ ਜਾਇ ।।ਸੁਦਾਮਾ ਜੀ ਕਿਹਣੇ ਲਗੇ, ਐਸੀ ਆਜ ਕੀ ਰਾਤ । ਸੁਖ ਹੂਆ ਬੈਕੁੰਠ ਸਮ, ਹੋਇ ਗਈ ਪ੍ਰਭਾਤ ।। ਸੁਭਾ ਹੋਈ ਤੇ ਉਠ ਖੜੇ ਘਰ ਕੋ ਹੂਏ ਤਿਆਰ । ਕ੍ਰਿਸ਼ਨ ਜੀ ਤੋਰਨ ਗਏ ਕੀਨਾ ਬਹੁਤ ਪਿਆਰ ।। ਬੜੀ ਕ੍ਰਿਪਾਲਤਾ ਹੈ ਕਰੀ ਦੀਨਾ ਦਰਸ਼ਨ ਆਇ ।। ਸੁਦਾਮਾ ਜੀ ਕੋ ਤੋਰ ਕੇ ਆ ਗਏ ਯਾਦਵ ਰਾਇ ।।

ਛੰਦ: ਸੁਦਾਮਾ ਤੁਰਿਆ ਜਾਤਾ ਹੈ, ਮਨ ਮੇਂ ਲਗਾ ਵਿਚਾਰ ਕਰਨ। ਪ੍ਰਭੂ ਨੇ ਆਦਰ ਬਹੁਤ ਕੀਨਾ ਹੈ, ਜਿਨੋਂ ਕਾ ਨਾਮ ਸੰਕਟ ਹਰਨ ।। ਮੇਰੇ ਜੈਸੇ ਦਿਲਦਰੀ ਕੋ ਛਾਤੀ ਸਾਥ ਲਗਾਇਆ ਹੈ। ਬਲਦੇਵ ਸਾਥ ਜਿਉਂ ਪਿਆਰ ਕਰਨ ਵੈਸਾ ਹੀ ਪਿਆਰ ਜਤਾਇਆ ਹੈ ।। ਕਹਾਂ ਤੋਂ ਵੋਹ ਤ੍ਰਿਲੋਕੀ ਨਾਥ ਹੈ ਕਹਾਂ ਦਲਿੱਦਰੀ ਮੈਂ ਪਾਪੀ ।

ਮੁਝ ਕੋ ਪਲੰਘ ਉਪਰ ਬਿਠਾ ਲਿਆ, ਸੇਵ ਕਰਨ ਰੁਕਮਣੀ ਥਾਪੀ ।।



ਆਪਣੇ ਹੱਥੀ ਵਾਸਦੇਵ ਨੇ ਚਰਨ ਧੋਇ ਸਤਿਕਾਰ ਕਰਾ। ਉਦਕ ਪਵਿੱਤਰ ਮਾਨ ਲੀਆ ਹੈ ਅਪਨੇ ਮਸਤਕ ਪਰ ਹੈ ਧਰਾ ।। ਸਨਮਾਨ ਤੋਂ ਮੇਰਾ ਬਹੁਤ ਕੀਆ ਪਰ ਕੁਛ ਵੀ ਦੀਆ ਨਹੀਂ ਹੈ ਧਨ । ਅੱਛਾ ਕੀਆ ਜੋ ਕੁੱਛ ਨਹੀਂ ਦੀਆ ਮੱਤ ਮਲੀਨ ਹੋ ਜਾਤਾ ਮਨ ।। ਵਾਸਦੇਵ ਨੇ ਕਰੀ ਬਹੁ ਕ੍ਰਿਪਾ, ਮੇਰੇ ਬੜੇ ਸੁਖਦਾਈ ਹੈ। ਜਿਹੀ ਸੋਚ ਵਿਚਾਰਾਂ ਕਰਤਾ ਪਹੁੰਚਾ ਨਗਰ ਮੇਂ ਜਾਈ ਹੈ।। ਸੁਦਾਮਾ ਕਾ ਘਰ ਐਸਾ ਸੁੰਦਰ ਵਾਸਦੇਵ ਨੇ ਬਨਾਇਆ ਹੈ। ਸਭ ਪਦਾਰਥੋਂ ਸੇ ਹੈ ਭਰਿਆ ਸਵਰਗ ਸਾ ਨਕਸ਼ਾ ਖਿਚਾਇਆ ਹੈ ।। ਸੂਰਜ ਕੇ ਸਮ ਲਿਸ਼ਕੇ ਮੰਦਰ, ਰਤਨੋ ਸੇ ਹੈ

ਜੜਾ ਹੂਆ। ਵਿਮਾਨ ਔਰ ਰਥ ਘਨੇ ਸੋਭ ਰਹੇ ਨੇ, ਸੋਨੇ ਕਾ ਜੋ ਘੜਾ ਹੂਆ ।। ਸੁੰਦਰ ਬਾਗ ਬਗੀਚੇ ਲਾਗੇ ਵਿੱਚ ਤਾਲਾਬ ਸੋਹਦੇ ਹੈ। ਨੌਕਰ ਚਾਕਰ ਬੇ-ਸੁਮਾਰ ਹੈ ਭੱਟ ਕਈ ਜਸ ਗਾਉਂਦੇ ਹੈ ।। ਰਾਜ ਸਮਾਜ ਬਨਾ ਹੈ ਪੂਰਾ, ਕਮੀ ਨਹੀ ਅਬ ਕੋਈ ਹੈ। ਸੁਦਾਮਾ ਜੀ ਅਬ ਸੋਚਨ ਲਾਗੇ, ਛੱਪਰੀ ਕਿਸ ਨੇ ਗਿਰਾਈ ਹੈ।। ਕੋਣ ਗਰੀਬਾਂ ਕੋ ਪੁਛਦਾ ਹੈ, ਸ਼ਕਤੀ ਕਿਸ ਨੇ ਦਿਖਾਈ ਹੈ। ਛੱਪਰ ਮੇਰਾ ਢਾਹ ਦੀਆ ਹੈ ਕੋਠੀ ਆਪਣੀ ਪਾਈ ਹੈ ।।

ਦੋਹਿਰਾ:

ਸੁਦਾਮਾ ਜੀ ਡਰਨੇ ਲਗੇ ਅਗੇ ਧਰਨ ਨਾ ਪੈਰ ।। ਕਿਸੀ ਕੇ ਘਰ ਜਾਨਾ ਮਨਾ ਬਿਨ ਪੂਛੇ ਨਹੀਂ ਖੈਰ ।। ਹਮ ਕਉ ਗੁਰ ਦੀ ਦਇਆ ਹੈ ਹਰਖ ਸੋਗ ਨਹੀਂ ਕੋ ।। ਛੱਪਰ ਗਿਰੇ ਦਾ ਗਮ ਨਹੀ ਜੋ ਹੋਨੀ ਸੋ ਹੋ।।

ਸਲੋਕ ਮਃ ੯ ।। ਜਗ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ ।।

ਗੁਰਬਾਣੀ : ਕਹੁ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤ ।। ੪ ।।੯।। [ਪੰਨਾ ੧੪੨੮]

ਭਜਨ

ਝੂਠਾ ਹੈ ਸਭ ਜਗਤ ਵਿਵਹਾਰਾ।। ਹਮਨਾ ਕਿਸੀ ਕੇ ਕੋਈ ਨਾ ਹਮਾਰਾ ।। ਤਨ ਸਬੰਧ ਸਕਲ ਪਰਬਾਰਾ ।। ਸੋ ਤਨ ਹਮਨੇ ਜਾਨਾ ਨਿਆਰਾ ।। ਪੁੰਨ ਉਦੈ ਸੁਖ ਕਾ ਬਦਬਾਰਾ ।। ਪਾਪ ਉਦੈ ਦੁਖ ਹੋਤ ਅਪਾਰਾ ।। ਪਾਪ ਪੁੰਨ ਦੋਊ ਸੰਸਾਰਾ ।। ਮੈ ਸਭ ਦੇਖਨ ਜਾਨਣ ਹਾਰਾ ।। ਮੈਂ ਚੇਹ ਜੁੱਗ ਤਿੰਨ ਕਾਲ ਅਕੇਲਾ ।। ਪਰ ਸੰਜੋਗ ਭਇਓ ਬਹੁ ਮੇਲਾ ।। ਉਪਮਾ ਨਿੰਦਾ ਸਭ ਕਰ - ਕਰ ਜਾਈ।। ਮੇਰੇ ਹਰਖ ਸੋਗ ਕੁਛ ਨਾਹੀ ।। ਰਾਗ ਭਾਵਤੇ ਸੱਜਨ ਮਾਨੋ ।। ਦਵੈਸ ਭਾਵ ਤੇ ਦੁਰਜ਼ਨ ਜਾਨੋ ।। ਰਾਗ ਦੁਵੈਸ਼ ਦੋਏ ਮਮ ਨਾਹੀ ।। ਹਾਨੀ ਨਾ ਲਾਭ ਚੇਤਨ ਪਦ ਮਾਹੀ ।। ਛੱਪਰ ਮੇਂ ਨਹੀ ਪ੍ਰੇਮ ਹਮਾਰਾ ।। ਗੰਮ ਨਹੀਂ ਜੇ ਕਿਸੇ ਮਹਿਲ ਉਸਾਰਾ ।।

ਭਗਤ ਮਾਲ ਸੰਗੀਤ-52

ਦੋਹਿਰਾ: ਭਗਤ ਖੜੇ ਹੈ ਸੋਚਤੇ ਆਈ ਸ਼ੁਸੀਲਾ ਨਾਰਿ । ਸਾਥ ਗੋਲੀਆ ਟਹਿਲਣਾ ਪਾਇਆ ਗਲ ਮੇਂ ਹਾਰ ।।

ਛੰਦ: ਹੇ ਮਹਾਂਰਾਜ ਮੈਂ ਨਾਰ ਆਪਕੀ ਕਿਉਂ ਇਤਨਾ ਘਬਰਾਤੇ ਹੋ। ਚਲੀਏ ਮਹਿਲ ਕੇ ਭੀਤਰ ਸੁਆਮੀ, ਕਿਸਸੇ ਆਪ ਸ਼ਰਮਾਤੇ ਹੋ।। ਤੁਮ ਗਏ ਦਵਾਰਿਕਾ ਪੁਰੀ ਕੋ, ਜਿਸ ਦਿਨ ਰਾਤ ਕੋ ਸਭ ਸਾਮਾਨ ਹੂਆ । ਮੇਰਾ ਤਨ ਔਰ ਤਨ ਤੁਮਰਾ ਵੀ, ਦੇਖ ਲੈ ਨੌਜਵਾਨ ਹੂਆ ।। ਇਸੀ ਲੀਏ ਹੇ ਪਤੀ ਜੀ ਮੁਝ ਕੋ ਆਪ ਨਹੀਂ ਪਛਾਣ ਸਕੇ। ਛੱਪਰ ਕੀ ਜਗਾ ਮੰਦਰ ਬਣ ਗਿਆ ਇਸ ਕੋ ਵੀ ਨਹੀਂ ਜਾਣ ਸਕੇ ।। ਪ੍ਰੇਮ ਭਰੀ ਦ੍ਰਿਗ ਜਲ ਗਿਰਤਾ ਹੈ, ਚਰਨੀ ਸੀਸ ਨਿਵਾਇਆ ਹੈ। ਸੁਦਾਮਾ ਜੀ ਕੋ ਭੀਤਰ ਲੇ ਗਈ, ਪਲੰਘ ਉਪਰ ਬਿਠਲਾਇਆ ਹੈ ।। ਚਰਨ ਧੋਏ ਚਰਨਾਮ੍ਰਿਤ ਪੀਤਾ, ਦਿਲ ਮੇਂ ਹੂਈ ਬਹੁ ਪ੍ਰਸੰਨ ।। ਸੁਦਾਮਾ ਜੀ ਸਾਮਾਨ ਦੇਖ ਕੇ ਕਰ ਰਹੇ ਸੋਚ ਹੈ ਅਪਨੇ ਮਨ ।। ਇਤਨਾਂ

ਸਮਾਨ ਜੇ ਵਾਸਦੇਵ ਜੀ ਕਹਿ ਕਰ ਕੇ ਹਮ ਕੋ ਦੇਤੇ। ਬੱਸ ਫੌਰਨ ਹੀ ਇਨਕਾਰ ਜੋ ਕਰਤੇ, ਕਭੀ ਨਹੀ ਹਮ ਥੇ ਲੇਤੇ ।। ਚਲਨ ਸਮੇਂ ਮੁਝੇ ਕੁਛ ਨਾ ਕਹਾ, ਇਹ ਈਸ਼ਵਰ ਕੀ ਵਡਿਆਈ ਹੈ। ਬਿਨ ਮਾਂਗੇ ਸੇ ਇਤਨੀ ਸੰਪਿਤ ਗ੍ਰਹਿ ਮੇਰੇ ਮੇਂ ਆਈ ਹੈ ।। ਜੈਸੇ ਰਾਤ ਕੋ ਘਨੇ ਜੋਰ ਸੇ ਬਦੱਲ ਵਰਖਾ ਕਰਤਾ ਹੈ ਆਨ।ਬੱਸ ਇਸੀ ਤਰ੍ਹਾਂ ਹੀ ਮੇਰੇ ਗ੍ਰਹਿ ਮੇਂ ਸੰਪਤ ਨਿਸ਼ਮੇ ਕਰੀ ਭਗਵਾਨ ।। ' ਸੁਦਾਮਾ ਭਗਤ ਜੀ ਘਨੇ ਆਨੰਦ ਸੇ ਕਰਨ ਲਗੇ ਅਪਨੀ ਗੁਜਰਾਨ । ਸੰਸਾਰਕ ਸੁੱਖ ਭੋਗ-ਭੋਗ ਕੇ ਆਖਿਰ ਕੋ ਹੋ ਗਈ ਕਲਿਆਣ ।। ਐ ਮੇਰੇ ਮਨ ਪ੍ਰੇਮ ਸੇ ਜੇਕਰ ਕਰੇਗਾ ਕੁੱਛ ਤੂ ਭੀ ਦਾਨ। ਸਭੀ ਦਲਿਦਰ ਦੂਰ ਹੋਵੇਗਾ ਅੰਤ ਕੋ ਹੋ ਜਾਵੇ ਕਲਿਆਣ ।। ਇਸ ਲੀਏ ਸੁਦਾਮਾ ਜੀ ਕੀ ਸਾਖੀ ਪਵਿੱਤਰ ਸੁਨਾਈ ਹੈ। ਨਿਸ਼ਕਾਮ ਦਾਨ ਔਰ ਨਾਮ ਜਪੇ, ਫਿਰ ਪ੍ਰਭੂ ਜੀ ਹੋਣ ਸਹਾਈ ਹੈ ।। ਜੋ ਕਾਮਨਾ ਕਰਕੇ ਨਾਮ ਜਪੇ ਔਰ ਕਾਮਨਾ ਕਰਕੇ ਕਰਤਾ ਦਾਨ। ਮਨ ਕੀ ਸੁੱਧੀ ਨਹੀ ਹੋਤੀ ਹੈ ਦਿਲ ਮੇਂ ਆਤਾ ਨਹੀ ਗਿਆਨ ।। ਨਿਸ਼ਕਾਮ ਭਗਤੀ ਕੋ - ਜੋ ਕਰਤੇ ਹੈ ਲੋਕ ਪ੍ਰਲੋਕ ਹੈ ਬਨ ਜਾਤਾ। ਸਾਇਰ ਕਿਸੀ ਕੋ ਨਹੀਂ ਬੁਲਾਵੇ ਆਪੇ ਹੀ ਸਭ ਜਲ ਜਾਤਾ ।। ਐ ਮੇਰੇ ਮਨ ਦੇਰ ਨਾ ਕਰ, ਨਿਸ਼ਕਾਮ ਭਗਤੀ ਕਾ ਕਰ ਨੇ ਚਾਅ। ਨਿਸ਼ਕਾਮ ਹੀ ਰਾਮ ਕਾ ਨਾਮ ਜਪੋ ਪੂਰਾ ਹੂਆ ਇਹ ਅਧਿਆਇ ।।

ਦੋਹਿਰਾ : ਪੜੇ ਸੁਣੇ ਜੋ ਪ੍ਰੇਮ ਸੇ ਕਸ਼ਟ ਸਭੀ ਮਿਟ ਜਾਇ ।। ਸੁਖ ਸੰਪਤ ਮਿਲ ਜਾਵੇਗੀ ਅੰਤ ਪਰਮਗਤ ਪਾਇ ।।

ਭਗਤ ਮਾਲ ਸੰਗੀਤ- 53

ਸ੍ਰੀ ਗੁਰੂ ਹਰਨਾਮ ਜੀ ਮਹਿਮਾ ਅਪਰਮ - ਅਪਾਰ ।। ਦਾਸ ਜਾਨ ਕੇ ਬਖਸ਼ ਦੋ ਸਦਾ ਹੂ ਭੂਲਨਹਾਰ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਸੁਦਾਮਾ ਜੀ ਦਾ ਪ੍ਰਸੰਗ ਵਰਨਣ ਨਾਮ ਅਸ਼ਟਮੋ ਅਧਿਆਇ ਸਮਾਪਤਮ ।।੮ ।। ਸਤਿ ਕਰਤਾਰ**

ਭਗਤ ਮਾਲ ਸੰਗੀਤ -54

ੴ ਸਤਿਗੁਰ ਪ੍ਰਸਾਦਿ ।।

**ਅਥ ਬੱਧਕ ਦਾ ਪ੍ਰਸੰਗ -9**

ਸਲੋਕ।। ਡੰਡਉਤ ਬੰਦਨ ਅਨਿਕ ਬਾਰ, ਸਰਬ ਕਲਾ ਸਮਰੱਥ ।। ਡੋਲਨ ਤੇ ਰਾਖਹੁ ਪ੍ਰਭੂ, ਨਾਨਕ ਦੇ ਕਰਿ ਹੱਥ ।।੧।।

[ਗੁਰਬਾਣੀ ਪੰਨਾ ੨੫੬] ਆਏ

ਸ੍ਰੀ ਗੁਰੂ ਹਰਨਾਮ ਜੀ ਜਿਨਕਾ ਸਰਲ ਸੁਭਾਇ ।। ਚਰਨ ਕੰਵਲ ਪਰ ਬੰਦਨਾ ਹੋਤੇ ਸਦਾ ਸਹਾਇ ।। ਨਿਜ ਮਨ ਕਹਾ ਸੁਨਾਇ ਕੈ ਬੰਧਕ ਕਾ ਪ੍ਰਸੰਗ ।। ਪਾਪ ਕਰਤਾ ਤਰ ਗਿਆ ਦਿਲ ਮੇਂ ਧਾਰਿ ਉਮੰਗ ।।

" ਬੱਧਕ ਉਧਰਿਓ ਖਮਿ ਪ੍ਰਹਾਰਿ "

ਭਾਈ ਗੁਰਦਾਸ ਜੀ :

ਵਾਰ ੧੦ ਪਉੜੀ ੨੩

ਜਾਇ ਸੁੱਤਾ,ਪਰਭਾਸ ਵਿਚਿ ਗੋਡੇ ਉੱਤੇ ਪੈਰ ਪਸਾਰੇ। ਚਰਨ ਕੰਵਲ ਵਿਚਿ ਪਦਮੁ ਹੈ ਤਿਲਮਿਲ ਝਲਕੇ ਵਾਂਗੀ ਤਾਰੇ।

ਚੌਪਈ : ਹਰਨਾਕਿਸ਼ਪ ਹਰਨਾਖਸ਼ ਭਾਰੇ ਵੈਰ ਭਾਵ ਕਰ ਉਤਰੇ ਪਾਰੇ ।। ਮਹਾਂ ਦੁਹਕਰਮੀ ਰਾਵਨ ਭਾਰਾ ਵੈਰ ਭਾਵ ਕਰ ਉਤਰਿਆ ਪਾਰਾ ।। ਸ਼ਿਸ਼ੂਪਾਲ ਵਿਰੋਧੀ ਕਹੇ ਕਬੋਲ, ਵੈਰ ਭਾਵ ਕਰ ਤਰ ਗਿਆ ਅਡੋਲ ।। ਮਹਾਂਅਧੱਮ ਜੋ ਕੰਸ ਥਾ ਪਾਪੀ, ਮਾਰੇ ਭਾਨਜੇ ਕੁਲ ਕਾ ਘਾਤੀ ।। ਵੈਰ ਭਾਵ ਕਰ ਤਜੇ ਪ੍ਰਾਨ ਅੰਤ ਕੋ ਹੋਇ ਗਈ ਕਲਿਆਣ ।। ਬੱਧਕ ਨੇ ਵੀ ਬਾਣ ਚਲਾਇਆ, ਦੁੱਕਰਤ ਪਾਪੀ ਮੁਕਤ ਕਰਾਇਆ ।।

ਦੋਹਿਰਾ: ਪਤਿਤ ਪਾਵਨ ਜੋ ਨਾਮ ਹੈ ਇਸ ਲੀਏ ਗਏ ਤੱਰ।ਨਾਮ ਹੈ ਇਸ ਲੀਏ ਗਏ ਤੱਰ । ਐਸਾ ਨਾਮ ਅਮੋਲ ਹੈ ਮਨ ਤੂੰ ਜਪਿਆ ਕੱਰ ।। ਬੱਧਕ ਕਾ ਪ੍ਰਸੰਗ ਜੋ ਸੁਨ ਤੂੰ ਮੇਰੇ ਮਨ। ਬਾਣ ਮਾਰ ਕੇ ਉਧਰਿਆ ਪਾਪ ਗਏ ਸਭੀ ਹਨ ।।

ਛੰਦ: ਕੋਈ ਜਪ ਕਰਕੇ ਕੋਈ ਤਪ ਕਰਕੇ, ਕੋਈ ਤਰਿਆ ਨਾਮ ਕੋ ਜਪਨੇ ਤੇ। ਕੋਈ ਕਰ ਉਪਾਸਨਾ, ਸਾਧਨ ਉਧਰੇ, ਕੋਈ ਉਧਰਿਆ ਧੁਨੀਆ ਤਪਨੇ ਤੇ ।। ਪਤਿਤ ਪਾਵਨ ਹੈ ਨਾਮ ਹਰੀ ਕਾ ਪਾਪੀ ਅਨੇਕੋ ਦੇਤਾ ਤਾਰ। ਇਸੀ ਲੀਏ ਗੁਰੂ ਸਾਹਿਬ ਲਿਖਦੇ, ਬੱਧਕ ਉਧਰਓ ਖਮ ਪ੍ਰਹਾਰ ।।

ਛੰਦ: ਪਾਡਵਾਂ ਕੋ ਯਦੀ ਰਾਜ ਦੀਆ ਧਰਤੀ ਬੋਝ ਸੇ ਕੀਨੀ ਦੂਰ। ਸੁਧਰਮੀ ਨਰਿਪ ਕੋ ਬਿਠਲਾਇਆ, ਕੁਕਰਮੀ ਰਾਜਾ ਕੀਆ ਚੂਰ ।। ਕ੍ਰਿਸ਼ਨ ਜੀ ਮਨ ਮੇ ਸੋਚਤੇ ਹੈ ਅਭੀ ਭਾਰ ਬਕਾਇਆ ਰਹਿਤਾ ਹੈ। ਯਾਦਵੋਂ ਕੀ ਕੁੱਲ ਹੈ ਭਾਰੀ ਇਸ ਲੀਏ ਹੰਕਾਰ ਮੇਂ ਬਹਿਤਾ ਹੈ।।



ਇਸ ਧਰਤੀ ਪਰ ਭਾਰ ਹੈ ਬਾਕੀ ਇਸੇ ਵੀ ਹਟਾਨਾ ਚਾਹਿਏ। ਯਾਦਵ ਸਾਰੇ ਨਾਸ਼ ਹੋਣਗੇ ਬੁੱਧੀ ਪਰ ਪੜਦਾ ਪਾਨਾ ਚਾਹਿਏ ।। ਵਿਸ਼ਵਾਮਿੱਤਰ ਭ੍ਰਿਗੂ ਅੰਗਰਾ ਵਾਸਦੇਵ ਕੱਸ਼ਯਪ ਜੋ ਨਾਲ । ਅਤ੍ਰੀ ਵਿਸ਼ਿਸਟ ਨਾਰਦ ਮੁਨੀ ਸਾਰੇ ਦਰਵਾਸਾ ਵੀ ਆਏ ਤਿਸ ਨਾਲ ।।

ਦੋਹਿਰਾ:ਸ੍ਰੀ ਕ੍ਰਿਸ਼ਨ ਚੰਦਰ ਕੇ ਦਰਸ਼ ਕੋ,ਆਏ ਮੁਨੀ ਸੁਜਾਨ । ਪਹਿਲੇ ਯਾਦਵ ਕੁਲ ਕੇ ਮਿਲ ਪਏ ਬਾਲਕ ਆਨ ।। ਰਿਸ਼ੀਔਂ ਕੋ ਪ੍ਰਣਾਮ ਕਰ ਬੈਠੇ ਸਭੀ ਕੁਮਾਰ ।। ਅੰਦਰ ਭਰਿਆ ਕਪਟ ਸੇ ਬਾਹਰੋਂ ਨਮੋ ਉਚਾਰ ।।

ਛੰਦ: ਜਾਮਵੰਤੀ ਕਾ ਪੁੱਤਰ ਸਾਂਭ ਕੋ, ਇਸਤ੍ਰੀ ਰੂਪ ਬਨਾਇ ਲੀਆ। ਪੇਟ ਮੇਂ ਉਚੀ ਬਾਟੀ ਬਾਂਧੀ, ਗਰਭਵਤੀ ਠਹਿਰਾਇ ਲੀਆ ।। ਰਿਸ਼ੀਯੋਂ ਕੋ ਫਿਰ ਪੂਛਨ ਲਾਗੇ, ਆਪ ਜੋ ਅੰਤਰਯਾਮੀ ਹੋ। ਇਸ ਔਰਤ ਕੋ ਕਿਆ ਜਨਮੇਗਾ ਬਤਲਾਵੋ ਤੁਮ ਸਵਾਮੀ ਹੋ।। ਜੇਕਰ ਤੁਮ ਨਹੀ ਬਤਲਾਵੋਗੇ ਕਿਉ ਦੁਨੀਆ ਮੇਂ ਘੂਮਤੇ ਹੋ। ਬੀਚ ਤੁਮਹਾਰੇ ਕਿਆ ਸ਼ਕਤੀ ਹੈ ਪਾਂਵ ਲੋਗ ਜੋ ਪੂਜਤੇ ਹੋ ।। ਦੁਰਵਾਸਾ ਨੇ ਕ੍ਰੋਧ ਕੀਆ ਹੈ, ਅਪਨੇ ਮੁੱਖ ਸੇ ਕਹਾ ਉਚਾਰ । ਇਸ ਕੋ ਮੂਸਲ ਜਨਮੇਗਾ ਜੋ ਸਭ ਹੀ ਕੁੱਲ ਕੋ ਦੇਉ ਮਾਰ ।। ਜਬ ਯੇਹ ਬਾਤ ਸੁਨੀ ਲੜਕੋਂ ਨੇ ਮਨ ਮੇਂ ਹੋ ਗਏ ਘਨੇ ਉਦਾਸ ਸਾਂਭ ਕੇ ਪੇਟ ਸੇ ਕਪੜਾ ਖੋਲਾ, ਲੋਹ ਕਾ ਮੂਸਲ ਨਿਕਲਾ ਖਾਸ ।। ਸ਼ਰਮ ਕੇ ਮਾਰੇ ਸਾਰੇ ਲੜਕੇ ਮਨ ਮੇਂ ਘਨਾ ਪਛਤਾਤੇ ਹੈ। ਹਮਰੀ ਕੁਲ ਕਾ ਨਾਸ ਹੋਵੇ, ਰਿਸ਼ੀ ਵਚਨ ਨਾ ਬਿਰਥੇ ਜਾਤੇ ਹੈ।। ਰਾਜਾ ਉਗਰਸੈਣ ਪਾਸ ਫਿਰ ਵੋ ਹੀ ਮੂਸਲ ਲੇ ਆਏ। ਜੋ ਕੁਛ ਹਾਲ ਬੀਤਾ ਥਾ ਸਾਰਾ ਸਭ ਨੇ ਦੀਆ ਸੁਨਾਏ ।। ਸ੍ਰੀ ਗੁਰਬਾਣੀ ਮੇ ਲਿਖਿਆ ਨਾਮਦੇਵ ਜੋ ਸ਼ਬਦ ਗਾਏ । ਦੁਰਵਾਸਾ ਸਿਉ ਕਰੀ ਠਗੋਰੀ, ਯਾਦਵ ਫਲ ਹੈ ਇਹ ਪਾਏ ।। ਪ੍ਰਭੂ ਕੇ ਸਨਮੁੱਖ ਜਿਹੀ ਵਾਰਤਾ, ਸਭ ਨੇ ਰਾਖੀ ਹੈ ਛੁਪਾਏ । ਉਸ ਮੂਸਲ ਕੋ ਰੇਤ-ਰੇਤ ਕੇ ਸਮੁੰਦਰ ਮੇਂ ਦੀਆ ਬਹਾਏ ।। ਰੇਤਨ ਸੇ ਜੋ ਰਹਿ ਗਿਆ ਟੁਕੜਾ, ਵੋ ਭੀ ਕੀਨਾ ਜਲ ਪ੍ਰਵਾਹ । ਮਛ ਨੇ ਜਾਨਾ ਚੀਜ ਅਲੋਕਕ ਫੌਰਨ ਉਸ ਕੋ ਲੀਨਾ ਖਾ ।। ਤਰੰਗ ਸੇ ਚੂਰਾ ਬਾਹਰ ਗਿਰਾ ਹੋ ਗਈ ਪੈਦਾ ਦੱਭ ਅਪਾਰ। ਝੀਵਰ ਨੇ ਵੋ ਹੀ ਮਛ ਪਕੜਾ ਹੈ ਪੇਟ ਸੇ ਨਿਕਲਾ ਲੋਹ ਚਮਕਾਰ ।। ਭਾਲ ਬਨਾਈ ਉਸ ਲੋਹੇ ਕੀ ਬਾਣ ਕੇ ਆਗੇ ਲੈਂਦਾ ਧਰ। ਕੋਈ ਸ਼ਿਕਾਰ ਨਾ ਬਚਦਾ ਸੀ ਚਲਾਉਦਾ ਥਾ ਜਿਸਕੇ ਉਪਰ ।।

ਭਗਤ ਮਾਲ ਸੰਗੀਤ -56

ਦੁਆਰਿਕਾ ਕੀ ਅਬ ਸੁਨੋ ਬਾਤ, ਘਨੇ ਉਪਦ੍ਰਵ ਹੋਣ ਲਗੇ । ਛੋੜ ਦਿਉ ਇਸ ਨਗਰੀ ਕੋ ਤੁਮ ਪ੍ਰਭੂ ਆਪ ਸਮਝਾਉਣ ਲਗੇ ।। ਇਸਤ੍ਰੀ ਬਾਲਕ ਔਰ ਬ੍ਰਿਧ ਤੁਮ ਸੰਖੋ ਦੁਆਰ ਨਗਰ ਜਾਵੈ । ਇਸ ਜਗਾ ਕੋ ਛੋੜ ਦਿਉ ਤੁਮ ਵਾਪਸ ਲੌਟ ਕੇ ਨਾ ਆਵੈ ।।

ਦੋਹਿਰਾ: ਇਤਨਾ ਕਹਿ ਕੇ ਕ੍ਰਿਸ਼ਨ ਜੀ ਆਪ ਵੀ ਹੂਏ ਤਿਆਰ । ਪ੍ਰਭਾਸ ਛੇਤਰ ਮੇਂ ਪਹੁੰਚ ਗਏ ਲੀਲਾ ਅਪਰਮ - ਅਪਾਰ।

ਛੰਦ: ਜਾਕਰ ਕੇ ਇਸਨਾਨ ਕੀਆ ਉਪਵਾਸ ਵਰਤ ਕੇ ਲੀਨਾ ਧਾਰਿ। ਅਰਿਸ਼ਟੋ ਕੋ ਦੂਰ ਕਰਨ ਕੀ ਸਭ ਸਮੱਗਰੀ ਕਰੀ ਤਿਆਰ ।। ਸੁਨੀਏ ਬਾਤ ਅਬ ਯਾਦਵੋਂ ਕੀ ਕੈਸੇ ਉਨਕੀ ਵਿਗੜੀ ਬੁੱਧ। ਮਦਰਾ ਪੀਤੀ ਤੀਰਥ ਮੇਂ ਜਾ ਗਈ ਭੁੱਲ ਸਭ ਤਨ ਕੀ ਸੁਧ ।। ਮਾਇਆ ਕਰ ਸਭੀ ਮੋਹੇ ਹੂਏ, ਭੁਲ ਗਿਆ ਹੈ ਨਿੱਜ ਕਾ ਗਿਆਨ । ਉਸੀ ਸਮੁੰਦਰ ਤਟ ਪਰ ਪਹੁੰਚੇ ਹਾਥ ਮੇਂ ਲੇਕਰ ਤੀਰ ਕਮਾਨ ।। ਜੈਸੇ ਬਨ ਕੇ ਹਾਥੀ ਦਾਂਤ ਕਰ, ਹਾਥੀਅਨ ਕੋ ਹੀ ਮਾਰੇ ਹੈ। ਬਸ ਇਸੀ ਤਰਾਂ ਵੋ ਲੜਨੇ ਲਗੇ, ਮਰਤੇ ਜਾਤੇ ਸਾਰੇ ਹੈਂ ।। ਪੁੱਤਰ ਪਿਤਾ ਸੋ ਪਿਤਾ ਪੁੱਤਰ ਸੇ ਭ੍ਰਾਤਾ ਭ੍ਰਾਤਾ ਸੇ ਹੈ ਲੜਤੇ। ਮਾਮਾ ਭਾਣਜਾ ਨਾਨਾ ਦੋਹਤਰੇ ਦਾਦਾ ਪੋਤਰਾ ਨਹੀਂ ਅੜਤੇ ।। ਭਗਵਨ ਉਨਕੋ ਰੋਕਨ ਲਾਗੇ, ਮਾਰਨ ਦੌੜੇ ਵੈਰੀ ਜਾਨ। ਐਸਾ ਮਦ ਕਾ ਜੋਸ਼ ਚੜਾ ਹੈ ਭੂਲ ਗਿਆ ਹੈ ਸਭ ਕੋ ਗਿਆਨ ।। ਸਭੀ

ਸ਼ਸਤਰ ਜਬ ਟੂਟ ਗਏ, ਵੋ ਹੀ ਹਾਥ ਮੇਂ ਪਕੜੀ ਦੰਭ। ਤੇਜ ਦੋ ਖੰਡਾ ਧਾਰ ਬਨ ਗਈ, ਉਸੀ ਸੇ ਕਟ ਕਰ ਮਰ ਗਏ ਸਭ ।। ਜੈਸੇ ਬਾਂਸ ਕੀ ਅਗਨ ਬਾਂਸ ਕੇ, ਬਨਕੋ ਭਸਮ ਕਰ ਡਾਲਤੀ ਹੈ। ਬਸ ਇਸੀ ਤਰਾਂ ਸਭ ਯਾਦਵ ਮਰ ਗਏ ਅਗਨ ਕ੍ਰੋਧ ਕੋ ਜਾਲਤੀ ਹੈ ।। ਬਲਦੇਵ ਜੀ ਨੇ ਸਮੁੰਦਰ ਤਟ ਪਰ, ਪਾਰਬ੍ਰਹਮ ਕਾ ਕੀਆ ਧਿਆਨ । ਜੋਤੀ - ਜੋਤ ਸਮਾਇ ਗਏ ਹੈ ਛੋੜ ਦੀਏ ਜੋ ਤਨ ਸੇ ਪ੍ਰਾਨ ।। ਭਗਵਨ ਸੋਚਾ ਸਭ ਚਲ ਗਏ ਹੈ, ਬਾਕੀ ਮੇਰਾ ਰਹੇ ਸਰੀਰ। ਜੋ ਆਇਆ ਸੋ ਸਭ ਨੇ ਜਾਣਾ, ਏਥੇ ਬਸ ਹੋਤੀ ਆਖੀਰ ।।

ਗੁਰਬਾਣੀ : ਸਲੋਕ ਮਃ ੯।। ਰਾਮ ਗਇਓ ਰਾਵਨੁ ਗਇਓ, ਜਾ ਕਹੁ ਬਹੁ ਪਰਵਾਰ ।। ਕਹੁ ਨਾਨਕ ਥਿਰੁ ਕਛੁ ਨਹੀਂ, ਸੁਪਨੇ ਜਿਉ ਸੰਸਾਰ।। ੪੦ ।। [ਪੰਨਾ ੧੪੨੮) ਜੋ ਉਪਜਿਓ ਸੋ ਬਿਨਸੁ ਹੈ ਪਰੈ ਆਜ ਕੇ ਕਾਲਿ ।। ਨਾਨਕ ਹਰਿ ਗੁਨ ਗਾਇ ਲੈ ਛੋਡਿ ਸਗਲ ਜੰਜਾਲਿ ।। [੧੪੨੮] ਝੂਠੇ ਤਨ ਕੋ ਛੋੜ ਗਏ ਹੈ, ਜਿਤਨੇ ਵੀ ਹੋਏ ਅਵਤਾਰ। ਇਸੀ ਲੀਏ ਅਬ ਕ੍ਰਿਸ਼ਨ ਚੰਦਰ ਭੀ ਤਨ ਸੇ ਲਾਗੇ ਕਰਨ ਕਿਨਾਰ ।।

ਭਗਤ ਮਾਲ ਸੰਗੀਤ-57

ਪੀਪਲ ਤਲੇ ਸੁਖ ਆਸਨ ਹੂਏ ਪੈਰ ਮੇਂ ਪਦਮ ਕਾ ਲਿਸ਼ਕਾਰਾ। ਬੰਧਕ ਸੋਚੇ ਮਿਰਗ ਹੈ ਕੋਈ, ਖੀਚ ਬਾਣ ਉਸ ਨੇ ਮਾਰਾ ।।

ਦੋਹਿਰਾ: ਜਰਾ ਨਾਮ ਬੰਧਕ ਗਿਆ, ਜਲਦੀ ਪ੍ਰਭੂ ਜੀ ਪਾਸ। ਐ ਕਿਰਪਾ ਨਿਧ ਬਖਸ਼ ਦਿਓ ਸਮਝੋ ਅਪਨਾ ਦਾਸ ।। ਹਾਥ ਜੋੜ ਕਹਿਨੇ ਲਗਾ ਕਰੋਂ ਦੂਰ ਸਭ ਪਾਪ । ਅਪਰਾਧੀ ਗੁਨਾਹਗਾਰ ਹੂੰ ਨਸ਼ਟ ਹੋਨ ਤਰੈ ਤਾਪ ।।

ਛੰਦ: ਹੇ ਮਹਾਰਾਜ ਮੈਂ ਜੀਵੋ ਕੀ ਦਿਨ ਰਾਤ ਜੋ ਹਿੰਸਾ ਕਰਤਾ ਹੂੰ । ਮਿਰਗ ਜਾਣ ਕੇ ਬਾਣ ਮੈਂ ਛੋੜਾ ਲਾਗਾ ਆਪ ਸੇ ਡਰਤਾ ਹੂੰ ।। ਹੇ ਪ੍ਰਭੂ ਆਪਕਾ ਨਾਮ ਜਗਤ ਮੇਂ ਸਰੇਸ਼ਟ ਘਨਾ ਕਹਿਲਾਤਾ ਹੈ। ਨਾਮ ਲੀਏ ਸਭੀ ਪਾਪ ਨਸ਼ਟ ਹੋ ਪਰਮ ਗਤੀ ਕੋ ਪਾਤਾ ਹੈ ।। ਮੇਰੇ ਜੈਸਾ ਔਰ ਨਾ ਪਾਪੀ ਆਪਕੋ ਬਾਣ ਚਲਾਇਆ ਹੈ। ਮੁਝ ਕੋ ਭੀ ਅਬ ਜਾਨ ਸੇ ਮਾਰੋ ਕਿਉ ਇਤਨਾ ਚਿਰ ਲਾਇਆ ਹੈ।।

ਭਜਨ

ਟੇਕ: । ਪ੍ਰਭ ਜੀ ਤਾਰ ਤਾਰ ਤਾਰ ਆਇਆ ਤੇਰੀ ਸ਼ਰਨ ਆਇਆ ਤੇਰੀ ਸ਼ਰਨ ਮਿਟੇ ਜਨਮ ਮਰਨ.....

ਪਾਪ ਕੀਆ ਮੈਂ ਇਹੋ ਭਾਰੀ, ਤੀਰ ਚਲਾਇਆ ਗਈ ਮੱਤ ਮਾਰੀ, ਲਾਹੋ ਭਾਰ ਭਾਰ ਭਾਰ ਆਇਆ ਤੇਰੀ ਸ਼ਰਨ.... ਨਿਸ ਦਿਨ ਜੀਵ ਪਕੜ ਕਰ ਮਾਰੇ, ਜੁਲਮ ਕਮਾਏ ਹੋਰ ਵੀ ਭਾਰੇ, ਲਵੋ ਸਾਰ ਸਾਰ ਸਾਰ ਆਇਆ ਤੇਰੀ ਸ਼ਰਨ.... ਭੁੱਲ ਕਰ ਤੁਮਰਾ ਨਾਮ ਨਾ ਲੀਤਾ, ਵਿਸ਼ਯੋਂ ਮੇ ਸਭ ਜਨਮ ਹੈ ਬੀਤਾ, ਗਿਆ ਹਾਰ -ਹਾਰ - ਹਾਰ ਆਇਆ ਤੇਰੀ

ਸ਼ਰਨ ....

ਪਾਪੀ ਆਪਨੇ ਬਹੁਤ ਤਾਰੇ, ਦਾਸਨ ਦਾਸ ਪੜਾ ਆ ਦੁਆਰੇ ਪਾਪ ਜਾਰ-ਜਾਰ -ਜਾਰ- ਆਇਆ ਤੇਰੀ ਸ਼ਰਨ....

ਦੋਹਿਰਾ :ਬੰਧਕ ਕੀ ਸੁਨ ਬੇਨਤੀ, ਖੁਸ਼ ਹੂਏ ਕ੍ਰਿਸ਼ਨ ਮੁਰਾਰਿ ।। ਤੇਰਾ ਕੁਛ ਕਸੂਰ ਨਾ ਹੁਕਮ ਇਹੋ ਕਰਤਾਰ ।।

ਛੰਦ: ਮੇਰੇ ਹੀ ਮਨ ਕੀ ਕਾਮਨਾ ਥੀ ਸੋ ਅੱਜ ਹੋ ਗਈ ਹੈ ਪੂਰਨ। ਐ ਬੰਧਕ ਤੂ ਸੋਚ ਨਾ ਕਰ ਸਭੀ ਪਾਪ ਤੇਰੇ ਹੋ ਗਏ ਚੂਰਨ ।। ਕੁਛ ਉਮਰ ਤੇਰੀ ਅਜੇ ਹੈ ਬਾਕੀ, ਅੰਤ ਕਾਲ ਜਬ ਆਵੇਗਾ। ਮਨ ਆਪਣੇ ਮੇਂ ਨਿਸਚਾ ਕਰਲੈ, ਤੂੰ ਬੈਕੁੰਠ ਕੋ ਜਾਵੇਗਾ ।। ਉਮਰ ਭੋਗ ਕੇ ਮਰਿਆ ਬੰਧਕ, ਬੈਕੁੰਠੇ ਬਿਬਾਨ ਆਇਆ।ਮਹਾਂ ਪਾਪੀ ਜੋ ਬੰਧਕ ਤਰਿਆ, ਏਕ ਨਿਮਖ ਹਰਿ ਗੁਣ ਗਾਇਆ ।।



ਇਸ ਲੀਏ ਸਾਖੀ ਬੁੱਧਕ ਕੀ ਤੇਰੇ ਲੀਏ ਸੁਨਾਈ ਹੈ। ਨਾਮ ਹਰੀ ਕਾ ਜਪ ਮਨ ਪਿਆਰੇ, ਨਾਮ ਬੜਾ ਸੁਖਦਾਈ ਹੈ ।। ਐ ਮੇਰੇ ਮਨ ਨਾਮ ਹਰੀ ਕਾ ਸੁਬਹ ਔਰ ਸ਼ਾਮ ਧਿਆਵੇਗਾ। ਸ੍ਰੀ ਗੁਰੂ ਦੇਵ ਸਹਾਈ ਤੇਰੇ, ਜਨਮ ਮਰਨ ਕੱਟ ਜਾਵੇਗਾ ।। ਐਸਾ ਬੱਧਕ ਪਾਪੀ ਭਾਰਾ, ਪ੍ਰਭੂ ਨੇ ਗਲੇ ਲਗਾਇਆ ਹੈ।. ਪਤਿਤ ਪਾਵਨ ਹੈ ਨਾਮ ਪ੍ਰਭੂ ਦਾ ਕਿਉਂ ਮਨ ਤੂ ਹੀ ਭੁਲਾਇਆ ਹੈ।

ਭਾਈ ਗੁਰਦਾਸ ਜੀ :

ਵਾਰ ੧੦ਪਉੜੀ ੨੩

ਗਲਿ ਵਿਚਿ ਲੀਤਾ ਕ੍ਰਿਸ਼ਨ ਜੀ, ਅਵਗੁਣੁ ਕੀਤਾ ਹਰਿ ਨ ਚਿਤਾਰੇ। ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ। ਪਾਪ ਕਰੇਂਦੇ ਪਤਿਤ ਉਧਾਰੇ ।।੨੩ ।। ੧੦ ।।

ਦੋਹਿਰਾ : ਸਤਿਗੁਰ ਕਿਰਪਾ ਹੋ ਗਈ ਪੂਰਾ ਹੂਆ ਅਧਿਆਇ ।। ਪੜ੍ਹੇ ਸੁਣੇ ਜੋ ਪ੍ਰੇਮ ਸੇ ਪਾਪ ਨਸ਼ਟ ਹੋ ਜਾਏ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਬੱਧਕ ਦਾ ਪ੍ਰਸੰਗ ਵਰਣਨੰ ਨਾਮ ਨਵਮੋ ਅਧਿਆਇ ਸਮਾਪਤਮ ।।੯ ।। ਸਤਿ ਕਰਤਾਰ**



ੴ ਸਤਿਗੁਰ ਪ੍ਰਸਾਦਿ ।।

**<u>ਅਥ ਕੁਬਜਾ ਦਾ ਪ੍ਰਸੰਗ -10</u>**

ਸਲੋਕ ।। ਦੀਨ ਦਰਦ ਦੁੱਖ ਭੰਜਨਾ ਘਟਿ ਘਟਿ ਨਾਥ ਅਨਾਥ ।। ਸਰਣਿ ਤੁਮਾਰੀ ਆਇਓ ਨਾਨਕ ਕੇ ਪ੍ਰਭ ਸਾਥ ।।੨।। (ਸ੍ਰੀ ਸੁਖਮਨੀ ਸਾਹਿਬ)

ਸ੍ਰੀ ਗੁਰੂ ਹਰਨਾਮ ਜੀ ਕਰਤਾ ਹੂੰ ਪ੍ਰਣਾਮ । ਚਰਨ ਕਵਲ ਕਾ ਆਸਰਾ ਰਹੇ ਸੁਬਹ ਔਰ ਸ਼ਾਮ ।। ਕੁਬਜਾ ਕੀ ਸਾਖੀ ਕਹੂੰ, ਹੋਵੇ ਆਪ ਸਹਾਇ। ਦੀਨ ਦਿਆਲ ਕਿਰਪਾਲ ਹੋ ਮਹਿਮਾ ਕਹੀ ਨਾ ਜਾਇ ।।

ਗੁਰਬਾਣੀ: ਕੁਬਜਾ ਉਧਰੀ ਅੰਗਸ਼ਟ ਧਾਰਿ।।

ਛੰਦ : ਐ ਮੇਰੇ ਮਨ ਸ਼ਰਨ ਪ੍ਰਭੂ ਦੀ ਜੇਕਰ ਤੂ ਭੀ ਆਵੇਗਾ। ਕੁਬਜਾ ਤਰਾ ਉਧਾਰ ਹੋਵੇਗਾ ਜਨਮ ਮਰਨ ਕਟ ਜਾਵੇਗਾ ।। ਸੁਨ ਤੂ ਸਾਖੀ ਕੁਬਜਾ ਕੀ ਜਿਸ ਤਰਾਂ ਸੰਸਾਰ ਸੇ ਹੋਈ ਪਾਰ । ਮਥਰਾ ਮੇਂ ਅਵਤਾਰ ਲਿਆ ਤੇ ਗੋਕਲ ਮੇਂ ਜਾ ਬਸੇ ਮੁਰਾਰਿ ।। ਜਦੋਂ ਕੰਸ ਨੇ ਨਾਰਦ ਪਾਸੋ ਸਭ ਸੁਨ ਲੀਆ ਅਪਨਾ ਹਾਲ। ਕ੍ਰਿਸ਼ਨ ਚੰਦਰ ਜੀ ਪ੍ਰਗਟ ਹੋ ਗਏ ਅਬ ਆਵੇਗਾ ਮੇਰਾ ਕਾਲ।। ਅਕਰੂਰ ਕੋ ਭੇਜਾ ਗੋਕੁਲ ਮੇਂ ਸਾਥ ਕ੍ਰਿਸ਼ਨ ਕੋ ਲੇ ਆਵੋ। ਮੈਂ ਪੱਗ ਕਰਨਾ ਹੈ ਆਉਣ ਜਰੂਰੀ ਬਾਤ ਇਹ ਤੁਮ ਸਮਝਾਵੋ ।। ਘਨੇ ਸੁਰਮੇ ਮਾਰੇ ਮੇਰੇ ਪੇਸ਼ ਨਹੀ ਅਬ ਚਲਤੀ ਹੈ। ਇਸੀ ਬਹਾਨੇ ਬਦਲਾ ਲੇ ਲਊ , ਜੁਆਲਾ ਦਿਲ ਮੇ ਜਲਤੀ ਹੈ।। ਅਕਰੂਰ ਚਲੇ ਗਏ ਬਿੰਦਰਾਬਨ ਕੋ ਸਾਰਾ ਹਾਲ ਸੁਨਾਇਆ ਹੈ। ਸਾਥ ਮੇਰੇ ਤੁਮ nnਚਲੋ ਸੁਆਮੀ ਕੰਸ ਨੇ ਤੁਮੇ ਬੁਲਾਇਆ ਹੈ ।।

ਭਜਨ

ਟੋਕ: ਭਗਵਨ ਤੂੰ ਹੈ ਦਿਆਲੂ ਸੁਨੋ ਬੇਨਤੀ ਹਮਾਰੀ ਗਲ ਫੂਲ ਮਾਲਾ ਸੋਹੇ ਸਿਰ ਮੋਰ ਮੁਕਟ ਧਾਰੀ .....ਉਰਵੀ ਦੁੱਖੀ ਪੁਕਾਰੇ ਜਦੋਂ ਪਾਪ ਹੋਣ ਭਾਰੇ ਦੁੱਖ ਆਨ ਕਰਕੇ ਟਾਰੇ ਮੇਰੇ ਸ਼ਾਮ ਹੈ ਮੁਰਾਰੀ ......ਦੁਸ਼ਟੋ ਨੇ ਜੋਰ ਪਾਇਆ, ਅਧਰਮ ਕੋ ਫੈਲਾਇਆ . ਭਾਰਤ ਮੇਂ ਤਾਂ ਹੀ ਆਇਆ ਖਲਕਤ ਤਰਾਨੇ ਸਾਰੀ.....ਜਿਹ ਕੰਸ ਪਾਪੀ ਭਾਰਾ, ਬਹੁ ਜੁਲਮ ਹੈ ਗੁਜਾਰਾ ਮਾਤਾ ਪਿਤਾ ਤੁਮਹਾਰਾ, ਜੰਜੀਰ ਬਾਂਧ ਡਾਰੀ.....ਦਾਸਨ ਦਾਸ ਹੈ ਸੁਨਾਵੇ, ਪਾਪੀ ਰਹਿਮ ਨਾ ਖਾਵੇ,



ਮਿਸ ਜੰਗ ਕੇ ਬਨਾਵੇ ਸੱਚ ਬਾਤ ਹੈ ਉਚਾਰੀ.....

ਦੋਹਿਰਾ: ਮਥਰਾ ਮੇਂ ਆਏ ਪ੍ਰਭੂ ਜਿਨਕਾ ਨਾਮ ਮੁਰਾਰਿ । ਬਲਦੇਵ ਜੀ ਜਿਨਕੇ ਸਾਥ ਹੈ ਪਹਿਲੇ ਆਏ ਬਾਜ਼ ਬਾਜ਼ਾਰ ।।

ਛੰਦ: ਕੁਬਰੀ ਨਾਮ ਜੋ ਹੈ ਸੀ ਮਾਲਣ, ਸੁੰਦਰ ਰੂਪ ਔ ਟੇਡਾ ਤਨ ।। ਇਸ ਲੀਏ ਹੈ ਨਾਮ ਵੀ ਕੁਬਜਾ , ਕੁੱਬੀ ਕਰ ਗਿਆ ਰੂਪ ਹੈ ਤਨ ।। ਹਾਥ ਮੇਂ ਏਕ ਕਟੋਰੀ ਉਸਕੇ, ਚੰਦਨ ਰਗੜ ਕੇ ਭਰੀ ਹੋਈ। ਵਾਸਦੇਵ ਜੀ ਆਤੇ ਦੇਖੇ ਉਸੇ, ਬਾਜ਼ਾਰ ਮੇਂ ਖੜੀ ਹੋਈ।। ਬਤਲਾ ਦੇ ਤੂ ਕਿਸ ਕੀ ਔਰਤ ਵਾਸਦੇਵ ਨੇ ਪੂਛਾ ਹੱਸ । ਜਿਹ ਚੰਦਨ ਕਿਸ

ਕੇ ਪਾਸ ਲੈ ਜਾਨਾ ਹਾਲ ਸਾਰਾ ਤੂ ਜਲਦੀ ਦੱਸ ।। ਐ ਅਬਲਾ ਇਹ ਚੰਦਨ ਜੇਕਰ ਪ੍ਰੇਮ ਸੇ ਮੁਝੇ ਚੜ੍ਹਾਵੇਗੀ । ਇਸ ਮੇਂ ਕੋਈ ਸੰਦੇਹ ਨਹੀਂ ਹੈ ਤੂੰ ਮੁਕਤੀ ਕੋ ਪਾਵੇਗੀ ।। ਜੋ ਪ੍ਰੇਮ ਭਾਵ ਸੇ ਫੂਲ ਵਾ ਪੱਤਰ ਚੰਦਨ ਅਤਰ ਚੜ੍ਹਾਤਾ ਹੈ। ਬਸ ਇਤਨੇ ਮੇਂ ਖੁਸ਼ ਹੋਤਾ ਹੂੰ ਵੋ ਪਰਮ ਧਾਮ ਕੋ ਜਾਤਾ ਹੈ।।

ਦੋਹਿਰਾ: ਜਿਹ ਸੁਨ ਕਰਕੇ ਕੁਬਰੀ, ਬੋਲੀ ਬਚਨ ਉਚਾਰਿ ।। ਦਾਸੀ ਹੁ ਮੈਂ ਕੰਸ ਕੀ, ਜਾਵਾ ਨਿੱਤ ਦਰਬਾਰ ।।

ਛੰਦ: ਐ ਮਹਾਰਾਜ ਮੈਂ ਕੰਸ ਕੀ ਦਾਸੀ ਕੁਬਰੀ ਨਾਮ ਕਹਾਤੀ ਹੂ। ਚੰਦਨ ਘਸਨਾ ਕਾਮ ਹੈ ਮੇਰਾ ਬਹੁ ਖੁਸ਼ਬੋਆ ਪਾਤੀ ਹੂੰ ।। ਇਸ ਲੀਏ ਰਾਜਾ ਖੁਸ਼ ਹੋਏ ਉਸ ਕੋ ਰੋਜ ਚੜ੍ਹਾ ਆਵਾ। ਯਹੀ ਮੇਰਾ ਗੁਜ਼ਾਰਾਹ ਬਨਾ ਹੈ ਨੌਕਰੀ ਕਰਕੇ ਅੰਨ ਖਾਵਾ ।। ਭਾਗ ਮੇਰੇ ਅੱਜ ਪ੍ਰਗਟ ਹੁਏ ਕੀਨਾ ਆਪਕਾ ਜੋ ਦਰਸ਼ਨ। ਕੁਛ ਪ੍ਰਵਾਹ ਨਹੀ ਰਾਜਾ ਕੀ, ਚੰਦਨ ਚੜ੍ਹਾਵਾ ਆਪਕੇ ਤਨ ।। ਵਾਸਦੇਵ ਬਲਦੇਵ ਜੁਗਲ ਕੋ ਪ੍ਰੇਮ ਸੋ ਚੰਦਨ ਚੜ੍ਹਾਇਆ ਹੈ । ਕਸਤੂਰੀ ਅਤਰ ਸੁਗੰਧਿ ਮਿਲੀ ਹੈ ਮੁਸ਼ਕਪੂਰ ਰਲਾਇਆ ਹੈ।। ਘਨੇ ਪ੍ਰੇਮ ਸੋ ਕੁਬਜਾ ਚੰਦਨ, ਕਰ ਅਪਨੇ ਸੇ ਲਗਾਇ ਰਹੀ। ਨਿਮਰ ਭਾਵ ਹੋ ਕਰੇ ਬੇਨਤੀ, ਪ੍ਰਭੂ ਜੀ ਕੋ ਸੁਨਾਇ ਰਹੀ ।।

ਭਜਨ

ਟੇਕ : ਕਿਰਪਾ ਕਰਕੇ ਗੁਸਾਈ ਤਰਾਈ ਜੀ ਜਿਵੇਂ ਸਾਰਿਆ ਨੂੰ ਤਾਰਿਆ.....

ਮੈਨੂੰ ਆਸਰਾ ਹੋਰ ਨਾ ਕੋਈ ਮੇਰੀ ਪੀਰ ਹਰੇ ਹੈ ਜੋਈ ਹੋ ਸਾਰੇ ਜਗਤ ਦੇ ਸਾਂਈ ਜੀ, ਤਰਾਈ ਜਿਵੇਂ.....ਜੋ ਜਨ ਆਇਆ ਸ਼ਰਨ ਤੁਮਾਰੀ ਕਾਟੇ ਸੰਕਟ ਹੈ ਗਿਰਧਾਰੀ ਬੇੜੀ ਮੇਰੀ ਵੀ ਪਾਰ ਲੰਘਾਈ ਜੀ ਤਰਾਈ ਜਿਵੇਂ......ਪੱਥਰ ਅਹਿਲਿਆ ਤੁਮਨੇ ਤਾਰੀ, ਜਾਨੇ ਹੈ ਇਹ ਖਲਕਤ ਸਾਰੀ



ਔਰ ਤਰਾਈ ਮੀਰਾ ਬਾਈ ਜੀ ਤਰਾਈ ਜਿਵੇਂ.....ਸੈਣੀ ਭਗਤ ਤ੍ਰਿਲੋਚਨ ਤਾਰਾ ਨਾਮੇਂ ਦਾ ਦੁੱਧ ਪੀਤਾ ਸਾਰਾ । ਤਾਰਿਆ ਸਧਨਾ ਕਸਾਈ ਜੀ ਤਰਾਈ ਜਿਵੇਂ.....ਜਿਸ ਨਰ ਨਾਰੀ ਨਾਮੁ ਧਿਆਇਆ ਸਭ ਨੂੰ ਜੀਵਨ ਮੁਕਤ ਬਨਾਇਆ ।ਤੇਰੀ ਉਪਮਾ ਕਹੀ ਭੀ ਨਾ ਜਾਇ ਜੀ ਤਰਾਈ ਜਿਵੇਂ......ਮੈਨੇ ਕੋਈ ਭਗਤੀ ਨਾ ਕੀਨੀ ਘਰ ਆਪਨੇ ਦੀ ਸਾਰ ਨਾ ਲੀਨੀ ।ਬਿਰਥੀ ਅਵਧ ਗਵਾਈ ਜੀ ਤਰਾਈ ਜਿਵੇਂ..... ਪਤਿਤ ਪਾਵਨ ਹੈ ਨਾਮ ਤੁਮਹਾਰਾ, ਅਜਾਮਲ ਦਾ ਤੋਂ ਕੀਆ ਨਿਸਤਾਰਾ, ਮੈ ਵੀ ਸ਼ਰਨ ਤੇਰੀ ਅੱਜ ਆਈ ਜੀ ਤਰਾਈਂ ਜਿਵੇਂ.....ਦਾਸਨ ਦਾਸ ਨੇ ਅਰਜ ਗੁਜਾਰੀ, ਸੰਕਟ ਕਾਟੋ ਹੇ ਗਿਰਧਾਰੀ, ਆਪਣੀ ਭਗਤੀ ਲਾਈ ਜੀ ਤਰਾਈਂ ਜਿਵੇਂ.....

ਦੋਹਿਰਾ : ਕੁਬਜਾ ਕੀ ਬੇਨਤੀ ਸੁਨੀ, ਖੁਸ ਹੂਏ ਦੀਨ ਦਿਆਲ । ਤਨ ਸੀਧਾ ਸੀਘਰ ਕੀਆ, ਕੁਬਜਾ ਭਈ ਨਿਹਾਲ ।।

ਛੰਦ : ਕਸਟ ਨਿਵਾਰਣ ਨਾਮ ਜਿਨੋ ਕਾ, ਨਿਕਾਲ ਦੀਆ ਕੁਬਜਾ ਕਾ ਕੁੱਬ । ਸੁੰਦਰ ਰੂਪ ਬਨਾਇਆ ਉਜਲ, ਤਨ ਮਨ ਸੇ ਕਰ ਦੀਨੀ ਸੁੱਧ ॥ ਅਪਨਾ ਅੰਗੂਠਾ ਉਸਕੇ ਪਾਵ ਪਰ ਪ੍ਰਭੂ ਨੇ ਜਬ ਟਿਕਾਇਆ ਹੈ। ਕੇਸੋ ਸੇ ਫੜ ਕਰ ਖੀਚਾ ਹੈ, ਤਨ ਕੋ ਸਾਫ਼ ਕਰਾਇਆ ਹੈ ॥ ਮਹਾਂ ਸਰੂਪ ਕੁੱਬਜਾ ਕਾ ਹੂਆ, ਸੁੰਦਰ ਹੋ ਗਏ ਸਾਰੇ ਅੰਗ। ਕਾਮਦੇਵ ਕੀ ਰਤੀ ਸ਼ਰਮਾਵੇ ਰੂਪ ਦੇਖ ਹੋਤੀ ਹੈ ਦੰਗ ॥ ਵਾਸਦੇਵ ਫਿਰ ਕਿਹਣ ਲਗੇ, ਐ ਕੁੱਬਜਾ ਵਰ ਲੈ ਤੂੰ ਮੰਗ। ਤੇਰੇ ਉਪਰ ਖੁਸ਼ ਹਮ ਹੂਏ, ਜੋ ਚਾਹੇ ਤੂ ਮੰਗ ਨਿਸੰਗ ॥

ਦੋਹਿਰਾ : ਕੁਬਜਾ ਨੇ ਸੁਨਕਰ ਕਹਾ, ਹੂਏ ਜੇ ਆਪ ਦਿਆਲ । ਪ੍ਰੇਮ ਭਗਤੀ ਬਖਸੋ ਮੁਝੇ ਚਿੱਤ ਰਹੇ ਚਰਨਾ ਦੇ ਨਾਲ ॥

ਭਜਨ ਧਾਰਨਾਂ ॥੧ ॥

ਚਿਤ ਮੇਰਾ ਲਗਾ ਰਹੇ ਗੁਰੂ ਚਰਨਾਂ ਦੇ ਨਾਲ, ਮਨ ਮੇਰਾ...... ਚਾਹੇ ਰੋਹਨ ਨੂੰ ਮੋਹਲ ਮਾੜੀਆ ਚਾਹੇ ਕੁਟਿਆ ਡਾਲ.... ਚਾਹੇ ਪੈਹਨਨ ਨੂੰ ਸਾਲ ਦੁਸਾਲੇ ਚਾਹੇ ਲੀਰਾਂ ਡਾਲ.... ਚਾਹੇ ਧੰਨ ਬੇਅੰਤ ਤੂੰ ਬਖਸੇ ਚਾਹੇ ਰਖੇ ਕੰਗਾਲ..... ਦਾਸਨ ਦਾਸ ਕਰੇ ਅਰਜੋਈ, ਦਾਸ ਨੂੰ ਕਰੋ ਨਿਹਾਲ .....ਚਿਤ ਮੇਰਾ....

ਛੰਦ : ਤਥਾ ਅਸਤੂ ਭਗਵਾਨ ਨੇ ਕਿਹਾ, ਐਸੇ ਮੁਝਕੋ ਭਾਵੇਗਾ । ਮੇਰੇ ਮੇਂ ਤੂੰ ਲੀਨ ਹੋਵੇਗੀ, ਜਨਮ ਮਰਨ ਕੱਟ ਜਾਵੇਗਾ ।।



ਵਾਸਦੇਵ ਕੋ ਕੁੰਬਜਾ ਨੇ ਪ੍ਰੇਮ ਸੇ ਚੰਦਨ ਚੜਾਇਆ ਹੈ। ਔਰ ਪ੍ਰੇਮ ਸੇ ਕਰੀ ਬੇਨਤੀ, ਕੈਸਾ ਮਰਤਬਾ ਪਾਇਆ ਹੈ॥ ਪਰਮਧਾਮ ਕੋ ਗਈ ਹੈ ਕੁੱਬਜਾ, ਕਾਟਾ ਗਿਆ ਦੁੱਖ ਜਨਮ ਮਰਨ । ਐ ਮੇਰੇ ਮਨ ਜਲਦੀ ਕਰ ਤੂੰ ਗੁਰੂ ਅਪਨੇ ਕੀ ਪੈ ਜਾ ਸ਼ਰਨ ॥ ਹਾਥ ਜੋੜ ਕੇ ਕਰਾ ਬੇਨਤੀ, ਹੇ ਗੁਰੂ ਬਖਸੋ ਬਖਸ਼ਨਹਾਰ। ਕੁੱਬਜਾ ਕੀ ਤਰਾਂ ਮੇਰਾ ਵੀ ਅਬ, ਬੇੜਾ ਅਟਕਾ ਕਰਨਾ ਪਾਰ ॥ ਸ੍ਰੀ ਗੁਰੂ ਦੇਵ ਕੀ ਕਿਰਪਾ ਹੋਈ, ਪੂਰਾ ਹੂਆ ਇਹ ਪ੍ਰਸੰਗ । ਭੁੱਲਣਹਾਰ ਇਹ ਦਾਸਨ ਦਾਸ ਹੈ ਮਾਫੀ ਲੇਤਾ ਹੂੰ ਜੋ ਮੰਗ ॥ ਸ੍ਰੀ ਗੁਰੂ ਦੇਵ ਦਿਆਲੂ ਮੇਰੀ ਹਰਦਮ ਰਖਸ਼ਾ ਕਰਤੇ ਹੈ। ਚਰਨੋ ਉਪਰ ਸੀਸ ਨਿਵਾਵਾ ਦੁਖ ਅੰਧੇਰਾ ਹਰਤੇ ਹੈਂ ॥

**ਇਤਿ ਸ੍ਰੀ ਭਗਤ ਮਾਲ ਸੰਗੀਤ ਕੁਬਜਾ ਦਾ ਪ੍ਰਸੰਗ ਵਰਨਣ ਨਾਮ ਦਸਵਾਂ ਅਧਿਆਇ ਸਮਾਪਤਮ ॥ ੧੦ ॥ ਸਤਿ ਕਰਤਾਰ**



ੴ ਸਤਿਗੁਰ ਪ੍ਰਸਾਦਿ ॥

## <u>ਅਥ ਬਿਦਰ ਜੀ ਦਾ ਪ੍ਰਸੰਗ -11</u>

ਗਿਆਨੁ ਧਿਆਨੁ ਕਿਛੁ ਕਰਮ ਨ ਜਾਣਾ, ਸਾਰ ਨ ਜਾਣਾ ਤੇਰੀ ॥ ਸਭ ਤੇ ਵੱਡਾ ਸਤਿਗੁਰੂ ਨਾਨਕ, ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥ '

(ਗੁਰਬਾਣੀ ਪੰਨਾ ੭੪੯ 40)

ਦੋਨੋਂ ਪਾਨਿ ਸੋ ਜੋਰ ਕੋ ਸਤਿਗੁਰ ਕੋ ਪ੍ਰਣਾਮ। ਕੋਟ ਕਲੇਸੋ ਕੋ ਹਰਨ, ਪਤਿਤ ਪਾਵਨ ਹੈ ਨਾਮ ॥ ਬਿਦਰ ਜੀ ਕਾ ਪ੍ਰਸੰਗ ਜੋ ਅਬ ਮੈਂ ਕਹੂੰ ਸੁਨਾਇ ॥ ਬੁੱਧੀ ਮੇਰੀ ਨੂਨਤਾ ਕਰਨੀ ਆਪ ਸਹਾਇ॥

ਗੁਰਬਾਣੀ: । ਬਿਦਰ ਉਧਾਰਿਓ ਦਾਸਤ ਭਾਇ॥ ਹੇ ਮਨ ਤੂ ਭੀ ਹਰਿ ਧਿਆਇ ॥

ਭਾਈ ਗੁਰਦਾਸ ਜੀ :

ਵਾਰ ੧੦ ਪਉੜੀ ੭

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਯੋਧਨੁ ਹੋਇ ਰੁੱਖਾ। ਘਰਿ ਅਸਾਡੇ ਛਡੀ ਕੈ ਗੋਲੇ ਦੇ ਘਰਿ ਜਾਹਿ ਕਿ ਸੁੱਖਾ ॥

ਛੰਦ: ਐ ਮੇਰੇ ਮਨ ਬਿਦਰ ਜੀਨੇ, ਜਬ ਵਾਸਦੇਵ ਕੀ ਲੀਨੀ ਓਟ। ਦਾਸ ਭਾਵ ਕਰ ਪ੍ਰੇਮ ਕੀਆ ਹੈ ਰਹੀ ਨਹੀ ਫਿਰ ਕੋਈ ਤੋਟ ॥ ਆਠ ਪਹਿਰ ਹਰਿ ਹਰਿ ਕੋ ਸਿਮਰ ਲੈ, ਬਿਰਥਾ ਕੋਈ ਨਾ ਜਾਵੇ ਸਾਥ। ਸੁਨ ਤੂ ਸਾਖੀ ਮੇਰੇ ਪਾਸੋਂ ਬਿਦਰ ਜੀ ਹੂਏ ਕੈਸੇ ਦਾਸ ॥ ਕੋਰਵ ਵੰਸ਼ ਮੇ ਪੈਦਾ ਹੂਏ ਬਿਦਰ ਜੀ ਜਿਨਕਾ ਕਹਿਤੇ ਨਾਮ। ਬੰਸਰੀ ਵਾਲੇ ਕਾ ਹੂਆ ਸੇਵਕ ਜੋ ਸਭਨੋਂ ਕੇ ਸੁੱਖ ਕਾ ਧਾਮ ॥ ਵਾਸਦੇਵ ਜੀ ਕੇ ਚਰਨੋਂ ਮੇਂ ਹਰਦੱਮ ਲਾਗਾ ਰਹੇ ਧਿਆਨ। ਪ੍ਰੇਮ ਭਾਵਕਰ ਭਜਨ ਕਰੇ ਕਰਤਾ ਨਾ ਹੀ ਕੁਛ ਅਭਿਮਾਨ ॥ ਵਾਸਦੇਵ ਜੀ ਐਸੇ ਹੈ, ਜੇਕਰ ਕੋਈ ਪ੍ਰੇਮ ਕਰੇ। ਪ੍ਰੇਮ ਬੱਸ ਹੋ ਜਾਤੇ ਸੀਘਰ ਜੇ ਕੋਈ ਪ੍ਰੇਮ ਸੋ ਧਿਆਨ ਕਰੇ ॥ ਪ੍ਰੇਮ ਬਸੀ ਹੂਏ ਅਰਜੁਨ ਕੇ ਰੱਥ ਕੇ ਆਪ ਚਲਾਤੇ ਹੈ। ਸੁਲਹ ਸਫ਼ਾਈ ਕਰਨੇ ਕੇ ਲੀਏ, ਕੌਰਵੇਂ ਕੇ ਗ੍ਰਹਿ ਜਾਤੇ ਹੈ ॥

ਭਗਤ ਮਾਲ ਸੰਗੀਤ-64

ਭਜਨ

ਟੇਕ: ਬਨ ਮੇਂ ਤੁਝੇ ਸੁਆਮੀ ਬੰਸੀ ਬਜਾਤੇ ਦੇਖਾ ,ਗਵਾਲੋਂ ਕੇ ਸੰਗ ਮਿਲ ਕਰ ਗਊਏ ਚਰਾਤੇ ਦੇਖਾ .....ਕੋਰੋ ਕਾ ਮਾਨ ਭਰਿਆ ਭੋਜਨ ਤੁਸੀ ਤਿਆਗਾ ਘਰ ਮੇਂ ਬਿਦਰ ਕੇ ਜਾ ਕਰ ਤੁਝੇ ਸਾਗ ਖਾਤੇ ਦੇਖਾ....ਅਵਤਾਰ ਲੇਕਰ ਤੁਮ ਨੇ ਨੀਲਾ ਕਰੀ ਬ੍ਰਿਜ ਮੇਂ ਬ੍ਰਿਜ ਵਾਸ਼ੀਓ ਕੇ ਕਾਰਣ ਪਰਬੱਤ ਉਠਾਤੇ ਦੇਖਾ..... ਰਿਸ਼ੀਓ ਕਾ ਗਰਵ ਤੋੜਾ ਜਾਤੀ ਗੁਮਾਨ ਸਾਰਾ ਭੀਲਨੀ ਕੇ ਬੇਰ ਖਾ ਕਰ ਭਵ ਸੇ ਤਰਾਤੇ ਦੇਖਾ.....ਨਰ ਸਿੰਘ ਰੂਪ ਧਾਰਾ ਪ੍ਰਹਿਲਾਦ ਕੇ ਵਕਤ ਮੇਂ ਗਜ ਕੋ ਗਰਾਹ ਕੇ ਫੰਧੇ, ਸੇਵਕ ਛੁੜਾਤੇ ਦੇਖਾ......ਅਰਜਨ ਨੇ ਸਾਥ ਤੇਰੇ ਦ੍ਰਿੜ ਪ੍ਰੇਮ ਹੈ ਲਗਾਇਆ ਸੰਗਰਾਮ ਮੇ ਭਗਤ ਕੇ ਰੱਥ ਕੋ ਚਲਾਤੇ ਦੇਖਾ.....ਨਾਰੀ ਸਭਾ ਮੇਂ ਆਕਰ ਤੇਰੀ ਸ਼ਰਨ ਪੁਕਾਰੀ ਤੱਬ ਦਰੋਪਤਾ ਕੇ ਬਸਤਰ ਤੁਮ ਕੋ ਬੜਾਤੇ ਦੇਖਾ.....ਰਾਵਣ ਕੋ ਮਾਰ ਡਾਲਾ ਧਰ ਰਾਮ ਰੂਪ ਤੁਮਨੇ ਦੇ ਰਾਜ ਦਾਸ ਕੋ ਫਿਰ ਸੀਤਾ ਕੋ

ਲਿਆਤੇ ਦੇਖਾ.......ਦਾਸੋਂ ਕੇ ਕਾਜ ਕਾਰਨ ਅਵਤਾਰ ਧਾਰਤੇ ਹੋ ਅਰਜਨ ਨੇ ਪ੍ਰੇਮ ਕੀਆ ਧੀਰਜ ਧਰਾਤੇ ਦੇਖਾ......

ਦੋਹਿਰਾ : ਪ੍ਰੇਮ ਵੱਸੀ ਹੁਏ ਪ੍ਰਭੂ ਭਗਤ ਕਾ ਰਾਖਨ ਮਾਨ । ਸੁਲਾਹ ਕਰਾਨੇ ਕੇ ਲੀਏ ਚਲੇ ਆਪ ਭਗਵਾਨ ।।

ਛੰਦ : ਬਾਹਰ ਨਗਰ ਕੇ ਉਤਰ ਪਏ ਹੈ, ਕੀਨਾ ਡੇਰਾ ਹੈ ਉਪਵਨ। ਬਿਦਰ ਜੀ ਕੋ ਸੰਦੇਸਾ ਭੇਜਾ, ਔਰ ਬਤਾਇਆ ਹੈ ਆਗਮਨ ।। ਬਿਦਰ ਜੀ ਨੇ ਜਬ ਸੁਨਾ ਸੁਨੇਹਾ, ਸੀਘਰ ਉਠ ਕਰ ਹੂਆ ਤਿਆਰ । ਦੀਨਾ ਨਾਥ ਜੀ ਕੇ ਚਰਨੋ ਮੇਂ ਆਕਰ, ਕੀਨੀ ਹੈ ਨਮਸਕਾਰ ।। ਵਾਸਦੇਵ ਜੀ ਨੇ ਬਿਦਰ ਜੀ ਕੋ, ਅਪਨੇ ਗਲੇ ਲਗਾਇਆ ਹੈ। ਬਿਦਰ ਜੀ ਮਨ ਮੇਂ ਖੁਸ ਬਹੁ ਹੂਏ ਦਰਸ਼ਨ ਪ੍ਰਭੂ ਕਾ ਪਾਇਆ ਹੈ ।।

ਦੋਹਿਰਾ : ਬਿਦਰ ਜੀ ਕੋ ਕਹਿਨੇ ਲਗੇ, ਤਬ ਹੀ ਦੀਨ ਦਿਆਲ।ਦੁਰਯੋਧਨ ਸੇ ਜਾ ਕਹੋ, ਮੇਰੇ ਆਨੇ ਕਾ ਹਾਲ ।।ਬਿਦਰ ਜੀ ਨੇ ਤਬ ਜਾ ਕਹਾ ਸਾਰਾ ਹੀ ਸਮਾਚਾਰ।ਤੇਰੇ ਨਗਰ ਮੇ ਆ ਗਏ, ਅੱਜ ਸ੍ਰੀ ਕਿਸ਼ਨ ਮੁਰਾਰਿ ।।



ਛੰਦ: ਦੇਵਤਾ ਰਿਸ਼ੀ ਮੁਨੀ ਸਿਧ ਸਾਧਿਕ, ਸਭ ਹੀ ਨਿਸ ਦਿਨ ਧਰਤੇ ਧਿਆਨ । ਸੈਸ਼ਨਾਗ ਜੱਸ ਨੂਤਨ ਗਾਵੇ, ਨੇਤਿ-ਨੇਤਿ ਕਰ ਵੇਦ ਵਿਖਿਆਨ ।। ਸਵੈ ਜੋਤੀ ਜੋ ਪਾਰਬ੍ਰਹਮ ਹੈ ਸੋ ਤੁਮਰੇ ਗ੍ਰਹਿ ਆਪ ਆਏ। ਆਪ ਲੇ ਆਵੇ ਜਲਦੀ ਉਨਕੋ ਨਿਮਰ ਭਾਵ ਕੋ ਜਤਲਾਵੇ ।। ਬਜਾਰੋ ਮੇ ਫ਼ਰਸ ਬਿਛਾਵੋ ਔਰ ਜਲੂਸ ਤੁਮ ਕਰੋ ਤਿਆਰ । ਸੁੰਦਰ ਗ੍ਰਹਿ ਮੇਂ ਲਿਆਨ ਉਤਾਰੋ, ਵਾਸਦੇਵ ਸ੍ਰੀ ਕ੍ਰਿਸ਼ਨ ਮੁਰਾਰਿ।। ਪ੍ਰੇਮ ਭਾਵ ਸੇ ਸੇਵਾ ਕਰਨੀ ਫਿਰ ਤੁਮਕੋ ਜੋ ਕੁਛ ਫੁਰਮਾਨ । ਸੰਤ ਸੰਤ ਕਰਕੇ ਮਾਨ ਲਵੋ, ਤੁਮ ਇਸਮੇਂ ਹੋਵੇਗੀ ਕਲਿਆਣ ।।

ਦੋਹਿਰਾ : ਦੁਰਯੋਧਨ ਨੇ ਸੁਨ ਲੀਆ ਸਾਰਾ ਹੀ ਸਮਾਚਾਰ ।। ਭਲਾ ਕਹਾ ਮੁੱਖ ਬਾਹਰੋ ਭੀਤਰ ਭਰਾ ਹੰਕਾਰ ।।

ਛੰਦ: ਯਾਦਵ ਕੁੱਲ ਕੇ ਜੋ ਰਾਜਾ ਹੈ ਸੋ ਤੋਂ ਮੇਰੇ ਹਨ ਸਭ ਦਾਸ। ਯਥਾ ਯੋਗ ਇਹ ਬਾਤ ਨ ਬਨਤੀ ਕਿਉ ਜਾਉ ਮੇ ਉਨਕੇ ਪਾਸ ।। ਭੀਖਣ, ਕਰਨ, ਦਰੋਣਾਚਾਰੀਯ ਭੇਜ ਦੀਏ ਹੈਂ ਬਿਦਰ ਕੇ ਸੰਗ। ਵਾਸਦੇਵ ਕੋ ਲੈਣ ਗਏ ਹੈ ਮਿਲ ਪਏ ਦਿਲ ਮੇਂ ਧਾਰਿ ਉਮੰਗ ।। ਸਭ ਨੇ ਜਾਕਰ ਘਨੇ ਪ੍ਰੇਮ ਸੇ ਨਮਸਕਾਰ ਹੈ ਕਰ ਦੀਨੀ। ਆਦਰ ਸਹਿਤ ਲੇ ਆਏ ਨਗਰ ਮੇਂ, ਸਾਰੇ ਹੂਏ ਆਧੀਨੀ ।। ਦੁਰਯੋਧਨ ਕੀ ਸਭਾ ਮੇਂ ਪਹੁੰਚੇ ਕਰਤਾ ਹਰਤਾ ਜੋ ਭਗਵਾਨ । ਤੁੱਛ ਸਮਾਨ ਆਦਰ ਜੋ ਕੀਆ ਰਹਾ ਬੈਠ ਮਨ ਮੇਂ ਅਭਿਮਾਨ ।। ਸਭਾ ਕੇ ਭੀਤਰ ਬੈਠੇ ਭਗਵਨ ਮਨੋਹਰ ਵਚਨ ਸੁਨਾਤੇ ਹੈ। ਆਪਸ ਮੇਂ ਤੁਮ ਪਿਆਰ ਕਰੋ, ਪਾਂਡਵ ਭੀ ਭਾਈ ਕਹਾਤੇ ਹੈ ।। ਪਾਂਚ ਗ੍ਰਾਮ ਉਨਕੋ ਦੇ ਦੋ, ਕਰ ਲੇਗੇ ਇਸ ਮੇਂ ਗੁਜਰਾਨ । ਆਪਸ ਮੇਂ ਰਲ ਮਿਲ ਕਰ ਬੈਠੋ ਵਚਨ ਹਮਾਰਾ ਲੇਵੋ ਮਾਨ ।। ਦੁਰਜੋਧਨ ਤਬੀ ਸੁਨਕਰ ਕਹਿਤਾ ਤੁਮ ਕਹਿਤੇ ਦਿਓ ਪਾਂਚ ਨਗਰ । ਮੈਂ ਇਤਨੀ ਪ੍ਰਿਥਵੀ ਨਹੀ ਦੇਤਾ ਜਿਤਨੀ ਆਵੇ ਸੂਈ ਕੇ ਅਗਰ ।।

ਵਾਸਦੇਵ ਨੇ ਕਿਹਾ ਹੇ ਰਾਜਨ, ਭਲੀ ਕਰੀ ਤੋਂ ਨਾ ਮਾਨੀ । ਕੁੱਲ ਕਾ ਨਾਸ ਕਰਾਵੇਗਾ, ਅਬ ਹੋਵੇਗੀ ਤੁਮਰੀ ਹਾਨੀ ।।

ਦੋਹਿਰਾ : ਦੁਰਯੋਧਨ ਨੇ ਤਬ ਕਹਾ ਨੇਤਰ ਕੀਏ ਲਾਲ ।। ਕੀ ਮੁਝਕੋ ਸਮਝਾਂਵਦਾ, ਮੈਂ ਸਭ ਜਾਣਾ ਹਾਲ ।।

ਛੰਦ: ਯੁੱਧ ਕੀਏ ਬਿਨ ਅਪਨੀ ਭੂਮੀ, ਮੇਂ ਨਹੀਂ ਦੇਵਾਂਗਾ ਪਾਵ ਧਰਨ । ਜੇਕਰ ਸੂਰਮਤਾਈ ਹੈ ਫਿਰ ਮੈਨੂੰ ਮਾਰਨ ਜਾਂ ਆਪ ਮਰਨ ।। ਇਤਨਾ ਕਹਿ ਕਰ ਵਾਸਦੇਵ ਕੋ ਏਕ ਮਕਾਨ ਮੇਂ ਦੀਆ ਨਿਵਾਸ।ਮਹਾ ਮਲਿਨ ਦੁਰਗੰਧਤਾ ਆਵੇ ਭਰਾ ਸਮਾਨ ਸੇ ਜੋ ਹੈ ਖਾਸ ।

ਭਗਤ ਮਾਲ ਸੰਗੀਤ-66

ਦੇਖ ਮਕਾਨ ਕੋ ਵਾਸਦੇਵ ਜੀ, ਚਲੇ ਗਏ ਹੈ ਬਿਦਰ ਕੇ ਘਰ । ਭੀਖਣ ਕਰਣ ਦਰੋਣ ਸਭ ਰੋਕਣ ਹਾਰ ਗਏ ਸਭ ਬੇਨਤੀ ਕਰ ।। ਪ੍ਰੇਮ ਪ੍ਰੀਤ ਅਪਨੇ ਭਗਤੋਂ ਕੀ ਵਾਸਦੇਵ ਕੋ ਪਿਆਰੀ ਹੈ। ਸਭ ਕੋ ਵਿਦਾ ਕਰਕੇ ਆ ਗਏ, ਬਿਦਰ ਕੇ ਘਰ ਬਨਵਾਰੀ ਹੈ ।। ਇਸ਼ਨਾਨ ਕਰੇ ਜੋ ਬਿਦਰ ਕੀ ਨਾਰੀ ਕੀਵਾੜ ਕਾ ਕੁੰਡਾ ਹੈ ਲਾਇਆ। ਜਦ ਆਵਾਜ਼ ਕਰੀ ਭਗਵਨ ਨੇ, ਨਾਰ ਕੇ ਮਨ ਮੇ ਹਰਸ਼ ਆਇਆ ।। ਧੰਨ ਭਾਗ ਅੱਜ ਆਏ ਪ੍ਰਭੂ ਜੀ ਪ੍ਰੇਮ ਮਗਨ ਹੋ ਗਈ ਬੌਰੀ। ਤਨ ਕੀ ਤੋਂ ਕੁਛ ਖਬਰ ਨਹੀਂ ਹੈ ਕੁੰਡਾ ਖੋਲਨ ਨਗਨ ਦੌੜੀ ।। ਵਾਸਦੇਵ ਨੇ ਜਾਨ ਲੀਆ ਪ੍ਰੇਮ ਸੇ ਬੌਰੀ ਹੋ ਗਈ ਨਾਰਿ । ਪੀਤੰਬਰ ਜੋ ਅਪਨਾ ਲਾਹ ਕਰ ਉਸ ਕੇ ਤਨ ਪਰ ਦੀਨਾ ਡਾਰਿ ।। ਉਸ ਵਕਤ ਕੁੱਛ ਖਬਰ ਨਹੀਂ ਹੈ ਦੇਰ ਬਾਅਦ ਫਿਰ ਹੋਸ਼ ਆਈ। ਤਨ ਮੇਰੇ ਤੇ ਕਪੜੇ ਹੈ ਨਹੀਂ ਫਿਰ ਦੇਖ ਕੇ ਸ਼ਰਮਾਈ ।। ਤਨ ਕੇ ਬਸਤਰ ਪਹਿਨੇ ਸਾਰੇ ਵਾਸਦੇਵ ਕੋ ਕੀਆ ਪ੍ਰਣਾਮ। ਬਿਛਾਇਆ ਪ੍ਰੇਮ ਸੇ ਆਸਨ ਭੀਤਰ ਉਪਰ ਬਿਠਲਾਏ ਹੈ ਸ਼ਾਮ।।

ਦੋਹਿਰਾ: ਕੇਲੇ ਕੇ ਫਲ ਛੀਲ ਕੇ, ਲਾਗੀ ਛੀਲ ਖਵਾਨ ।।ਗੁੱਦੇਂ ਕੋ ਪਰੇ ਫੈਕਦੀ, ਛੀਲ ਖਾਣ ਭਗਵਾਨ ।।

ਛੰਦ: ਪ੍ਰੇਮ ਮਗਨ ਕੁੱਛ ਪਤਾ ਨਹੀਂ ਲਗਦਾ, ਛੀਲ ਖਵਾਏ ਅਪਨੇ ਹਾਥ । ਜਦ ਨੂੰ ਬਿਦਰ ਜੀ ਆ ਗਏ, ਆਨ ਨਿਵਾਇਆ ਪ੍ਰਭੂ ਕੋ ਮਾਥ ।। ਗੁੱਦਾ ਪਿਆ ਤੇ ਛਿਲਕੇ ਹੈ ਨਹੀ ਮਨ ਅਪਨੇ ਹੂਆ ਭੈ ਮਾਨ। ਐ ਪਾਪਨ ਤੋਂ ਜਿਹ ਕਿਆ ਕੀਨਾ, ਛਿਲਕ ਖਵਾਏ ਹੈ ਭਗਵਾਨ ।। ਸ਼ਰਿਮੰਦਗੀ ਅਪਨੀ ਦੂਰ ਕਰਨ ਕੋ ਕੇਲੇ ਕੇ ਫਲ ਲੋ ਆਏ। ਵਿਚਲਾ ਗੁੱਦਾ ਕੱਦ ਕੱਢ ਕੇ ਵਾਸਦੇਵ ਕੋ ਖਵਾਏ ।।

ਦੋਹਿਰਾ: ਵਾਸਦੇਵ ਕਹਿਨੇ ਲਗੇ ਅਬ ਜਿਹ ਨਹੀ ਸੁਆਦ ।। ਮਿੱਠਤ ਇਸ ਮੇਂ ਕੁਛ ਨਹੀਂ ਆਤੇ ਪਹਿਲੇ ਯਾਦ ।।

ਛੰਦ: ਮੈਂ ਪਹਿਲਾਂ ਜੋ ਖਾਏ ਕੇਲੇ ਉਨ ਮੇਂ ਰਸ ਸੀ ਅਪਰਮ ਅਪਾਰ । ਅਬ ਮੁੱਝ ਕੋ ਖੁਧਿਆ ਲਾਗੀ ਜਲਦ ਹੀ ਭੋਜਨ ਕਰੋ ਤਿਆਰ ।। ਨੇਤਰੋ ਸੇ ਜਲ ਜਾਵੇ ਬਿਦਰ ਕੇ ਪ੍ਰੇਮ ਮਗਨ ਹੂਏ ਮਸਤਾਨੇ । ਗਤੀ ਪ੍ਰੇਮ ਕੀ ਘਨੀ

ਨਿਆਰੀ ਪ੍ਰੇਮੀ ਹੋਇ ਸੋਈ ਜਾਨੇ ।।

ਭਗਤ ਮਾਲ ਸੰਗੀਤ-67

ਭਜਨ

ਟੇਕ: ਉਠਿ ਜਾਗੋ ਵੀਰੋ ਪ੍ਰੇਮਾ ਭਗਤੀ ਦੀ ਲੋੜ ਪ੍ਰੇਮ ਜਿਸ ਜਿਸ ਕੀਤਾ ਨਾਮ ਅਮੀ ਰਸ ਪੀਤਾ ਸਦਾ ਜੱਗ ਵਿੱਚ ਜੀਤਾ ਬੰਧਨ ਗਿਆ ਸਭੀ ਤੋੜ, ਉਠੇ ਜਾਗੋ ..... ਬਿਦਰ ਪੁੱਤਰ ਜੋ ਦਾਸੀ ਕ੍ਰਿਸਨ ਉਸ ਦੇ ਗਿਆ ਸੀ ਕੱਟੀ ਜਮਾਂ ਵਾਲੀ ਫਾਂਸੀ, ਭਰਮ ਦੀਏ ਸਭੀ ਫੋੜ, ਉਠੇ ਜਾਗੋ ਰਵਿਦਾਸ ਜੋ ਚੁਮਾਰ ਪ੍ਰੇਮਾ ਭਗਤੀ ਵਿੱਚ ਪਿਆਰ ਮਿੰਨਤਾ ਕਰਨ ਵਰਣ ਚਾਰ ਸਾਨੂੰ ਚਰਨਾ ਨਾਲ ਜੋੜ, ਉਠੇ ਜਾਗੋ ਨਾਮਾ ਭਗਤ ਪਿਆਰਾ ਆਪ ਆਏ ਹਰੀ ਤਾਰਾ ਫਿਰਿਆ ਦੇਹੁਰਾ ਜੋ ਭਾਰਾ ਜਾਤੀ ਵਲੋਂ ਮੁੱਖ ਮੋੜ, ਉਠੋ ਜਾਗੋ... ਜਾਤੀ ਰੱਬ ਨਹੀਂ ਮੰਨੇ ਕਰਦੇ ਹੈ ਗੁਮਾਨ ਅੰਨੇ ਐਨੇ ਵੇਲਨੇ ਚ ਗੰਨੇ ਨਿੱਕੇ ਮੋਟੇ ਕਰੋੜ, ਉਠੋ ਜਾਗੋ.... ਜਾਤੀ ਰਾਮ ਨਹੀਂ ਰੀਝੇ ਭਗਤੀ ਕਰੋ ਤਾਹੀ ਸੀਝੇ ਫੋਲੋਂ ਅਪਨੇ ਹੀ ਗੀਝੇ ਲਾਲ ਤਾਂ ਸਭਦੇ ਹੈ ਕੋਲ, ਉਠੋ ਜਾਗੋ.. ਬਣਨਾ ਚਾਹਦੇ ਜੋ ਉੱਚੇ ਨਾਲੋਂ ਸਾਰਿਆਂ ਦੇ ਸੁੱਚੇ ਪਾਪ ਉਡਣਗੇ ਸਮੁੱਚੇ ਭਗਤੀ ਤਰਫੋਂ ਨਾ ਦਿਲ ਮੋੜ, ਉਠੋ ਜਾਗੋ.. ਦਾਸਨ ਦਾਸ ਕਹੇ ਭਾਈ ਉਠੋ ਦੇਰ ਕਿਉਂ ਲਗਾਈ ਜਿਹੜੀ ਗਫ਼ਲਤ ਹੈ ਛਾਈ ਇਸ ਨੂੰ ਦੇਵੋ ਮਰੋੜ, ਉਠੋ ਜਾਗ...

ਦੋਹਿਰਾ: ਬਿਦਰ ਜੀ ਤਬ ਕਹਿਨੇ ਲਗੇ ਭੋਜਨ ਕਰੋ ਤਿਆਰ ।।

ਪ੍ਰੇਮ ਕਰੋ ਭਵਜਲ ਤਰੋ ਹੋ ਰਹਿਣਾ ਹੁਸ਼ਿਆਰ ।।

ਛੰਦ: ਪਿਛਲੀ ਭੂਲ ਤੁਮਹਾਰੀ ਹੂਈ, ਵੋ ਅਬ ਕਰ ਦੇਤਾ ਹੂੰ ਮਾਫ਼। ਅਗਰ ਜੇ ਗਲਤੀ ਫਿਰ ਹੁਣ ਕੀਤੀ, ਵੋਹ ਤੌਂ ਕਭੀ ਨਾ ਹੋਵੇ ਮਾਫ਼ ।। ਭਗਵਨ ਕੋ ਜੋ ਛੀਲ ਖਵਾਏ, ਇਸ ਤਰਾਂ ਨਾ ਬਨੀ ਗਵਾਰ। ਸੋਚ ਸਮਝ ਕੇ ਕਰੋ ਰਸੋਈ ਨਹੀਂ ਤੋਂ ਮੈਂ ਕਰਨੇ ਕੋ ਤਿਆਰ ।।

ਦੋਹਿਰਾ : ਇਤਨਾ ਸੁਨ ਕੇ ਨਾਰ ਨੇ, ਮਨ ਮੇਂ ਕੀਆ ਵਿਚਾਰ। ਪ੍ਰਭ ਜੀ ਕਾ ਭੋਜਨ ਕਹਾਂ ਕਿਸ ਵਿਧਿ ਹੋ ਹੁਸ਼ਿਆਰ ।।

ਛੰਦ: ਹਾਥ ਜੋੜ ਕੇ ਗਰਦਨ ਅਪਨੀ ਨੀਚੇ ਕੋ ਝੁਕਾਈ ਹੁਈ । ਛਿਲਕ ਖਵਾਏ ਯਾਦ ਹੈ ਕਰਤੀ, ਇਸ ਲੀਏ ਸ਼ਰਮਾਈ ਹੁਈ ।। ਤ੍ਰਿਲੋਕੀ ਕੇ ਨਾਥ ਸੁਆਮੀ, ਸਭ ਕੇ ਕਰਤਾ ਹਰਤਾ ਹੈ। ਸਰਬਵਿਆਪੀ ਸਰਬ ਰੂਪ ਹੈਂ ਸਬ ਜੀਵੋ ਕੇ ਭਰਤਾ ਹੈ ।। ਕੇਲੇ ਕੇ ਜੋ ਛੀਲ ਖ਼ਵਾਏ ਕਰਮ ਕੀਆ ਇਹ ਖੋਟਾ ਹੈ। ਮੈਂ ਅਜਾਨ ਮੂਰਖ ਹੂ ਅਬਲਾ ਇਸ ਲੀਏ ਪੜਾ ਤੋਟਾ ਹੈ ।।

ਭਗਤ ਮਾਲ ਸੰਗੀਤ -68

ਬਿਦਰ ਨੇ ਦੇਖਾ ਬਹੁਤੀ ਚਿੰਤਾ ਕਰਤੀ ਹੈ ਜੋ ਮੇਰੀ ਨਾਰਿ। ਇਸ ਸੇ ਕੋਈ ਕਾਮ ਨਾ ਬਣਨਾ ਭੋਜਨ ਕਰੀਏ ਆਪ ਤਿਆਰ ।। ਘਨੇ ਪ੍ਰੇਮ ਸੇ ਭਰੇ ਬਿਦਰ ਜੀ, ਅਛੀ ਤਰਾਂ ਬਨਾਇਆ ਸਾਗ । ਨਮਕ ਪਾਣ ਦਾ ਰਿਹਾ ਨਾ ਚੇਤਾ, ਨਸ਼ਾ ਪ੍ਰੇਮ ਦਾ ਪਿਆ ਹੈ ਜਾਗ ।। ਪ੍ਰੇਮ ਮਗਨ ਹੋ ਥਾਲ ਪ੍ਰੇਮ ਕੇ, ਵਾਸਦੇਵ ਆਗੇ ਧਰਿਆ। ਰੁਚ ਰੁਚ ਭੋਗ ਲਗੋਂਦੇ ਪ੍ਰਭ ਜੀ ਕਹਿਤੇ ਪੇਟ ਨਹੀਂ ਭਰਿਆ ।। ਐ ਬਿਦਰ ਜੀ ਐਸਾ ਖਾਣਾ ਮੈਨੇ ਤੋਂ ਕਭੀ ਨਹੀਂ ਖਾਇਆ। ਇਸ ਕਾ ਅਜਬ ਸੁਆਦ ਹੈ ਚਾਖਾ ਮੁਝ ਕੋ ਖਾਣਾ ਬਹੁ ਭਾਇਆ ।। ਸਾਗ ਅਲੂਣਾ ਪ੍ਰੇਮ ਸੇ ਭਰਿਆ ਉਪਮਾ ਕਰਤੇ ਬਾਰੰਮ ਵਾਰ। ਭਾਵ ਭਗਤ ਕੇ ਭੂਖੇ ਹੈਂ ਜੋ ਬੰਸੀ ਵਾਲੇ ਕ੍ਰਿਸ਼ਨ ਮੁਰਾਰਿ ।। ਭੋਜਨ ਪਾ ਸੁਖ ਆਸਨ ਹੂਏ ਪ੍ਰਭ ਕੀ ਮਹਿਮਾਂ ਕਹੀ ਨ ਜਾਇ। ਸੀਤ ਪ੍ਰਸਾਦ ਜੋ ਬਚਿਆ ਪ੍ਰਭ ਕਾ, ਬਿਦਰ ਭਗਤ ਨੇ ਲੀਆ ਉਠਾਇ ।। ਮਹਾਂ ਪਵਿੱਤਰ ਉਸ ਕੋ ਮਾਨਾ, ਮੁੱਖ ਮੇਂ ਬੁਰਕੀ ਪਾਈ ਹੈ। ਸਾਗ ਅਲੂਣਾ ਖਾ ਕਰ ਦੇਖਾ, ਬਾਤ ਨਾਰ ਕੋ ਬਤਲਾਈ ਹੈ ।। ਐ ਪਿਆਰੀ ਮੈਂ ਸ਼ਰਮਸਾਰ ਹੂੰ ਇਸ ਲੀਏ ਸ਼ਰਮਾਤਾ ਹੂੰ । ਧਰਤੀ ਵਿਹਲ ਦੇਵੇ ਜੋ ਮੁਝਕੋ ਅਭੀ ਗਰਕ ਹੋ ਜਾਤਾ ਹੂੰ ।।

ਦੋਹਿਰਾ : ਸੁਨੀ ਬਾਤ ਜੋ ਨਾਰ ਨੇ ਦਿਲ ਮੇਂ ਗਈ ਘਬਰਾਇ। ਜ਼ਰਦੀ ਮੁਖ ਪਰ ਫਿਰ ਗਈ ਕਰਦੀ ਹਾਇ ਹਾਇ ।।

ਛੰਦ : ਹੇ ਪਤੀ ਜੀ ਦੇਖੋ ਹਮਰੇ ਘਰ ਵਾਸਦੇਵ ਜੀ ਆਏ ਹੈ । ਮੈਂ ਪਾਪਨ ਨੇ ਸੇਵਾ ਕੀਨੀ ਛਿਲਕੇ ਜੋ ਖਿਲਾਏ ਹੈਂ ।। ਆਪਨੇ ਐਸੀ ਸੇਵਾ ਕੀਨੀ ਨਮਕ ਸਾਗ ਮੇਂ ਨਹੀਂ ਪਾਇਆ। ਕਿਸ ਮੁਖ ਸੇ ਅਬ ਸਨਮੁਖ ਹੋਣਾ ਜੋੜਾ ਹੀ ਅਬ ਸ਼ਰਮਾਇਆ ।। ਘਨੇ ਭਾਗ ਜਾਗੇ ਥੇ ਹਮਰੇ ਗ੍ਰਹਿ ਮੇਂ ਆਏ ਆਪ ਹਰੀ। ਕੀੜੀ ਕੇ ਘਰ ਨਰਾਇਣ ਆਏ ਸੇਵਾ ਕੋਈ ਨਹੀਂ ਸਰੀ ।। ਸਿਰ ਅਪਨੇ ਕੋ ਧੁਨਤੀ ਹੈ ਕਰ ਰਹੀ ਸੋਚ ਅਪਰਮ ਅਪਾਰ ।। ਐ ਪਤੀ ਜੀ ਹਮ ਔਰ ਤੁਮਕੋ ਕੀ ਕਹਿਤੇ ਹੋਗੇਂ ਕ੍ਰਿਸ਼ਨ ਮੁਰਾਰਿ ।। ਅਪਨੇ ਮਨ ਮੇਂ ਦੋਨੋਂ ਹੈ ਸੋਚਨ ਕਿਆ ਕੌਤਕ ਕੀਨਾ ਕਰਤਾਰ। ਚਲੋ ਭੁੱਲ ਬਖਸ਼ਾ ਲੇਤੇ ਹੈਂ ਹਮ ਭੁੱਲੇ ਵੋ ਬਖਸ਼ਨ ਹਾਰ ।। ਜਾਕਰ ਦੋਨੋ ਚਰਨੀ ਢਹਿ ਗਏ ਬਖਸ਼ ਦਿਓ ਜੀ ਹਮਰੀ ਭੂਲ। ਸਦਾ ਭਿ ਹੈ ਬਿਖਸੰਦ ਸਦ ਮਿਹਰਵਾਨ ਹੋ ਆਦਿ ਸੇ ਆਪਕਾ ਇਹੀ ਰੂਲ ।।

ਦੋਹਿਰਾ: ਵਾਸਦੇਵ ਕਹਿਨੇ ਲਗੇ ਹਮ ਹੈ ਬਹੁਤ ਪ੍ਰਸੰਨ ।। ਮੁਝ ਕੋ ਪਿਆਰਾ ਪ੍ਰੇਮ ਹੈ, ਕੀਆ ਪ੍ਰੇਮ ਤੁਮ ਧੰਨ ।।

ਭਗਤ ਮਾਲ ਸੰਗੀਤ-69

ਛੰਦ: ਐ ਬਿਦਰ ਮੈ ਭੁਖਾ ਨਹੀਂ ਚੀਜੇ ਕਾ ਮੁਝਕੇ ਲਾਗੇ ਪ੍ਰੇਮ ਪਿਆਰ। ਪ੍ਰੇਮ ਭਾਵ ਸੇ ਜੋ ਕੁਛ ਦੇਵੇ ਮੈ ਲੋਤਾ ਹੂੰ ਹਾਥ ਪਸਾਰ ।। ਬਿਨਾਂ ਪ੍ਰੇਮ ਸੋ ਜੋ ਕੁਛ ਅਰਪੇ ਮੈਂ ਨਹੀਂ ਕਰਤਾ ਅੰਗੀਕਾਰ । ਜੋ ਕੁਛ ਤੁਮਨੇ ਸੇਵਾ ਕੀਨੀ ਕਿਸੇ ਨਾ ਕੀਨੀ ਵਿੱਚ ਸੰਸਾਰ।।

ਦੋਹਿਰਾ: ਸੁੰਨ ਕਰ ਬਿਦਰ ਜੀ ਹੂਏ ਖੁਸ਼, ਗਲਤੀ ਮਾਫ਼ ਕਾਫੂਰ । ਸਗਰੀ ਰੈਣ ਜਾਗਤ ਰਹੇ, ਸੇਵਾ ਮੇਂ ਹਜੂਰ ।। ਉਸਤਤ ਕਰਤੇ ਪ੍ਰੇਮ ਸੇ ਮਹਿੰਮਾ ਅਪਰਮ ਅਪਾਰ । ਬੰਸਰੀ ਵਾਲੇ ਕ੍ਰਿਸ਼ਨ ਜੀ ਹੋਤਾ ਰਹੇ ਦੀਦਾਰ ।।

ਭਜਨ

ਟੇਕ: ਛੁਟ ਜਾਏ ਜਾਨ ਅਜਾਬਾਂ ਤੋਂ ਜਿੰਦ ਹੋ ਜਾਏ ਪਾਕ ਹਿਸਾਬਾਂ ਤੋਂ... ਬੰਸੀ ਵਾਲਿਆ ਆਏ ਤੁਮਰੀ ਸਰਨੀ ਲਾਈ ਰਖੀ ਹੁਣ ਆਪਣੇ ਚਰਨੀ ਹੰਸ ਬਨਾ ਦਿਓ ਕਾਗਾਂ ਤੋਂ, ਜਿੰਦ ਹੋ ਜਾਏ ਪਾਕ ਹਿਸਾਬਾਂ ਤੋਂ.... ਇਹ ਦੁਨੀਆ ਕੂੜ ਪਸਾਰਾ ਆਪ ਕਰੋ ਮੇਰਾ ਨਿਸਤਾਰਾ ਬਚਾ ਲਵੋ ਬੁਰੀਆਂ ਲਾਗਾਂ ਤੋਂ ਜਿੰਦ ਹੋ ਜਾਏ.... ਮਹਿਮਾ ਆਪ ਦੀ ਕੈਸੇ ਗਾਵਾਂ, ਦਰਸ਼ਨ ਤੋਂ ਬਲਿਹਾਰੇ ਜਾਵਾਂ ਆਪ ਆਏ ਮੇਰੇ ਭਾਗਾਂ ਤੋਂ, ਜਿੰਦ ਹੋ ਜਾਏ... ਦਾਸਨ ਦਾਸ ਦੀ ਇਹੋ ਅਰਜੀ, ਰੋਜ ਦੀਦਾਰ ਹੋਵੇ ਤੇਰਾ ਹਰਿ ਜੀ, ਸਾਫ਼ ਕਰੋ ਗੰਦੇ ਦਾਗਾਂ ਤੋਂ ਜਿੰਦ ਹੋ ਜਾਏ...

ਦੋਹਿਰਾ: ਬੇਨਤੀ ਅਬ ਕਰਨੇ ਲਗੀ, ਬਿਦਰ ਕੇ ਘਰ ਕੀ ਨਾਰ ।। ਛੀਲ ਖਵਾਏ ਮਾਫ ਕਰੋ ਹੇ ਸ੍ਰੀ ਕ੍ਰਿਸ਼ਨ ਮੁਰਾਰਿ ।।

ਭਜਨ

ਸ਼ਾਮ ਸੁੰਦਰ ਬ੍ਰਿਜਵਾਸੀ ਰਹਾਂ ਚਰਨੋਂ ਕੀ ਮੈਂ ਦਾਸੀ... ਭੂਲਨਹਾਰ ਕੋ ਬਖਸ਼ ਦਿਓ ਪ੍ਰਭੂ ਮੈਂ ਦਰਸ਼ਨ ਕੀ ਪਿਆਸੀ । ਚਰਨ ਕਮਲ ਮੇਂ ਲਿਪਟੀ ਰਹੂੰ ਸਦਾ ਤੁਝੇ ਛੋੜ ਕਹਾਂ ਜਾਸੀ ।। ਛਿਲਕ ਖਵਾਏ ਮਾਫ਼ ਕਰੋ ਜੀ ਲੋਕ ਕਰਨ ਮੇਰੀ ਹਾਸੀ। ਦਾਸਨ ਦਾਸ ਨੂੰ ਬਖ਼ਸ਼ੋ ਪ੍ਰਭੂ ਜੀ ਮੈਂ ਦਰਸ਼ਨ ਕੀ ਪਿਆਸੀ ।।....

ਦੋਹਿਰਾ: ਦੋਨੋ ਬੇਨੰਤੀ ਕਰ ਚੁੱਕੇ ਖੁਸ਼ ਹੂਏ ਭਗਵਾਨ ।। ਇਸ ਮੇਂ ਸੰਸਾ ਕੁਛ ਨਹੀਂ ਹੋਏ ਤੁਮਰੀ ਕਲਿਆਣ ।।

ਛੰਦ: ਘਨੇ ਪ੍ਰੇਮ ਸੇ ਰੈਣ ਗੁਜਾਰੀ, ਪ੍ਰੇਮ ਮਗਨ ਹਰੀ ਜਸ ਗਾਇਆ। ਇਸ਼ਨਾਨ ਕਰਾ ਕੇ ਵਾਸਦੇਵ ਕੋ ਹਾਰ ਕਮਲ ਕਾ ਗਲ ਪਾਇਆ ।। ਦੁਰਯੋਧਨ ਕੀ ਸਭਾ ਮੇਂ ਆਏ ਵਾਸਦੇਵ ਅੰਤਰਯਾਮੀ।



ਕ੍ਰੋਧ ਕੇ ਸਾਥ ਭਰਾ ਨਰਿੰਪ ਬੋਲਾ ਤੁਮ ਕਾਹੇ ਕੇ ਹੋ ਸੁਆਮੀ ।। ਰਾਜਨੀਤੀ ਕੀ ਬਾਤ ਨਾ ਕੀਨੀ, ਚਲੇ ਗਏ ਦਾਸੀ ਕੇ ਘਰ। ਕੰਗਲੇ ਕੇ ਘਰ ਰੈਣ ਜੋਂ ਕਾਟੀ ਛੋੜ ਦੀਆ ਮਹਿਲੋ ਕਾ ਦਰ ।। ਰਾਜਾ ਤਬ ਹੀ ਸੋਭਤਾ ਹੈ ਜਦੀ ਰਾਜਿਆ ਹੀ ਕੇ ਗ੍ਰਿਹਿ ਜਾਵੇ । ਕੰਗਲਾ ਤਬ ਹੀ ਸੋਭਤਾ ਹੈ ਜਦੀ ਕੰਗਾਲੋ ਕੇ ਗਹਿ ਜਾਵੇ ।। ਅਗਰ ਜੇ ਮੇਰੇ ਮਹਿਲ ਮੇਂ ਰਹਿਤੇ ਭੋਜਨ ਖਾਤੇ ਕਈ ਪ੍ਰਕਾਰ । ਪਲੱਗ ਨਿਵਾਰੀ ਬਿਛੇ ਦੁਸਾਲੇ ਸੇਵ ਕਰਨ ਕੋ ਹੈ ਤ੍ਰਿਤ ਤਿਆਰ ।। ਬਿਦਰ ਕੇ ਗ੍ਰਿਹਿ ਜਾ ਸੱਥਰ ਸੋਏ ਔਰ ਅਲੂਣਾ ਖਾਇਆ ਸਾਗ । ਆਹੀਰੋ ਕਾ ਰਿਹਾ ਆਹੀਰ, ਤੂ ਰਾਜਨੀਤੀ ਕੋ ਲਾਇਆ ਦਾਗ ।।

ਦੋਹਿਰਾਂ: ਵਾਸਦੇਵ ਜੀ ਕਹਿਣ ਲਗੇ, ਸੁਣ ਰਾਜਨ ਤੂ ਬਾਤ ।। ਮੁਝ ਕੋ ਪਿਆਰਾ ਪ੍ਰੇਮ ਹੈ, ਨਹੀਂ ਪਿਆਰੀ ਜਾਤ ।। ਗੁਰਬਾਣੀ ਕੋ ਸੁਨ ਲਵੋ ਸਭੀ ਪਾਪ ਮਿਟ ਜਾਇ।। ਭਗਤ ਕਬੀਰ ਜੀ ਲਿਖ ਗਏ, ਸ਼ਬਦ ਇਸ ਪ੍ਰਥਾਇ ।।

ਮਾਰੂ ਕਬੀਰ ਜੀਉ

ਰਾਜਨ ਕਉਨ ਤੁਮਾਰੈ ਆਵੈ ।। ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ।।੧।। [ਗੁਰਬਾਣੀ੧੧੦੫)

ਦੋਹਿਰਾ : ਤੁਮਰੇ ਮੇ ਕੁਛ ਪ੍ਰੇਮ ਨਾ ਮੈਂ ਹੂੰ ਪ੍ਰੇਮ ਅਧੀਨ ।। ਬਿਦਰ ਪ੍ਰੇਮੀ ਭਗਤ ਹੈ, ਆਦਰ ਬਹੁਤਾ ਕੀਨ ।।

ਛੰਦ: ਬੇਸ਼ੱਕ ਬਿਦਰ ਗਰੀਬ ਘਨਾ ਹੈ, ਮੁਝੇ ਪ੍ਰੇਮੀ ਹੈ ਭਾਵੇ । ਤੁਮਰੇ ਮੇਂ ਕੁਛ ਪ੍ਰੇਮ ਨਹੀ ਹੈ ਕੌਂਨ ਤੁਮਾਰੇ ਫਿਰ ਆਵੈ ।। ਜੈਸੇ ਤੇਲ ਬਿਨਾ ਜੋ ਬਾਤੀ ਨਹੀਂ ਆਤੀ ਹੈ ਕਿਸੀ ਵੀ ਕਾਮ। ਤੈਸੇ ਪ੍ਰੇਮ ਬਿਨਾ ਜੋ ਤੁਮਰੇ, ਨਹੀਂ ਲਗਤੇ ਹੈ ਅੱਛੇ ਧਾਮ ।।

ਰਾਗ ਸੂਹੀ ਮਹਲਾ ੫ ਘਰੁ ੪ ।।

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ।। ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ।। [ਗੁਰਬਾਣੀ ਪੰਨਾ ੭੪੫]

ਛੰਦੁ: ਤੁਮਰਾ ਦੂਧ ਐ ਭੋਜਨ ਸਾਰੇ, ਮੁਝ ਕੋ ਨਹੀਂ ਇਹ ਭਾਤੇ ਹੈ। ਬਿਦਰ ਕਾ ਪਾਣੀ ਸਾਗ ਅਲੂਣਾ, ਖੁਸ਼ ਹੋ ਕਰ ਹਮ ਖਾਤੇ ਹੈ ।। ਅਜਬ ਸੁਆਦ ਹੈ ਸਾਗ ਕਾ ਦੇਖਾ ਮੈਨੇ ਤੋ ਕਭੀ ਨਾ ਖਾਇਆ ਹੈ। ਬਿਦਰ ਕਾ ਪਾਨੀ ਐਸਾ ਮੀਠਾ ਦੂਧ ਦੇਖ

ਸ਼ਰਮਾਇਆ ਹੈ ।। ਸੱਥਰ ਕੀ ਸੇਜਾ ਉਨਹੋ ਨੇ, ਮੇਰੇ ਲੀਏ ਸਵਾਰੀ ਸੀ । ਤੁਮਰੇ ਪਲੱਗ ਨਿਵਾਰੀ ਨਾਲੋਂ ਕਈ ਗੁਣਾਂ ਬਹੁ ਪਿਆਰੀ ਸੀ ।। ਐਸਾ ਸੁੱਖ ਬੈਕੁੰਠ ਮੇਂ ਨਾਹੀ, ਬਿਦਰ ਕੇ ਗ੍ਰਹਿ ਜੋ ਸੁੱਖ ਪਾਇਆ।

ਭਗਤ ਮਾਲ ਸੰਗੀਤ-71

ਤੁਮਰੋ ਮਹਿਲ ਤੋਂ ਕਿਸੀ ਕਾਮ ਨਹੀਂ ਹਰਿ ਕਾ ਗੁਣ ਜੋ ਨਹੀ ਗਾਇਆ ।। ਬਿਦਰ ਜੀ ਪ੍ਰੇਮੀ ਪੂਰਨ ਹੂਏ ਤੁਮਰੀ ਦਿਰਸ਼ਟ ਮੇਂ ਸੁਤ ਦਾਸੀ। ਹਮਰੀ ਦ੍ਰਿਸ਼ਟ ਮੇਂ ਮਹਾਂਪੁਰਖ ਹੈ, ਕਟ ਗਈ ਜਨਮ ਮਰਨ ਫਾਸੀ ।। ਪਾਂਡੂ ਪੁਤਰਨ ਕੇ ਸਮ ਹਮ ਕੋ, ਵੈਰੀ ਤੋਂ ਤੁਮ ਜਾਨਤੇ ਹੈ। ਹਮਰੇ ਦਿਲ ਮੇਂ ਵੈਰ ਭਾਵ ਨਹੀਂ, ਦੋਨੋਂ ਕੋ ਸਮ ਮਾਂਨਤੇ ਹੈ ।। ਜੈਸਾ ਅਪਨਾ ਦਿਲ ਕਾ ਭਾਵ ਹੋ ਵੈਸਾ ਹੀ ਦੂਸਰਾ ਨਜ਼ਰ ਆਵੇ। ਮਿੱਤਰ ਭਾਵ ਸੇ ਮਿੱਤਰ ਦੀਸੇ ਵੈਰ ਭਾਵ ਵੈਰੀ ਦਿਲ ਗਾਵੇ ।। ਨੂੰਨ ਅਧਿਕਤਾ ਪੱਖ ਪਾਦ, ਹਮ ਨਾ ਕਿਸੀ ਕਾ ਕਰਤੇ ਹੈ। ਬੁਰੇ ਕਾਮ ਜੋ ਕਰ ਲੇਤੇ ਹੈ ਦੁੱਖ ਵੀ ਵੋ ਹੀ ਭਰਤੇ ਹੈਂ ।। ਵੇਦ ਸ਼ਾਸ਼ਤਰ ਔਰ ਸਭੀ ਮਹਾਤਮਾਂ, ਬਾਤ ਇਹੋ ਹੀ ਕਹਿਤੇ ਹੈ। ਖੋਟਾ ਕਰਮ ਕਰੋ ਦੁੱਖ ਪਾਵੇ, ਭਲੇ ਕਰਮ ਸੁੱਖ ਲਹਿਤੇ ਹੈ ।। ਭਲੇ ਤੇਰੇ ਕੀ ਬਾਤ ਕਹੀ ਥੀ ਪਾਂਚ ਨਗਰ ਜੋ ਦੇ ਦੇਤਾ। ਸਗਰੀ ਕਲਾ ਅਭੀ ਮਿਟ ਜਾਤੀ ਕਹਿਨਾ ਮੇਰਾ ਮਾਨ ਲੇਤਾ ।। ਮੈ ਤੁਮਕੋ ਸਮਝਾਇ ਰਹਾ ਹੂੰ ਤੂ ਨਹੀਂ ਸਮਝਿਆ ਖੁਦਗਰਜੀ । ਇਸ ਕਾ ਬੁਰਾ ਨਤੀਜਾ ਨਿਕਲੂ, ਅਬ ਜੋ ਕਰ ਲੋ ਤੁਮਰੀ ਮਰਜੀ ।।

ਦੋਹਿਰਾ:   ਇਤਨਾ ਕਰਿ ਕੇ ਵਾਸਦੇਵ ਹੋ ਗਏ ਤੁਰੰਤ ਤਿਆਰ ।। ਬਿਦਰ ਜੀ ਤੋਰਨ ਹੈ ਗਏ ਕਰਕੇ ਪ੍ਰੇਮ ਪਿਆਰ ।।

ਭਜਨ

ਟੇਕ :   ਬੰਸੀ ਵਾਲੇ ਮੇਰੇ ਸ਼ਾਮ ਜੀ ਦਰਸ਼ਨ ਹੈ ਤੇਰਾ ਪਾਵਨਾਂ ... ਮਨ ਵਿੱਚ ਇਛਿਆ ਹੋਰ ਨਾ ਕਾਈ ਚਰਨ ਕਮਲ ਮੇਂ ਪ੍ਰੇਮ ਵਧਾਈ ਅੱਖੀਆਂ ਦੇ ਰਹੇ ਸਾਹਮਣੇ ਇਹੋ ਰੂਪ ਜੋ ਸੁਹਾਵਨਾ.. ਪੀਤੰਬਰ ਤਨ ਮਾਹਿ ਉਜਾਲੇ ਸੋਭ ਰਹੇ ਕੁੰਡਲ ਜੋ ਕਾਲੇ ਸਿਰ ਪਰ ਮੁਕਟ ਸੋਹੇ, ਤਿਮਰ ਜੋ ਨਸਾਵਨਾ... ਹਾਥ ਮੇਂ ਮੁਰਲੀ ਸੋਭਾ ਪਾਵੇ, ਗਲ਼ ਮੇਂ ਫੂਲੋਂ ਕਾ ਹਾਰ ਸੁਹਾਵੇ ਦਰਸ਼ਨ ਕਰਨੇ ਸੇ ਆਪੇ ਪਾਪਾ ਨੇ ਕਟ ਜਾਵਣਾ...ਕਾਟੋ ਸੰਕਟ ਸਭੀ ਗਿਰੰਧਾਰੀ, ਦਾਸਨ ਦਾਸ ਨੇ ਅਰਜ ਗੁਜਾਰੀ... ਨਿਸਦਿਨ ਧਿਆਨ ਧੰਰੂ ਮੈਂ ਤੁਮਰਾ ਹੀ ਜਸ ਗਾਵਨਾ...

ਦੋਹਿਰਾ :  ਬਿਦਰ ਜੀ ਕੋ ਕਹਿਨੇ ਲਗੇ ਅੰਤਰਯਾਮੀ ਆਪ ।। ਜਨਮ ਸਫ਼ਲ ਤੁਮਰਾ ਹੂਆ ਕਟਿ ਗਏ ਤੀਨੋ ਤਾਪ ।।

ਛੰਦ :  ਐ ਬਿਦਰ ਜੀ ਤੁਮਰੇ ਊਪਰ, ਅਬ ਹਮ ਆਜ ਹੂਏ ਹੈ ਬਹੁ ਪ੍ਰਸੰਨ । ਪਰਮਧਾਮ ਕੋ ਜਾਵੋਗੇ ਤੁਮਰਾ ਜਨਮ ਹੂਆ ਹੈ ਧੰਨ ।।

ਭਗਤ ਮਾਲ ਸੰਗੀਤ -72

ਸਭੀ ਭੋਗ ਸੰਸਾਰ ਕੇ ਛੋੜੇ, ਪ੍ਰੇਮ ਭਗਤੀ ਮੇਂ ਡੱਟ ਗਿਆ। ਇਸ ਕਾ ਇਹ ਨਤੀਜਾ ਨਿਕਲਾ ਜਨਮ ਮਰਨ ਅਬ ਕੱਟ ਗਿਆ

ਦੋਹਿਰਾ : ਇਤਨਾ ਕਹਿ ਕੇ ਬਿਦਰ ਕੋ, ਆ ਗਏ ਪਾਂਡਵਾਂ ਪਾਸ। ਆਗੇ ਵੋਹ ਉਡੀਕਦੇ ਚਰਨ ਕਮਲ ਕੀ ਆਸ ।।

ਛੰਦ:   ਯੁਧਿਸ਼ਟਰ ਔਰ ਅਰਜੁਨ ਭੀਮ ਨਕੁਲ ਸਹਿਦੇਵ ਜੀ ਖੁਸ਼ ਹੂਏ। ਆਜ ਆਪਕਾ ਦਰਸ਼ਨ ਕੀਨਾ, ਬਿਨ ਦਰਸ਼ਨ ਸੇ ਹਮ ਮੂਏ ।। ਚਰਨੋਂ ਮੇਂ ਸਭ ਲਿਪਟ ਗਏ ਜਿਉਂ ਪੁਸ਼ਪੋ ਮੇਂ ਲਿਪਟੇ ਭੌਰ । ਘਨਾ ਅਨੰਦ ਪ੍ਰਾਪਤ ਹੂਆ ਜਿਉ ਮਛਲੀ ਪਾਨੀ ਕਾ ਤੌਰ ।। ਵਾਸਦੇਵ ਨੇ ਤਬੀ ਸੁਨਾਇਆ ਜੋ ਬੀਤਾ ਦੁਰਯੋਧਨ ਨਾਲ। ਬਹੁਤ ਸਮਝਾਇਆ ਪਾਪੀ, ਸਮਝੇ ਨਾਹੀ ਸਿਰ ਪਰ ਕਾਲ ।। ਸਿਤਗੁਰਾਂ ਦੀ ਕ੍ਰਿਪਾ ਹੋਈ, ਪੂਰਾ ਹੂਆ ਇਹ ਪ੍ਰਸੰਗ । ਵਾਸਦੇਵ ਕੇ ਚਰਨਾਂ ਕੀ ਐ ਮਨ ਤੂ ਵੀ ਭਗਤੀ ਮੰਗ ।। ਬਿਦਰ ਕੀ ਨਿਆਈ ਐ ਮਨ ਜੇਕਰ ਪ੍ਰੇਮ ਕਮਾਂਵੇਗਾ। ਗੁਰੂ ਤੇ ਪੂਛ ਨਾਮ ਹਰੀ ਜਪ ਲੈ, ਜਨਮ ਮਰਨ ਕੱਟ ਜਾਵੇਗਾ ।।

ਬੈਂਤ: ਉਠ ਜਾਗ ਤੂ ਪਿਆਰਿਆ ਪ੍ਰੇਮ ਕਰ ਲੈ ।। ਤੇਰੀ ਨੀਂਦ ਨੇ ਘਨਾ ਵੀਰਾਨ ਕੀਤਾ ।। ਤੇਰਾ ਮਾਲ ਸਮਾਨ ਸਭ ਲੁੱਟ ਰਿਹਾ ।। ਐ ਪਰ ਜਰਾ ਤੈ ਨਹੀਂ ਧਿਆਨ ਕੀਤਾ ।। ਵਕਤ ਬੀਤਿਆ ਰੋਵੇਂਗਾ ਹੱਥ ਮਲ ਮਲ ।। ਤੇਰੀ ਭੁੱਲ ਨੇ ਤੈਨੂੰ ਅਜਾਨ ਕੀਤਾ ।। ਖਬਰਦਾਰ ਹੋ ਜਾ ਸਾਂਭ ਮਾਲ ਅਪਨਾ ।। ਦਾਸਨ ਦਾਸ ਨੇ ਸੱਚ ਬਿਆਨ ਕੀਤਾ ।। ਮਾਨਸ ਜਨਮ ਦੁਰਲੱਭ ਜੋ ਮਿਲਿਆ ਤੈਨੂੰ ।। ਗੁਰਬਾਨੀ ਮੈਂ ਕਿਹਾ ਉਚਾਰ ਭਾਈ ।। ਸਾਸ ਜਾਵਦੇ ਰੋਜ ਦੀ ਰੋਜ ਐਵੇ ।। ਯਾਦ ਕੀਤਾ ਕਿਉਂ ਨਹੀਂ ਕਰਤਾਰ ਭਾਈ ।। ਦੁਨੀਆਂ ਦੇ ਝੂਠੇ ਧੰਦੇ ਸਾਰੇ ਸਮਝ ਗੰਦੇ ।। ਸੱਚਾ ਕੰਮ ਕਰ ਲੈ ਪ੍ਰੇਮ ਸਾਰ ਭਾਈ ।। ਦਾਸਨ ਦਾਸ ਹੈ ਪ੍ਰੇਮ ਸਾਰ ਵਸਤੂ ।। ਪ੍ਰੇਮ ਕਰੋ ਬੇੜਾ ਹੋਵੇ ਪਾਰ ਭਾਈ ।।

ਦੋਹਿਰਾ: ਗੁਰ ਸੇ ਭੁੱਲ ਬਖਸ਼ਾ ਲਵਾਂ, ਦੋਨੋਂ ਜੋੜ ਕੇ ਹਾਥ ।। ਹੋਰ ਇਲਮ ਕੁਛ ਹੈ ਨਹੀਂ ਧੰਰੂ ਚਰਨ ਮੇਂ ਮਾਥ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਬਿਦਰ ਜੀ ਦਾ ਪ੍ਰਸੰਗ ਨਾਮ ਯਾਰਵਾਂ ਅਧਿਆਇ ਸੰਪੂਰਣ ।।੧੧ ।।**
**ਸਤਿ ਕਰਤਾਰ**

ਭਗਤ ਮਾਲ ਸੰਗੀਤ -73

ੴ ਸਤਿਗੁਰ ਪ੍ਰਸਾਦਿ ।।

## <u>ਅਥ ਪ੍ਰਹਿਲਾਦ ਭਗਤ ਜੀ ਦਾ ਪ੍ਰਸੰਗ -12</u>

ਦੋਹਿਰਾ : ਸਭ ਗੁਣ ਗਣਹ ਕਲੇਵਰ ਸ਼ਾਂਤੀ ਆਲ ਦਿਆਲ । ਸ੍ਰੀ ਗੁਰੂ ਹਰਨਾਮ ਜੀ ਰਹਿਣ ਸਦਾ ਕ੍ਰਿਪਾਲ ।। ਐਸੇ ਸ੍ਰੀ ਗੁਰੂਦੇਵ ਕੇ ਚਰਨ ਮੇਂ ਸੀਸ ਨਿਵਾਇ। ਪ੍ਰਹਿਲਾਦ ਭਗਤ ਕੀ ਗਾਥਾ ਜੋ ਨਿਜ ਮਨ ਕਹੂੰ ਸੁਨਾਇ ।।

<u>ਗੁਰਬਾਣੀ :</u>"ਪ੍ਰਹਿਲਾਦ ਰਖੀ ਹਰਿ ਪੈਜ ਆਪ "।

ਭਾਈ ਗੁਰਦਾਸ ਜੀ :

ਵਾਰ ੧੦ ਪਉੜੀ ੨

ਘਿਰ ਹਰਨਾਖਸ ਦੈਤ ਦੇ ਕਲਰਿ ਕਵਲੁ ਭਗਤ ਪ੍ਰਹਿਲਾਦ ।ਪੜਨ ਪਠਾਇਆ ਚਾਟਸਾਲ ਪਾਧੇ ਚਿਤਿ ਹੋਆ ਅਹਿਲਾਦੁ

ਦੋਹਿਰਾ:ਪ੍ਰਹਲਾਦ ਭਗਤ ਕੀ ਪੈਜ ਜੋ ਰਾਖੀ ਹਰਿ ਨੇ ਆਪ ।। ਐ ਮਨ ਤੂ ਵੀ ਜਾਪ ਜਪ, ਨਸ਼ਟ ਹੋਣ ਸਭ ਪਾਪ ।।

ਛੰਦ: ਏਕ ਸਮੇਂ ਪਰਮਾਤਮ ਦੇਵ ਜੀ, ਖੀਰ ਸਮੁੰਦਰ ਮੇਂ ਵਿਸ਼ਰਾਮ। ਅਦਭੁੱਤ ਖੇਲ ਰਚਾਨ ਲਗੇ ਹੈ ਅਨਦ ਵਿਨੋਦੀ ਜਿਨਕਾ ਨਾਮ ।। ਮਾਤ ਲੋਕ ਮੇਂ ਯੁੱਧ ਕਰਨ ਕੋ, ਕੋਈ ਵੀ ਨਹੀਂ ਹੈ ਮੇਰੇ ਸਮਾਨ। ਦੁਆਰ ਪਾਲੋਂ ਕੀ ਬੁੱਧ

ਪਰੇਰੀ, ਜਿਸ ਕਰ ਬਨ ਗਏ ਘਨੇ ਨਾਦਾਨ ।। ਉਸੀ ਸਮੇਂ ਸਨਕਾਦਿਕ ਰਿਸ਼ੀ ਜੀ, ਆਏ ਕਰਨ ਦਰਸ਼ ਤਤਕਾਲ । ਭੀਤਰ ਜਾਨ ਸੇ ਰੋਕ ਦੀਏ ਹੈ, ਅਜੈ ਵਿਜੈ ਬਿਬ ਹੈ ਦੁਆਰਪਾਲ ।।

ਦੋਹਿਰਾ: ਦੁਆਰ ਪਾਲ ਕਹਿਣੇ ਲਗੇ, ਭੀਤਰ ਜਾਨਾ ਮੱਤ। ਏਸ ਵਕਤ ਅਨੰਦ ਮੇਂ ਮਗਨ ਸ੍ਰੀ ਰਮਾ ਪੱਤ ।। ਜਿਹ ਸੁਨਕਰ ਰਿਸ਼ੀਆਂ ਕਿਹਾ ਸੁਣੋ ਦੁਆਰ ਕੈ ਪਾਲ ।। ਕਿਉਂ ਹਮ ਕੋ ਹੈ ਰੋਕਤੇ, ਹਮ ਹੈ ਪ੍ਰਭੂ ਕੇ ਬਾਲ ।।

ਛੰਦ : ਰਿਸ਼ੀ ਭੀਤਰ ਕੋ ਜਾਤੇ ਹੈਂ, ਦੁਆਰ ਪਾਲ ਨਹੀਂ ਦੇਤੇ ਜਾਨ। ਆਖਿਰ ਕੌਂ ਰਿਸ਼ੀ ਕ੍ਰੋਧ ਸੇ ਬੋਲੇ, ਐ ਕਪਟੀ ਤੁਮ ਘਨੋ ਨਾਦਾਨ ।। ਰਾਖਸ਼ ਬੁੱਧੀ ਹੋ ਗਈ ਤੁਮਰੀ, ਤਾਂਤੇ ਤੁਮ ਰਾਖਸ਼ ਹੀ ਕਹਾਵੈ। ਵਾਕ ਹਮਾਰਾ ਜਾਏ ਨਾ ਬਿਰਥਾ, ਅਪਨੇ ਕੀਏ ਕਾ ਫ਼ਲ ਪਾਵੋ।। ਅਜੈ, ਵਿਜੈ ਤਬੀ ਸਰਨ ਪੜ ਗਏ, ਮੁੱਖ ਸੇ ਉਸਤਤ ਕਰਨ ਲਗੇ। ਅੰਤ ਸਰਾਪ ਕਾ ਕਦ ਆਵੇਗਾ, ਕਾਂਪ ਕਾਂਪ ਕੇ ਡਰਨ ਲਗੇ ।।

ਦੋਹਿਰਾ : ਤਬ ਹੀ ਰਿਸ਼ੀਔਂ ਨੇ ਕਿਹਾ ਮੁਖ ਸੇ ਬਚਨ ਉਚਾਰਿ ।। ਵਾਸਦੇਵ ਕੇ ਹਾਥ ਸੇ ਤੁਮਰਾ ਹੋਇ ਉਧਾਰਿ ।। ਇਤਨਾ ਕਹਿ ਚਲਤੇ ਭਏ ਪ੍ਰਭੂ ਕੋ ਕਰ ਪ੍ਰਣਾਮ ।।



ਅਜੈ ਵਿਜੈ ਭੀਤਰ ਗਏ ਪ੍ਰਭੂ ਸੱਚ ਕੇ ਧਾਮ ।।

ਛੰਦ: ਰਿਸ਼ੀਕੇਸ਼ ਕੈ ਨਮਸਕਾਰ ਕਰ ਗੁਜਰਾ ਹਾਲ ਸੁਣਾਇਆ ਹੈ। ਗਲਤੀ ਸਾਥੋ ਹੋ ਗਈ ਭਾਰੀ, ਰਿਸ਼ੀਆਂ ਸਰਾਪ ਲਗਾਇਆ ਹੈ।। ਪਤਿਤ ਪਾਵਨ ਜੀ ਕਰੋ ਪਵਿਤਰ, ਸਰਾਪ ਹਮਾਰਾ ਦੂਰ ਕਰੋ। ਰਿਸ਼ੀਆਂ ਨੇ ਜੋ ਦੀਆ ਸਰਾਪ ਹੈ ਇਸ ਕੋ ਆਪ ਹੀ ਚੂਰ ਕਰੋ ।। ਵਾਸਦੇਵ ਜੀ ਕਹਿਣ ਲਗੇ, ਭਗਤ ਜਨਾ ਕਾ ਦੀਆ ਸਰਾਪ। ਇਸ ਕੋ ਦੂਰ ਕਬੀ ਨਹੀਂ ਕਰਤਾ, ਭਗਤ ਜਨੋ ਕਾ ਵਡ ਪਰਤਾਪ ।। ਜਿਹ ਤਾਲੇ ਖੁਲਨੇ ਕੋ ਨਾਹੀ ਲੈ ਗਏ ਚਾਬੀ ਅਪਨੇ ਪਾਸ। ਦੂਜਾ ਖੋਲ ਸਕੇ ਕੋ ਨਾਹੀ ਬੇਸ਼ਕ ਖੋਲਣ ਵੋ ਹੀ ਖਾਸ ।। ਜੇਕਰ ਮੇਰੀ ਭਗਤੀ ਕਰੋਗੇ, ਸੱਤ ਜਨਮ ਮੇਂ ਮਿਲੋਗੇ ਆਨ। ਸ਼ਤਰੂ ਜਾਣ ਕੇ ਯੁੱਧ ਕਰੋਗੇ, ਤੀਨ ਜਨਮ ਮੇਂ ਹੋਊ ਕਲਿਆਣ ।। ਭਗਤੀ ਕਰਨ ਮੇਂ ਜਸ ਹੋਤਾ ਹੈ ਨਿੰਦਾ ਹੋਵੇ ਕਰੋ ਜੇ ਵੈਰ। ਬਤਲਾ ਦੀਨੋ ਦੋ ਇਲਾਜ ਕਰ ਲੈ ਜਿਸਮੇਂ ਤੁਮਰੀ ਖੈਰ ।। ਸੁਨਕਰ ਦੁਆਰ ਪਾਲੋਂ ਨੇ ਕਿਹਾ ਹਮਨੇ ਭਗਤੀ ਕਿਉਂ ਕਰਨੀ । ਤੀਨ ਜਨਮ ਮੇਂ ਮਿਲ ਜਾਵੇਗੇ, ਨਿੰਦਾ ਕਾ ਹਮ ਕੋ ਡਰ ਨਹੀ ।। ਸਾਤ ਜਨਮ ਤਕ ਘਨਾ ਵਿਛੋੜਾ, ਜਿਹ ਨਹੀਂ ਸਹਿਆ ਜਾਵੇਗਾ। ਵੈਰ ਭਾਵ ਹੀ ਕਿਉਂ ਨਾ ਕਰੀਏ, ਜਲਦੀ ਜੋ ਮਿਲ ਜਾਵੇਗਾ ।

ਦੋਹਿਰਾ: ਬ੍ਰਹਮਾ ਜੀ ਕੇ ਪੁੱਤਰ ਜੋ ਕਸ਼ਪ ਜਨੋ ਕਾ ਨਾਮ । ਅਜੈ ਵਿਜੈ ਪੈਦਾ ਹੂਏ, ਆਕਰ ਉਨਕੇ ਧਾਮ ।।

ਛੰਦ: ਹਰਨਾਖਸ ਔਰ ਹਰਨਾਕਿਸਪ ਜੋ ਨਾਮ ਉਨਹੋ ਕਾ ਕਹਿਤੇ ਹੈ। ਵਿੱਚ ਜਗਤ ਬਿਖਿਆਤ ਹੂਏ ਹੈ ਰਿਪੂ ਕੋ ਪਕੜ ਕਰ ਦਹਿਤੇ ਹੈ ।। ਰਾਜੇ ਜੋ ਬਲਵਾਨ ਕਈ ਥੇ ਸਭ ਕੋ ਦਿਨੋਂ ਮੇਂ ਜੀਤ ਲੀਆ। ਮਾਤ ਲੋਕ ਕੀ ਵਾਰਤਾ ਛੋੜੋ, ਇੰਦਰ ਵੀ ਭੈ ਭੀਤ ਹੂਆ ।। ਦੇਵਤਿਆ ਕੋ ਸਾਥ ਲੀਆ ਹੈ ਇੰਦਰ ਨੇ ਕਰੀ ਲੜਾਈ ਹੈ। ਸਾਰਾ ਜੋਰ ਲਗਾਇ ਦੀਆ ਹੈ ਫ਼ਤਹਿ ਨਹੀਂ ਜੋ ਪਾਈ ਹੈ ।। ਬਰਾਹ ਰੂਪ ਜੋ ਵਾਸਦੇਵ ਨੇ ਉਸੀ ਵਕਤ ਤੋਂ ਧਾਰਾ ਹੈ। ਹਰਨਾਖਸ ਤੋਂ ਭਾਗ ਗਿਆ ਹੈ ਹਰਨਾਕਸ਼ਿਪ ਜੋ ਮਾਰਾ ਹੈ ।। ਹਰਨਾਖਸ ਜਾ ਗਿਰਿ ਮੇਂ ਛਪਾ ਹਰਨਾਕਸ਼ਿਪ ਤਨ ਟੂਟ ਗਿਆ। ਹਰਨਾਕਸ਼ਿਪ ਦਾ ਇੰਦਰ ਨੇ ਆ, ਸਗਰਾ ਸ਼ਹਿਰ ਤੋਂ ਲੂਟ ਲਿਆ ।। ਬਹੁਤੇ ਰਾਖਸ਼ ਮਾਰ ਦੀਏ ਹੈ ਅਬਲਾ ਬਾਂਧ ਕੇ ਲੈ ਆਇਆ ਹੈ। ਰਸਤੇ ਮੇਂ ਮਿਲੇ ਨਾਰਦ ਮੁਨੀ ਜੀ, ਜਿਹ ਕਿਉਂ ਜੁਲਮ ਕਮਾਇਆ ਹੈ ।। ਸ਼ੁਕਰ ਨੇ ਕਿਹਾ ਸੁਣੋ ਮੁਨੀ ਜੀ, ਸ਼ਾਸਤਰ ਇਹ ਬਤਲਾਤੇ ਹੈ ।

ਭਗਤ ਮਾਲ ਸੰਗੀਤ-75

ਸ਼ਤਰੂ ਕੋ ਜੇ ਗਰਭ ਛੇਦ ਕਰੇ ਤੋਂ ਤਾਂ ਦੇਸ਼

ਨਹੀਂ ਆਤੇ ਹੈ ।ਇਸਕੇ ਪੇਟ ਸੇ ਬਾਤਕ ਜਨਮੇ ਫਿਰ ਦੇਵੇਗੇ ਉਸ ਕੇ ਮਾਹਿ ।।

ਅਬਲਾ ਕੋ ਹਮ ਛੋੜ ਦੇਵੇਗੇ,ਅਪਨਾ

ਮਾਰਾ ਕਸ਼ਟ ਨਿਵਾਰਿ।

ਦੋਹਿਰਾ : ਨਾਰਦ ਜੀ ਰਹਿਣੇ ਲਗੇ ਇੰਦਰ ਜੀ ਕੋ ਬੋਲ। ਜਿਹ ਅਰਨਾ ਮੁੜ ਕੇ ਦਿਉ ਬੰਦਨ ਇਸਦੇ ਖੇਲ।

ਛੰਦ : ਇਸ ਕੇ ਗਰਭ ਮੇਂ ਬਾਲਕ ਹੈ ਜੋ ਸੁੰਦਰ ਭਗਤ ਕਹਾਵੇਗਾ। ਰਿਸ਼ੀ ਮੁਨੀ ਐ ਦੇਵਤਿਆਂ ਕੋ ਕਸ਼ਟੋ ਸੇ ਬਚਾਵੇਗਾ ।। ਹਰਨਾਖਸ ਕੀ ਇਸਤਰੀ ਕੋ ਤੋਂ ਨਾਰਦ ਮੁਨੀ ਜੀ ਲੈ ਆਏ। ਅਪਨੀ ਪੁਰੀ ਕੋ ਇੰਦਰ ਚਲਾ ਗਿਆ, ਸਾਥ ਦੇਵਤੇ ਵੀ ਧਾਏ।। ਨਿੱਤ ਪ੍ਰਤੀ ਉਪਦੇਸ਼ ਕਰਤ ਹੈ, ਅਬਲਾ ਕੋ ਮੰਨ ਸੁਤਾ ਸਾਮਾਨ। ਮਾਤ ਕੇ ਪੇਟ ਮੇਂ ਬਾਲਕ ਜੋਂ ਹੈ ਸੁਨਤਾ ਰਹਿਤਾ ਰੋਜ ਗਿਆਨ ।। ਸਮਾ ਪਾਇ ਕਰ ਬਾਲਕ ਜਨਮਾ, ਜਿਨਕਾ ਨਾਮ ਹੁਆ ਪ੍ਰਹਿਲਾਦ। ਨਾਰਦ ਮੁਨੀ ਜੀ ਪਾਲਣ ਕਰਤੇ, ਬਾਤ ਭਵਿੱਖਅਤ ਕੀ ਕਰ ਯਾਦ ।।

ਦੋਹਿਰਾ: ਹਰਨਾਖਸ ਕੀ ਬਾਤ ਅਬ ਸੁਨਿਏ ਕਾਨ ਲਗਾਏ। ਉਗਰ ਤਪਸਿਆ ਜਬ ਕਰੀ ਤਬ ਬਿਧੀ ਪ੍ਰਗਟ ਆਏ ।।

ਛੰਦ: ਬ੍ਰਹਮਾ ਜੀ ਤਬ ਖੁਸ਼ ਹੂਏ, ਐ ਪੁੱਤਰ ਤੁਮ ਮਾਂਗੋ ਵਰ ਤਪ ਤੁਮਰਾ ਅਬ ਪੂਰਾ ਹੋ ਗਿਆ ਦੂਰ ਕਰਾਂਗਾ ਸਗਰੇ ਡਰ ।। ਹਰਨਾਖਸ਼ ਨੇ ਹਾਥ ਜੋੜ ਕੇ, ਚਰਨੋ ਮੇਂ ਦੀਆ ਸੀਸ ਨਿਵਾਇ। ਇਤਨੇ ਵਰ ਅਬ ਮੁਝਕੋ ਦੇਵੋ ਜੇਕਰ ਹੂਏ ਆਪ ਸਹਾਇ ।। ਮਰਾ ਨਾਂ ਇਤਨੀ ਚੀਜੋਂ ਸੇ ਅਬ ਮੈਂ ਤੁਝਕੋ ਦੇਤਾ ਹੂੰ ਦੱਸ। ਸ਼ਸਤਰ ਸੇ ਐ ਅਸਤਰ ਸੇ ਕਭੀ ਨਾਂ ਮਾਰਾ ਜਾਵਾ ਬੰਸ।। ਅਗਨੀ ਜਲ ਔ ਦੇਵਤਾ ਦੈਤ ਸੇ, ਬਨ ਨਾ ਖਾਨ ਔ ਬਾਹਰ ਘਰ। ਅਕਾਸ਼

ਪ੍ਰਿਥਵੀ ਨਰ ਪਸ਼ੂ ਪੰਖੀ ਦਿਨ ਔ ਰਾਤ ਨਾ ਜਾਵਾ ਮਰ ।। ਬਾਰਾ ਮਾਸ ਮੇਂ ਮਰਾਂ ਨਹੀ ਮੈ, ਵਿਸ਼ਵ ਜੋ ਆਪਨੇ ਕਰੀ ਤਿਆਰ । ਆਖਿਰ ਕੀ ਮੈਂ ਬਾਤ ਸੁਨਾਵਾਂ, ਮੁਝ ਕੋ ਕੋਈ ਸਕੇ ਨਾ ਮਾਰਿ।। ਜਦੀ ਆਪ ਕਿਰਪਾਲ ਹੂਏ ਹੈ ਤ੍ਰਿਲੋਕੀ ਕਾ ਦੇ ਦਿਓ ਰਾਜ । ਕੋਈ ਮੁਕਾਬਲਾ ਰਿਪੁ ਨਾ ਕਰੈ ਸੁਧ ਹੋ ਜਾਵੇ ਮੇਰਾ ਕਾਜ ।। ਬ੍ਰਹਮਾ ਜੀ ਕਹਾ ਐਸਾ ਹੀ ਹੋਗਾ ਤਪ ਜੋ ਤੁਮਰਾ ਹੂਆ ਮਹਾਂਨ। ਇਤਨੀ ਬਾਤ ਹੀ ਕਹਿ ਕਰ ਕੋ ਬਿਧ ਜੀ ਹੋ ਗਏ ਅੰਤਰ ਧਿਆਨ ।। ਹਰਨਾਖਸ਼ ਦਿਲ ਮੇਂ ਖੁਸ਼ ਹੂਆ, ਪਾਇ ਲੀਆ ਹੈ ਮੈਨੇ ਵਰ। ਅਪਨੇ ਸ਼ਹਿਰ ਮੇਂ ਪਹੁੰਚ ਗਿਆ ਹੈ, ਕਹਿਤਾ ਅਬ ਮੈਂ ਹੂਆ ਅਮਰ ।।

ਭਗਤ ਮਾਲ ਸੰਗੀਤ-76

ਦੋਹਿਰਾ: ਨਾਰਦ ਮੁਨੀ ਜੀ ਆ ਗਏ, ਲੈ ਅਬਲਾ ਕੇ ਸੰਗ। ਸਾਰਾ ਹਾਲ ਸੁਨਾਇ ਦੀਆ ਨਰਿਪ ਤੋ ਹੂਆ ਦੰਗ ।।

ਛੰਦ: ਨਾਰੀ ਪੁੱਤਰ ਕੇ ਦੇਖ ਲੀਆ ਤੋਂ ਮਨ ਮੇਂ ਹੂਆ ਵੋਹ ਖੁਸ਼ਹਾਲ । ਨਾਰਦ ਜੀ ਕੋ ਨਮਸਕਾਰ ਕਰ ਕਹਿਤਾ ਆਪ ਹੋ ਬੜੇ ਦਿਆਲ ।। ਕਿਸ ਮੁੱਖ ਸੇ ਮੈਂ ਕਰਾਂ ਬੜਾਈ ਮੇਰੇ ਉਪਰ ਦਇਆ ਕਰੀ। ਇਸ ਰਖਸਾ ਕੇ ਬਦਲੇ ਮੁਝ ਸੇ ਆਪ ਕੀ ਸੇਵ ਨਾ ਕੁਛ ਵੀ ਸਰੀ ।। ਮੁਝ ਪਰ ਆਪ ਅਨੁਗ੍ਰਹਿ ਕੀਨੀ, ਭਾਰੀ ਕੀਨਾ ਪਰ ਉਪਕਾਰ । ਮੁਸ਼ਕਲ ਵਕਤ ਮੇਂ ਕਰੀ ਸਹਾਇਤਾ, ਲਈ ਛੁੜਾਇ ਜੋ ਮੇਰੀ ਨਾਰ ।। ਨਰਿਪ ਨੇ ਘਨੀ ਬੜਾਈ ਕੀਨੀ, ਨਾਰਦ ਮੁਨੀ ਜੀ ਹੋਏ ਤਿਆਰ। ਆਦਰ ਭਾਵ ਸੇ ਤੋਰਨ ਗਿਆ ਹੈ ਝੁਕ ਝੁਕ ਕਰਤਾ ਹੈ ਜੋਹਾਰ ।।ਇਸਤਰੀ ਪੁਤਰ ਪਾ ਖੁਸ਼ ਹੂਆ, ਕੰਠ ਸਾਥ ਪ੍ਰਹਿਲਾਦ ਲਾਇਆ।ਨਾਰ ਮੇਰੀ ਕੋ ਬਾਂਧ ਲੇ ਗਿਆ, ਪਿਛਲਾ ਵੈਰ ਤੋਂ ਯਾਦ ਆਇਆ ।।ਰਾਖਸ਼ਸੋਂ ਕੀ ਸੇਨਾ ਘਨੀ ਲੇਕਰ, ਇੰਦਰ ਸਾਥ ਕੀਆ ਹੈ ਯੁੱਧ।ਸਵਰਗ ਪੁਰੀ ਕੋ ਲੂਟ ਲੀਆ ਹੈ ਮੇਘਪਤੀ ਕੋ ਕੀਆ ਬੇ ਸੁੱਧ ।।ਮਾਰੇ ਖੌਫ਼ ਕੇ ਦੇਵਤਾ ਭਾਗੇ, ਗਿਰਿ ਕੰਦਰਾ ਮੇਂ ਜਾਏ ਬਸੇ।ਇੰਦਰ ਕਾ ਕੁਛ ਪਤਾ ਨਾ ਲਾਗਾ, ਕਿਸ ਮਕਾਨ ਮੇਂ ਜਾਇ ਧਸੇ।। ਕਬਜਾ ਕੀਆ ਸਵਰਗ ਪੁਰੀ ਮੇਂ ਅਪਨਾਂ ਦਾਸ ਹੈ ਬਿਠਲਾਇਆ।ਦੇਵਰਾਜ ਕੋ ਜੀਤ ਲਿਆ ਹੈ, ਡੰਕਾ ਅਪਨਾ ਬਜਵਾਇਆ ।।

ਭਜਨ

ਟੇਕ : ਪ੍ਰਭੂ ਜੀ ਤੇਰੀ ਮਹਿਮਾ ਅਪਰਮ ਅਪਾਰ.....ਇਕ ਰਾਜੇ ਹੈ ਰਾਜ ਕਰੇਂਦੇ, ਇਕ ਟੁਕੜੇ ਨੂੰ ਅਵਾਜਾਰ ਇਕ ਪੰਡਤ ਹੈ ਗੁਣੀ ਘਨੇਰੇ ਇਕ ਮੂਰਖ ਗਵਾਰ..

ਇਕਨਾ ਦੇ ਤਨ ਸੁੰਦਰ ਰਹਿੰਦੇ , ਇਕ ਰਹਿਣ ਹਮੇਸ਼ ਬੀਮਾਰ ਇਕ ਰੁਪਈਆ ਵਿਆਜੂ ਤੋਰਨ ਇੱਕ ਲੈਂਦੇ ਹੈ ਉਧਾਰ.....

ਇਕ ਗਊਆ ਨੂੰ ਮਾਤ ਕਰ ਪੂਜਣ, ਇਕ ਫੇਰਨ ਤਲਵਾਰ ਭਿਖਾਰੀ ਨੂੰ ਰਾਜ ਬਿਠਾਵੇਂ, ਰਾਜਾ ਬਨੇ ਹੈਂ ਗਦਾਰ.....

ਇੰਦਰ ਸੇ ਬੈਕੁੰਠ ਛਿਨਾਇਆ, ਰਾਖਸ਼ ਕੀਆ ਸਰਦਾਰ ਦਾਸਨ ਦਾਸ ਕਹੇ ਭਗਵਨ ਕਾ, ਅੰਤ ਨਾ ਪਾਰਾ ਵਾਰ...

ਛੰਦ: ਦੈਂਤ ਦੇਵਤਾ ਪਰਮਾਤਮ ਨੇ, ਸਗਰੇ ਪੈਦਾ ਹੈ ਕੀਏ ।ਜੈਸੇ ਕਰੇ ਭਰੇ ਫਿਰ ਵੈਸੀ ਕਰਨੀ, ਕੇ ਫਲ ਸਭ ਕੋ ਦੀਏ ।। ਥੋੜੇ ਦਿਨਾਂ ਮੇਂ ਹਰਨਾਖਸ ਨੇ ਤੀਨ ਲੋਕ ਵਸ ਕਰ ਲੀਨੇ । ਬਲਵਾਨ ਨਰਿੰਪੋਂ ਕੋ ਜੀਤ ਲੀਆ ਹੈ, ਸਭ ਅਪਨੇ ਅਧੀਨ ਕੀਨੇ ।।

ਭਗਤ ਮਲ ਸੰਗੀਤ-77

ਅਪਨੇ ਨਾਮ ਕੀ ਫੇਰੀ ਦੋਹੀ ਸਬ ਕੋ ਲਗਾ ਦੇਵਨ ਦੁੱਖ। ਮਾਰੇ ਕੂਟੇ ਉਸ ਕੋ ਜਿਆਦਾ, ਰਾਮ ਕਾ ਨਾਮ ਜੋ ਲਵੇ ਮਨੁੱਖ ।। ਅਪਨਾ ਨਾਮ ਜਪਾਵੇ ਸਭ ਤੋਂ ਮਾਰੇ ਖੋਫ ਕੇ ਲੋਗ ਜਪਨ । ਪ੍ਰਭੂ ਕਾ ਨਾਮ ਲਵੇ ਜੇ ਕੋਈ, ਕਰਤਾ ਉਸ ਕੇ ਪਰਾਨ ਖਪਨ ।। ਧੇਨੂੰ ਦਿਜ ਔ ਗਰੀਬ ਦੇਵਤਾ ਸੰਤ ਭਗਤ ਕੇ ਦੇਵੇ ਦੁੱਖ। ਨਾਮ ਜਪੇ ਹਰਨਾਖਸ ਕਾ ਜੋ ਤਨ ਕਰ ਰਹੇ ਖੁਸੀ ਮਨੁੱਖ ।। ਧਰਨੀ ਕੋ ਲੀਆ ਸਾਥ ਦੇਵਤਾ, ਬਿਧੀ ਕੋਲ ਜਾ ਕਰੀ ਪੁਕਾਰ । ਰਾਖਸ ਕੋ ਵਰ ਦੀਏ ਮਨ ਵਾਂਛਤ ਦੁਖੀ ਹੂਆ ਸਗਰਾ ਸੰਸਾਰ ।।

ਦੋਹਿਰਾ: ਬ੍ਰਹਮਾ ਜੀ ਕਹਿਨੇ ਲਗੇ, ਹਮਰੇ ਨਾ ਕੁੱਛ ਵੱਸ ।। ਤਪ ਉਸ ਨੇ ਉਗਰ ਕੀਆ, ਵਰ ਮੈਂ ਦੀਨਾ ਹੰਸ ।।

ਛੰਦ: ਕਰਨ ਕਾਰਨ ਇੱਕ ਹੈ ਪਰਮਾਤਮ, ਜਿਸਨੇ ਜਗਤ ਰਚਾਇਆ ਹੈ। ਆਸਰੇ ਅਪਨੀ ਸੱਤਾ ਕੇ ਸਭ ਪ੍ਰਪੰਚ ਠਹਿਰਾਇਆ ਹੈ।। ਉਸ ਕੇ ਆਗੇ ਕਰੋ ਬੇਨਤੀ, ਮੈਂ ਵੀ ਚਲਾ ਤੁਮਹਾਰੇ ਸਾਥ ।। ਸਭੀ ਮਨੋਰਥ ਪੂਰਨ ਹੋਵਣ, ਜਾਇ ਨਿਵਾਤੇ ਹੈ ਸਭ ਮਾਥ ।।

ਦੋਹਿਰਾ: ਖੀਰ ਸਮੁੰਦਰ ਮੇਂ ਗਏ, ਦੇਵਤਾ ਕੋ ਲੈ ਸੰਗ ।। ਉਸਤਤ ਪ੍ਰਭੂ ਕੀ ਕਰਤਾ ਹੈ ਮਨ ਮੇਂ ਧਾਰਿ ਉਮੰਗ ।।

ਭਜਨ

ਟੇਕ:

ਦਰਸ ਅਪਨਾ ਹੇ ਪਰਮਾਤਮ ਦਿਖਾਦੋਗੇ ਤੋਂ ਕਿਆ ਹੋਗਾ.....

ਸ਼ਰਣ ਹਮ ਆਪਕੀ ਆਏ ਮਿਟਾਵੇ ਦੁੱਖ ਜੋ ਸਾਰਾ ਮੁਰਝਾਇਆ ਦਿਲ ਕਮਲ ਸਭ ਕਾ ਖਿਲਾ ਦੋਗੇ ਤੋਂ ਕਿਆ ਹੋਗਾ.....

ਜਿਹ ਧਰਤੀ ਭਾਰ ਨਾ ਸਹਿਤੀ ਵਿਆਕੁਲ ਹੋਇ ਕਰ ਆਈ ਟੂਟ ਗਈ ਧੀਰਜੇ ਸਭ ਕੀ ਧਰਾ ਦੋਗੇ ਤੋਂ ਕਿਆ ਹੋਗਾ.....

ਜੁਲਮ ਭਾਰਤ ਮੇਂ ਕਰਤਾ ਹੈ ਜੋ ਰਾਖਸ ਬੜਾ ਹੀ ਅਭਿਮਾਨੀ ਸੋਇਆ ਅਗਿਆਨ ਸੇਜਾ ਪਰ ਜਗਾ ਦੋਗੇ ਤੋਂ ਕਿਆ ਹੋਗਾ.... ਤੇਰੇ ਹੀ ਨਿੱਤ ਦਰਸ਼ਨ ਕੀ ਲਗੀ ਹੈ ਪਿਆਸ ਹੇ ਭਗਵਨ ਦਾਸਨ ਦਾਸ ਕੋ ਦਰਸ਼ਨ ਦਿਖਾਦੋਗੇ ਤੋਂ ਕਿਆ ਹੋਗਾ......

ਦੋਹਿਰਾ: ਅਕਾਸ਼ਵਾਣੀ ਤਬ ਹੀ ਭਈ, ਚਿੰਤਾ ਨਾ ਕਰ ਮੂਲ ।। ਅਭਿਮਾਨੀ ਅਬ ਨਾ ਰਹੂ ਹੋ ਜਾਉ ਅਨੁਕੂਲ ।।

ਛੰਦ:  ਚਿੰਤਾ ਨਾ ਕਰੋ ਧੀਰਜ ਧਰ ਲੋ, ਸਭ ਕੰਮ ਸੁਧ ਹੋ ਜਾਵੇਗੇ। ਹਰਨਾਖਸ਼ ਕਾ ਨਾਸ ਹੋਵੇਗਾ। ਸਰਗੁਣ ਰੂਪ ਬਨਾਵੇਗੇ ।। ਰਾਖਸ਼ ਕੇ ਗ੍ਰਿਹਿ ਸੁਤ ਉਪਜਾ ਹੈ, ਮੇਰੀ ਭਗਤਿ ਕਮਾਵੇਗਾ। ਉਸ ਕੇ ਸਾਥ ਜਦੀ ਵੈਰ ਕਰੇਗਾ, ਭਗਤ ਕੇ ਕਸ਼ਟ ਪਹੁੰਚਾਵੇਗਾ ।।

ਭਗਤ ਮਾਲ ਸੰਗੀਤ -78

ਪ੍ਰਹਿਲਾਦ ਕੀ ਰਖਸ਼ਾ ਕਰਨੇ ਖਾਤਿਰ, ਫਿਰ ਧਾਰਾਗਾ ਅਵਤਾਰ। ਤੁਮਰੇ ਕਸ਼ਟ ਸਭ ਦੂਰ ਕਰਾਂਗਾ, ਹਰਨਾਖਸ ਕੋ ਦੇਊ ਮਾਰ ।।

ਦੋਹਿਰਾ : ਜਿਹ ਸੁਨ ਦੇਵਤਾ ਹੂਏ ਖੁਸ਼ ਚਲੇ ਗਏ ਨਿੱਜ ਧਾਮ ।। ਐ ਮਨ ਤੂੰ ਵੀ ਨਾਮ ਜਪ, ਕੁਛ ਨਹੀਂ ਲਗਤਾ ਦਾਮ ।।

ਬੈਂਤ:   ਉੜਕ ਏਸ ਜਹਾਨ ਤੋਂ ਕੂਚ ਕਰਨਾ ਮਹਿਲ ਮਾੜੀਆ ਐਵੇ ਉਸਾਰ ਬੈਠਾ । ਝੂਠੇ ਤਨ ਦੇ ਨਾਲ ਪ੍ਰੀਤ ਪਾ ਕੇ, ਗਹਿਣੇ ਕਪੜੇ ਪਾ ਸ਼ਿੰਗਾਰ  ਬੈਠਾ ।। ਝੂਠੇ ਧੰਦਿਆ ਵਿੱਚ ਤੋਂ ਉਮਰ ਗਾਲੀ ਸਚੇ ਸਾਂਈ ਨੂੰ ਮਨੋ ਵਿਸਾਰ ਬੈਠਾ। ਸੁੰਦਰ ਜਨਮ ਅਮੋਲਕ ਸੀ ਹੱਥ ਆਇਆ ਵਿੱਚ ਜੂਏ ਦੇ ਇਸ ਨੂੰ ਹਾਰ ਬੈਠਾ ।। ਤੇਰੇ ਨਾਲ ਦਾ ਸਾਥ ਨਾ ਨਜਰ ਆਵੇ ਦਿਲ ਅਪਨੇ ਤੂ ਕੀ ਧਾਰ ਬੈਠਾ। ਮੌਤ ਕੂਕਦੀ ਹੈ ਖੜੀ ਰੋਜ ਸਿਰ ਪਰ, ਹੋਊ ਪਰੇ ਕਰਕੇ ਤੂੰ ਤਾਂ ਟਾਰ ਬੈਠਾ । ਮੁਸਲਮਾਨ ਦਾ ਛੇਕੜੇ ਕਬਰਵਾਸਾ ਹਿੰਦੂ ਵਾਸਤੇ ਸਿਵਾ ਤਿਆਰ ਬੈਠਾ । ਭਗਤ ਹੇਤ ਅਵਤਾਰ ਜੋ ਧਾਰਦਾ ਹੈ, ਮਨਾ ਕਾਸ ਨੂੰ ਨਾਮ ਵਿਸਾਰ ਬੈਠਾ ।।

ਦੋਹਿਰਾ:  ਜਿਹ ਅਧਿਆਇ ਪੂਰਾ ਹੂਆ, ਗੁਰੂ ਹੁਏ ਕ੍ਰਿਪਾਲ । ਨਰ ਸਿੰਘ ਜੋ ਅਵਤਾਰ ਕੀ ਆਗੇ ਕਥਾ ਰਸਾਲਿ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਹਰਨਾਕਿਸ਼ਪ ਬਧ ਹਰਣਾਖਸ ਰਾਜ ਨਾਮ ਬਾਰਵਾਂ ਅਧਿਆਇ ਸਮਾਪਤਮ ।।੧੨ ।। ਸਤਿ  ਕਰਤਾਰ**

ਭਗਤ ਮਾਲ ਸੰਗੀਤ-79

ੴ ਸਤਿਗੁਰ ਪ੍ਰਸਾਦਿ ।।

**<u>ਅਥ ਨਰ ਸਿੰਘ ਅਵਤਾਰ ਜੀ ਦਾ ਪ੍ਰਸੰਗ -13</u>**

ਸਲੋਕ।।  ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ।।

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ।। ੨੦ ।।[ਸ੍ਰੀ ਸੁਖਮਨੀ ਸਾਹਿਬ]

ਸ੍ਰੀ ਗੁਰੂ ਦੇਵ ਕੇ ਚਰਨ ਕਵਲ ਪਹਿਲੇ ਸੀਸ ਨਿਵਾਇ ।। ਨਰ ਸਿੰਘ ਜੀ ਅਵਤਾਰ ਕੀ ਸਾਖੀ ਕਹੂੰ ਸੁਨਾਇ ।।

ਗੁਰਬਾਣੀ : ਬਸੰਤ ਕਬੀਰ ਜੀਉ (ਪੰਨਾ ੧੧੯੪]

ਓਇ ਪਰਮ ਪੁਰਖ ਦੇਵਾਧਿ ਦੇਵ।। ਭਗਤਿ ਹੇਤਿ ਨਰ ਸਿੰਘ ਭੇਵ ।। ਕਹਿ ਕਬੀਰ ਕੋ ਲਖੈ ਨ ਪਾਰ ਪ੍ਰਹਿਲਾਦ ਉਧਾਰੇ ਅਨਿਕ ਬਾਰ ।। ੫ ।। ੪ ।।

ਦੋਹਿਰਾ: ਪਾਂਚ ਵਰਸ਼ ਕੇ ਜਬ ਹੂਏ, ਭਗਤ ਪ੍ਰਹਿਲਾਦ ਜੀ ਬਾਲ ।ਮੀਠੇ ਮੀਠੇ ਵਚਨ ਕਰ ਸਭ ਮੋਹੇ ਪਾਜਾਨ ।।

ਛੰਦ: ਮਾਤਾ ਪਿਤਾ ਕੋ ਲਗੇ ਪਿਆਰਾ, ਦੇਖ ਲੀਆ ਹੂਆ ਹੁਸ਼ਿਆਰ । ਸ਼ੁਕਰ ਪਾਸ ਹੈ ਪੜਨੇ ਪਾਇਆ, ਸੁਤ ਸੇ ਕਰਤੇ ਘਨਾ ਪਿਆਰ ।। ਕਈ ਦਿਨ ਗੁਜਰੇ ਜਬ ਪੜਤੇ ਕੋ, ਪ੍ਰਹਿਲਾਦ ਕੋ ਲੀਨਾ ਪਾਸ ਬਿਠਾਇ।। ਐ ਪੁੱਤਰ ਤੂ ਕੀ ਕੁਛ ਪੜਿਆ, ਮੁਝਕੋ ਅਪਨਾ ਸਬਕ ਸੁਨਾਇ ।।

ਦੋਹਿਰਾ: ਪ੍ਰਹਿਲਾਦ ਭਗਤ ਕਹਿਨੇ ਲਗੇ, ਸੁਨੋ ਸਬਕ ਹੇ ਬਾਪ ।। ਰਾਮ ਨਾਮ ਮੈਨੇ ਪੜਾ ਜਿਸ ਸੇ ਦੂਰ ਹੋ ਪਾਪ ।।

ਛੰਦ: ਜਦੋਂ ਇਹ ਬਾਤ ਸੁਨੀ ਰਾਖਸ ਨੇ, ਨੇਤਰ ਲਾਲੁ ਕੀਏ ਰਿਸਖਾਇ ।। ਸ਼ੁਕਰ ਕੇ ਸੁਤ ਸੰਡਾ ਮਰਕੈ ਜੁਗਲ ਕੋ ਲੀਨਾਂ ਤੁਰੰਤ ਬੁਲਾਇ ।। ਕਹਿਨ ਲਗਾ ਤੁਮ ਸੁਨ ਲਵੋ, ਬਿਪੋ ਸੁਤ ਮੇਰੇ ਕਾ ਕਰੋ ਸੁਧਾਰ । ਜੋ ਮੇਰਾ ਹੈ ਦੁਸ਼ਮਨ ਭਾਰਾ, ਤਿਸ ਕਾ ਨਾਮ ਇਹ ਕਰੇ ਉਚਾਰ ।। ਤੁਮਹੀ ਭਲਾ ਬਤਲਾਓ ਮੁਝਕੋ, ਮੇਰੇ ਸਿਵਾ ਕੌਨ ਵਿਸ਼ਨ ਕਾ ਧਾਮਿ। ਇਸਕੀ ਬੁੱਧੀ ਤੋਂ ਮਿਲਿਨ ਭਈ ਹੈ ਕੁਟਿਲ ਸੁਭਾਓ ਜੋ ਕਹਿਤਾ ਰਾਮ ।। ਜਦੀ ਜਹ ਬਾਤ ਕਹੀ ਭੂਪਤ ਨੇ, ਭਗਤ ਕੋ ਪਕੜ ਲੀਆ ਤਿਹ ਕਾਲ। ਸਮਝਾਨੇ ਕੇ ਲੀਏ ਲੇ ਗਏ ਸੰਡਾ ਮਰਕੈ ਅਪਨੇ ਨਾਲ ।। ਵਿਸ਼ਨ ਕਾ ਨਾਮ ਨਾਂ ਲਵੇਂ ਭੂਲ ਕਰ, ਉਸ ਕਪਟੀ ਕੀ ਸੁਨ ਤੂ ਬਾਤ। ਬਹੁਤੇਰੇ ਸੋ ਧੋਖਾ ਕੀਆ, ਬਾਤ ਜਗਤ ਮੇਂ ਹੈ ਵਿਖਿਆਤ ।। ਮੰਦਰਾਚਲ ਪਰਬਤ ਉਖੇੜਾ, ਬਾਸਕ ਨੇਤਾ ਲੀਆ ਬਨਾਇ । ਸਮੁੰਦਰ ਕੋ ਰਿੜਕਾਇਆ ਹੈ ਵੋਹ ਵਿਚਾਰਾ ਦੀਆ ਸਤਾਇ ।। ਜਿਤਨੇ ਉਨਕੇ ਪਾਸ ਰਤਨ ਥੇ, ਸਗਰੇ ਹੀ ਫਿਰ ਖੋਸ ਲੀਏ। ਲੱਛਮੀ ਸਰੇਸ਼ਟ ਆਪ ਰੱਖ ਲੀ ਬਿਖ ਮਦਿਰਾਂ ਫਰਾਮੋਸ਼ ਕੀਏ ।।



ਲੱਛਮੀ ਤੋ ਘਰ ਘਰ ਨਾਚੇ ਕਬਹੂੰ ਨ ਨਹੀ ਪਾਤੀ ਹੈ।ਕਪਟ ਕੀਏ ਕਾ ਇਹ ਫਲ ਮਿਲਿਆ ਚੌਗਿਰਦ ਫਿਰੇ ਸ਼ਰਮਾਤੀ ਹੈ। ਦੂਜੀ ਬਾਤ ਸੁਨੋ ਹੇ ਪੁੱਤਰ ਸਾਇਰ ਕੋ ਜੋ ਕਸ਼ਟ ਦੀਆਂ। ਤਿਸਕੇ ਸਰਾਪ ਕਰ ਵਿਸ਼ਨ ਤੁਮਹਾਰਾ,

ਕੱਛੂ ਕੀ ਹੈ ਜੂਨ ਭਿਆ ।। ਵੇਦ ਪੜਨ ਕੀ ਇੱਛਾ ਕਰਕੇ ਸੁੱਖਾ ਸੁਰ ਨੇ ਵੇਦ ਲੀਏ। ਉਸ ਵਿਚਾਰੇ ਕੋ ਮਾਰ ਦੀਆਂ ਤੇ ਵੈਦ ਖੋਸ ਬਿਧਿ ਕੋ ਦੀਏ ।। ਤੁਮਰੇ ਪਿਤਾ ਕਾ ਭਾਈ ਸੂਰਮਾ ਨਿਰ ਅਪਰਾਧ ਹੈ ਦੀਨਾ ਮਾਰਿ। ਚਾਚੇ ਸਾਹਿਬ ਕਾ ਦੁਸ਼ਮਣ ਹੈ ਜੋ, ਤੂ ਜਪਤਾ ਹੈ ਨਾਮ ਮੁਰਾਰਿ ।। ਅਪਨੇ ਪਿਤਾ ਕਾ ਵੈਰ ਨਾ ਲੇਵੇ ਸੋਈ ਕਪੂਤਰ ਕਹਿਲਾਤਾ ਹੈ। ਤਬ ਵੈ ਸੂਕਰ ਕੂਕਰੀਓ ਕੇ ਹੀ ਸਮਾਨ ਬਨ ਜਾਤਾ ਹੈ।। ਅਪਨੇ ਕੁੱਲ ਕੀ ਰੀਤੀ ਨਾ ਛੋੜੋ ਨਾਮ ਜਪੋ ਤੁਮ ਪਿਤਾ ਔਰ ਮਾਤ। ਤੁਮਹਾਰੇ ਪਿਤਾ ਕਾ ਤੇਜ ਹੈ ਭਾਰੀ ਇਸ ਕੋ ਰਾਮ ਜਾਨੋ ਸਾਖਸ਼ਾਤ ।।

ਦੋਹਿਰਾ: ਜਿਹ ਸੁਨ ਕਰਿ ਪ੍ਰਹਿਲਾਦ ਨੇ ਕਰ ਦੀਨੀ ਪ੍ਰਣਾਮ ।। ਬਿਪਰ ਤੋਂ ਮੁੱਖ ਧੰਨ ਹੈ ਲੀਨਾ ਰਾਮ ਕਾ ਨਾਮ ।।

ਛੰਦ: ਭਗਵੰਤ ਕੇ ਨਾਮ ਕੇ ਹਿਤ ਕਰਕੇ, ਚਾਹੇ ਵੈਰ ਭਾਵ ਸੇ ਲੇਤਾ ਹੈ। ਸੰਸਾਰ ਸਮੁੰਦਰ ਗਹਿਰਾ ਹੈ ਜੋ ਇਸ ਤੇ ਪਾਰ ਉਤਰੇਤਾ ਹੈ ।। ਸ਼ਾਇਰ ਕੀ ਜੋ ਕਹੀ ਵਾਰਤਾ ਤਿਸ ਨੇ ਗਰਵ ਕੀਆ ਥਾ ਭਾਰੀ। ਇਸ ਲੀਏ ਉਸ ਸੇ ਰਤਨ ਨਿਕਾਲੇ, ਹੂਆ ਥਾ ਜੋ ਹੰਕਾਰੀ ।। ਲੱਛਮੀ ਕੀ ਜੋ ਬਾਤ ਕਹੀ ਤੌਂ, ਤੀਨ ਲੋਕ ਮੇਂ ਕੋਈ ਨਾ ਘਰ। ਰਾਖਨ ਕੋ ਸਮਰਥ ਨਾ ਕੋਈ, ਇਸ ਲੀਏ ਰਾਖੀ ਹੈ ਹਰਿ ।। ਸੰਖਾਸੁਰ ਕੀ ਬਾਤ ਕਹੀ ਜੋ ਵੇਦ ਚੁਰਾਏ ਥਾ ਵੋਹ ਚੋਰ।ਧਰਮ ਕੋ ਉਸ ਨੇ ਭ੍ਰਸ਼ਟ ਕੀਆ ਜਮੋ ਕੇ ਸਾਥ ਦੀਆ ਤਬੀ ਤੋਰ ।।ਹਰਨਾਕਸ਼ਿਪ ਕੀ ਬਾਤ ਕਹੀ ਜੋ, ਭੂਮੀ ਕੋ ਉਨ ਕਸ਼ਟ ਦੀਆ। ਦੁਖ ਹਰਨ ਜੋ ਨਾਮ ਪ੍ਰਭੂ ਕਾ ਤਬ ਹੀ ਦੈਂਤ ਕਾ ਨਾਸ ਕੀਆ ।।ਸਰਵ ਗੁਣੇ ਭਰਪੂਰ ਸੁਆਮੀ, ਸਭ ਕਾ ਕਰਤਾ ਹਰਤਾ ਹੈ।ਤੁਮ ਵੀ ਨਾਮ ਜਪੋ ਦਿਲ ਲਾਕਰ, ਜੋ ਸਭਨਾ ਕਾ ਕਰਤਾ ਹੈ ।।

ਗੁਰਬਾਣੀ: ਸੋਧਤ ਸੋਧਤ ਤਤੁ ਬਿਚਾਰਾ ਬਿਨੁ ਹਰਿ ਭਜਨ ਨਹੀਂ ਛੁਟਕਾਰਾ ।।

ਭਗਤ ਮਾਲ ਸੰਗੀਤ-81

ਭਜਨ

ਟੇਕ: ਰਾਮ ਨਾਮ ਸਾਰ ਜਗ ਮੋ ਚਾਹੀਏ ਜੀ ਧਿਆਨ ਲਾਵਨਾ.....

ਮਾਨਸ ਜਨਮ ਅਮੋਲਕ ਪਿਆਰੇ ਕਾਂਚ ਕੇ ਬਦਲੇ ਲਾਲ ਕਿਉਂ ਹਾਰੇ। ਨਾਮ ਕੋ ਜੋ ਨਹੀ ਜਪਤੇ ਆਖ਼ਿਰ ਪਛਤਾਵਨਾ..... ਔਖੀ ਵੇਲੇ ਹੈ ਰਾਮ ਸਹਾਈ, ਨਿਸ ਦਿਨ ਬੰਦਿਆ ਧਿਆਨ ਜਮਾਈ ਜਮ ਜਾਲ ਤੋੜ ਕਰਕੇ ਪ੍ਰਭੂ ਜੀ ਦੇ ਧਾਮ ਜਾਂਵਨਾ.... ਦੇਵਤਾ ਰਿਸ਼ੀ ਮੁਨੀ ਧਿਆਨ ਲਗੌਂਦੇ , ਨਾਮ ਜਪੇ ਸੋਈ ਮੁਕਤੀ ਪਾਉਂਦੇ ਸੁਖ ਸਭੀ ਆਨ ਮਿਲਦੇ ਪਰਮ ਪਦ ਪਾਂਵਨਾ .....

ਨਾਮ ਪ੍ਰਭੂ ਕਾ ਹੈ ਦੀਨ ਦਿਆਲੂ ਭਗਤੋਂ ਕੇ ਰੱਖਿਅਕ ਔ ਕ੍ਰਿਪਾਲੁ ਦਾਸਨ ਦਾਸ ਕਹੇ ਚਾਹੀਏ ਜੀ ਜੱਸ ਗਾਂਵਨਾ.....

ਦੋਹਿਰਾ : ਸੰਡੈ ਮਰਕਾ ਨੇ ਸੁਨਾ ਦੋਨੋ ਹੂਏ ਖਾਮੋਸ਼।। ਉਤਰ ਕਛੂ ਨਾ ਦੇ ਸਕੇ ਹੋ ਗਿਆ ਸੀਤਲ ਜੋਸ਼ ।।

ਦੋਹਿਰਾ: ਬਾਲ ਪੜਨ ਚਟਸਾਲ ਮੋ ਰਿਸ਼ੀ ਗਏ ਨਿੱਜ ਕਾਮ। ਪ੍ਰਹਿਲਾਦ ਭਗਤ ਕਹਿਨੇ ਲਗੇ ਐ ਭਾਈਓ ਜਪੋ ਨਾਮ ।। ਜੋ ਰਚਨਾ ਤੁਮ ਦੇਖਤੇ ਜਗਤ ਹੈ ਸੁਪਨ ਸਮਾਨ। ਐ ਵੀਰੋ ਤੁਮ ਕੋ ਕਹੂੰ ਕਰੋ ਭਜਨ ਭਗਵਾਨ ।।

ਛੰਦ : ਸੁਨ ਕਰ ਬਾਲਕ ਕਹਿਨ ਲਗੇ, ਐ ਵੀਰਨ ਸੁਨ ਹਮਰੀ ਬਾਤ। ਹਮ ਤੁਮ ਜਨਮੇ ਰਾਖਸ਼ ਕੁਲ ਮੇਂ ਤੁਮਰੀ ਹਮਰੀ ਇਕੋ ਜਾਤ ।। ਹਮ ਕੋ ਹਾਸਲ ਹੂਈ ਨਾ ਵਿੱਦਿਆ, ਭਜਨ ਸੀਖ ਲਿਆ ਕਿਸ ਸੇ ਆਪ । ਤੁਮਰਾ ਕਹਿਨਾ ਮਾਨ ਲੀਆ ਜੇ, ਖਫਾ ਹੋਂਗੇ ਗੁਰ ਮਾਂ ਔਰ ਬਾਪ ।। ਪ੍ਰਹਿਲਾਦ ਜੀ ਬੋਲੇ ਸੁਨੋ ਤੁਮ ਭਾਈਓ ਨਾਰਦ ਜੀ ਨੇ ਦੀਆ ਉਪਦੇਸ। ਸਤਸੰਗਤ ਹੈ ਸਾਰ ਜੋ ਵਸਤੂ ਇਸ ਪਰ ਮੁਝ ਕੋ ਲਾਗੀ ਲੇਸ਼ ।। ਤੁਮ ਵੀ ਐਸਾ ਨਿਸਚਾ ਕਰ ਲੋ ਮਾਨ ਲਵੇਂ ਮੇਰਾ ਕਹਿਨਾ। ਅਗਿਆਨ ਕੀ ਨਿਦਰਾ ਸੋ ਤੁਮ ਜਾਗੋ ਸਤਸੰਗਤ ਮੇਂ ਜਾ ਬਹਿਨਾ ।।

ਬੈਤ: ਉਠੋ ਜਾਗੋ ਭਰਾਵੋ ਮੇਰਿਓ ਤਮ ਵੇਲਾ ਜਾਗਣੇ ਦਾ ਸੋਜਾਂਵਨਾ ਨਹੀਂ ।। ਸੁੰਦਰ ਜਨਮ ਮਨੁੱਖ ਦਾ ਮਿਲਿਆ ਜੇਕਰ ਬਦਲੇ ਕੋਡੀ ਦੇ ਲਾਲ ਗਵਾਵਨਾਂ ਨਹੀਂ।। ਰਾਮ ਰਾਮ ਕਰਨਾ ਰੋਜ ਦਿਨੇ ਰਾਤੀ ਹੋਵੇ ਕੋਈ ਤਕਲੀਫ਼ ਘਬਰਾਵਨਾਂ ਨਹੀਂ।। ਚਾਹੇ ਰਾਮ ਦਾ ਨਾਮ ਨਾਂ ਲੈਣ, ਰਾਖ਼ਸ਼ ਤੁਸੀ ਰਾਮ ਦਾ ਨਾਮ ਭੁਲਾਵਣਾਂ ਨਹੀਂ।।

ਗੁਰਬਾਣੀ: ਕਬੀਰ ਮਾਨਸ ਜਨਮ ਦੁਲੱਭ ਹੈ ਹੋਇ ਨਾ ਬਾਰੈ ਬਾਰ ।।ਜਿਉ ਬਨ ਫਲ ਪਾ ਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ।।੩੦।।

[ਗੁਰਬਾਣੀ ਪੰਨਾ ੧੩੬੬)



ਬੈਂਤ : ਮਾਨਸ ਜਨਮ ਦੁਰਲੱਭ ਜੋ ਲਿਖਿਆ ਹੈ, ਮਾਨਸ ਜਨਮ ਨਹੀ ਬਾਰੰਬਾਰ ਭਾਈਓ। ਸਾਸ ਜਾਂਵਦੇ ਰੋਜ਼ ਦੀ ਰੋਜ਼ ਐਵੇ ਯਾਦ ਕਰਦੇ ਕਿਉਂ ਨਹੀਂ ਕਰਤਾਰ ਭਾਈਓ ।। ਇਹ ਝੂਠੀ ਪੜਾਈ ਨਾ ਕੰਮ ਆਉਣੀ, ਪੜ ਲਉ ਰਾਮ ਪੜਾਈ ਜੋ ਸਾਰ ਭਾਈਉ। ਝੂਠੀ ਦੁਨੀਆ ਇੱਕ ਦਿਨ ਛੋੜ ਜਾਣੀ ਮੁੜ ਆਉਣਾ ਨਹੀਂ ਏਸ ਬਾਜਾਰ ਭਾਈਓ ।। ਇੱਕ ਮਨ ਹੋ ਕੇ ਰਾਮ ਰਾਮ ਜਪ ਲੈ, ਜਨਮ ਮਰਨ ਦਾ ਲੱਥ ਜਾਇ ਭਾਰ ਭਾਈਓ। ਮਹਿਲ ਮਾੜੀਆ ਤਰਫ਼ ਨਾ ਖਿਆਲ ਲਾਵੋ, ਛੋੜ ਜਾਵਨੇ ਲੱਖ ਹਜਾਰ ਭਾਈਓ ।। ਮੇਰੇ ਕਹਿਨੇ ਨੂੰ ਕਦੇ ਵਿਸਾਰਨਾਂ ਨਾ, ਜਪੋ ਰਾਮ ਬੇੜਾ ਹੋਵੇ ਪਾਰ ਭਾਈਓ। ਦਾਸਨ ਦਾਸ ਕਹਿੰਦਾ ਰਾਮ ਸਾਰ, ਵਸਤੂ ਰਾਮ ਪਾਪੀਆਂ ਨੂੰ ਦੇਵੇ ਤਾਰ ਭਾਈਓ ।।

ਭਜਨ

ਟੇਕ: ਮੇਰੇ ਵੀਰੋ ਜੀ ਕਰ ਲੋ ਵਿਚਾਰ ਜਰਾ, ਸ੍ਰੀ ਰਾਮ ਕਾ ਨਾਮ ਦਿਲ ਧਾਰਿ ਜਰਾ.....

ਪਤਿਤ ਪਾਵਨ ਨਾਮ ਪ੍ਰਭੂ ਕਾ, ਕਿਉਂ ਨਹੀਂ ਧਿਆਵਦੇ, ਛੋੜ ਜਾਣੀ ਸਭੀ ਦੁਨੀਆ, ਚਿਤ ਕਿਉਂ ਲਗਾਵਦੇ. ਮੁਸ਼ਕਲ ਵਕਤ ਨਾ ਹੁੰਦਾ ਕੋਈ ਯਾਰ ਜਰਾ, ਮੇਰੇ ਵੀਰੋ.....

ਦੇਹ ਨੇ ਤੋਂ ਖੇਹ ਹੋਣਾ, ਏਸ ਦਾ ਅਭਿਮਾਨ ਕੀ ਵੀਰਨੋ ਤੁਮ ਭਗਤੀ ਕਰ ਲੋ, ਰਾਮ ਜੀ ਭਗਵਾਨ ਕੀ ਦੀਆ ਪੱਥਰ ਕੇ ਜਿਸ ਨੇ ਤਾਰ ਜਰਾ, ਮੇਰੇ ਵੀਰੋ.....

ਅਜਾਮਲ ਅਖੀਰ ਵੇਲੇ, ਨਾਮ ਪ੍ਰਭੂ ਕਾ ਧਿਆਵਦਾ, ਅਧਮ ਪਾਪੀ ਤਾਰ ਦੀਆ, ਦੇਰ ਨਾਂਹੀ ਲਾਵਦਾ, ਪੁੱਤਰ ਹੇਤ ਲੀਆ ਦਿਲ ਧਾਰ ਜਰਾ, ਮੇਰੇ ਵੀਰੋ.....

ਛੋੜ ਦਿਉ ਤੁਮ ਕਾਮ ਸਾਰੇ, ਨਾਮ ਪ੍ਰਭੂ ਕਾ ਧਿਆਇ ਲੋ, ਜਨਮ ਸੁਫ਼ਲਾ ਕਰ ਲਵੋ, ਸ੍ਰੀ ਰਾਮ ਕੇ ਗੁਣ ਗਾਇ ਲੋ, ਦਾਸਨ ਦਾਸ ਨਾ " ਰਾਮ " ਵਿਸਾਰ ਜਰਾ ਮੇਰੇ ਵੀਰੋ....

ਦੋਹਿਰਾ: ਸੁਨ ਲੀਆ ਉਪਦੇਸ਼ ਜਬ, ਛੋੜ ਦੀਏ ਸਭ ਕਾਮ ।। ਔਰ ਪੜ੍ਹਾਈ ਤਜ ਦੇਈ ਪੜਨ ਲਗੇ ਸ੍ਰੀ ਰਾਮ ।। ਰਾਮ ਰਾਮ ਰਾਮ ਸ੍ਰੀ ਰਾਮ ਰਾਮ ਜੀ, ਰਾਮ ਰਾਮ ਰਾਮ ਸ੍ਰੀ ਰਾਮ ਰਾਮ ਜੀ....

ਦੋਹਿਰਾ: ਸੰਡਾ ਮਰਕਾ ਆ ਗਏ, ਸੁਨੀ ਰਾਮ ਕੀ ਧੁੰਨ ਵਿਗੜ ਗਏ ਸਭੀ ਚਾਟੜੇ,ਇਲਾਜ ਕਰਾ ਕੀ ਹੁਨ ।।

ਛੰਦ: ਬਾਲਕੋ ਨੇ ਜਬ ਦੇਖ ਲੀਆ, ਜੋ ਗੁਰੂ ਹਮਾਰੇ ਆਤੇ ਹੈ। ਮਨ ਮੇਂ ਰਾਮ ਰਾਮ ਹੀ ਕਰਤੇ ਗੁਰੋਂ ਸੇ ਦਹਿਸ਼ਤ ਖਾਤੇ ਹੈਂ ।। ਬਿਪਰੋ ਨੇ ਹੱਥ ਬੈਂਤ ਲਈ ਹੈ ਸਭ ਉਪਰ ਵਰਸਾਉਣ ਲਗੇ। ਸਾੜ ਸਾੜ ਕਰ ਬੈਂਤ ਬਰਸਦੀ, ਸਭ ਕੋਈ ਖ਼ੌਫ਼ ਕੋ ਖਾਣ ਲਗੇ ।। ਘਨੇ ਜਿਸ ਮੇਂ ਆ ਗਏ ਪੰਡਤ ਚਸ਼ਮੇ ਕੇ ਹੁਏ ਡੋਰੇ ਲਾਲ ।



ਪ੍ਰਹਿਲਾਦ ਭਗਤ ਕੋ ਕਹਿਣੇ ਲਗੇ, ਕਿਆ ਸਿਖਲਾਈ ਇਨਕੋ ਚਾਲ ।। ਜੈਸੇ ਅਗਨ ਪ੍ਰਚਲਤ ਹੋਵੇ, ਜਬ ਜਾਤੀ ਹੈ ਉਦਕ ਕੇ ਪਾਸ। ਤੇਜ ਅਗਨਿ ਕਾ ਦੂਰ ਜੋ ਹੋਵੇ, ਇਹ ਤਾਸੀਰ ਹੈ ਉਦਕ ਮੇਂ ਖਾਸ ।। ਜਬ ਦੇਖਾ ਪ੍ਰਹਲਾਦ ਭਗਤ ਕੋ ਕ੍ਰੋਧ ਬਿਪਰ ਕਾ ਹੁਆ ਨਾਸ। ਦੋ ਘੜੀਆਂ ਦੇ ਮਗਰੋਂ ਰਿਸ਼ੀ ਜੀ ਫਿਰ ਗਏ ਹੈ ਰਾਖਸ਼ ਪਾਸ ।।

ਗੁਰਬਾਣੀ : ਭੈਰਉ ਨਾਮਦੇਵ ਜੀ

ਸੰਡਾ ਮਰਕਾ ਜਾਇ ਪੁਕਾਰੇ ।। ਪੜੈ ਨਹੀ ਹਮ ਹੀ ਪਚਿ ਹਾਰੇ ।। ਰਾਮੁ ਕਹੈ ਕਰ ਤਾਲ ਬਜਾਵੈ, ਚਟੀਆ ਸਭੈ ਬਿਗਾਰੇ ।।੧।। [ਪੰਨਾ ੧੧੬੫]

ਦੋਹਿਰਾ: ਹਮਨੇ ਬਹੁ ਸਮਝਾਇਆ, ਸਮਝੇ ਨਾ ਹੀ ਮੂਲ।। ਵਿਗਾੜ ਦੀਏ ਸਭੀ ਬਾਲਕੇ, ਤੋੜ ਦੀਏ ਸਭੀ ਰੂਲ ।। ਰਾਜਾ ਨੇ ਜਬ ਜਿਹ ਸੁਨਾਂ, ਕੀਨੇ ਨੇਤਰ ਲਾਲ ।। ਦੂਤ ਭੇਜਿਆ ਲੈਣ ਕੋ, ਬੁਲਵਾਇਆ ਤਿਹਕਾਲ ।।

ਛੰਦ: ਐ ਮੂਰਖ ਕੀ ਸਬਕ ਸੀਖ ਲਿਆ, ਇਸ ਸਬਕ ਕਾ ਕਰਦੇ ਤਿਆਗ। ਦੁਸ਼ਮਣ ਮੇਰੇ ਕਾ ਨਾਮ ਕਿਉਂ ਲੇਤਾ, ਪੜਾ ਅਵਿਦਿਆ ਮੇ ਤੂੰ ਜਾਗ ।। ਪ੍ਰਹਿਲਾਦ ਜੀ ਕਹਿਤੇ ਐ ਪਿਤਾ ਜੀ, ਰਾਮ ਕਾ ਨਾਮ ਜਗਤ ਮੇਂ ਸਾਰ। ਤੁਮ ਵੀ ਰਾਮ ਕਹੋ ਮਨ ਲਾਕਰ, ਹੋ ਜਾਵੇਗਾ ਬੇੜਾ ਪਾਰ ।। ਏਸ ਜਨਮ ਕੋ ਸਫ਼ਲ ਕਰੋ, ਜਿਹ ਤਨ ਨਹੀਂ ਮਿਲਤਾ ਬਾਰੰਬਾਰ । ਰਾਮ ਹੀ ਰਾਮ ਕਹੋ ਮੁੱਖ ਸੇ ਤੁਮ, ਜਿਸਕੀ ਮਹਿੰਮਾ ਅਪਰਮ ਅਪਾਰ ।। ਜਬ ਜਿਹ ਬਾਤ ਸੁਨੀ ਰਾਜਾ ਨੇ, ਜਲ ਬਲ ਕੇ ਹੋ ਗਿਆ ਫਿਰ ਛਾਰ। ਕੈਸਾ ਬਾਲਕ ਪੈਦਾ ਹੂਆ, ਕੁੱਲ ਮੇਰੀ ਮੇਂ ਜੋ ਅੰਗਿਆਰ ।। ਜਨਨੀ ਕੇ ਪੇਟ ਮੇਂ ਐਸਾ ਬਾਲਕ, ਕਿਉਂ ਕਰਕੇ ਜਿਹ ਨਹੀ ਗਲਿਆ। ਇਸ ਨਾਲਾਇਕ ਪੁੱਤਰ ਕੋਲੋਂ, ਸੀਨਾ ਮੇਰਾ ਬਹੁਤ ਜਲਿਆ ।। ਇਸ ਦੁਸ਼ਟ ਕੋਲ ਜਲਦੀ ਲੇ ਜਾਓ ਮੇਰੀ ਨਜ਼ਰ ਸੇ ਕਰੋ ਪਰੇ । ਪਰਬਤ ਕੇ ਸਿਖਰੋਂ ਰੁੜਾਵੋ, ਨੀਚੇ, ਗਿਰ ਕਰ ਫੋਰਨ ਮਰੇ ।।

ਦੋਹਿਰਾ: ਹੁਕਮ ਮਾਨ ਰਾਖਸ ਗਏ, ਗਿਰਿ ਪਰ ਦੀਆ ਬਿਠਾਇ ।। ਕਹਿਨ ਲਗੇ ਪ੍ਰਹਿਲਾਦ ਕੋ, ਨਿਹੱਕ ਨਾ ਜਾਨ ਗਵਾਇ ।।

ਛੰਦ: ਤੂੰ ਵਿਸ਼ਨ ਜਿਸਨ ਕਾ ਨਾਮ ਛੋੜਕੇ, ਪਿਤਾ ਕੇ ਨਾਮ ਕਾ ਜਪ ਲੈ ਜਾਪ। ਸੰਸਾਰ ਮੇਂ ਤੁਮਰਾ ਜਸ ਹੋਵੇਗਾ, ਪਿਤਾ ਤੇਰੇ ਕਾ ਵਡ ਪ੍ਰਤਾਪ ।।

ਦੋਹਿਰਾ: ਪ੍ਰਹਿਲਾਦ ਜੀ ਤਬ ਕਹਿਨੇ ਗੇ, ਸੁਨੋ ਰਾਵ ਕੇ ਦੂਤ ।। ਪਿਤਾ ਕਾ ਹੁਕਮ ਜੋ ਕੁਟਿਲ ਹੋ, ਸੋ ਨਾ ਮਾਨੇ ਪੂਤ ।।

ਛੰਦ: ਪਰਮੇਸਰ ਤੇ ਬੇਮੁੱਖ ਹੋ ਕਰ, ਲੋਕ ਪ੍ਰਲੋਕ ਬਿਗੜ ਜਾਤੇ। ਜਿਹ ਖੋਟੀ ਸਿੱਖਿਆ ਨਹੀਂ ਮਾਨੂੰਗਾ, ਛੋੜ ਰਾਮ ਕੇ ਕਸ਼ਟ ਪਾਤੇ ।।

ਇਸ ਝੂਠੇ ਤਨ ਦੀ ਖਾਤਿਰ ਮੈਂ ਤੋ ਸ਼ੁਭ ਕਰਮੋਂ ਕਾ ਕਰੂੰ ਨਾ ਤਿਆਗ। ਕਰਨਾ ਕੂਚ ਰਹਿਣ ਜਗ ਨਾਹੀ, ਇੱਕ ਦਿਨ ਜੰਗਲ ਹੋਣਾ ਵਾਸ ।। ਨਾਮ ਪ੍ਰਭੂ ਕਾ ਸਤਸੰਗ ਕਰਨਾ, ਉਭੇ ਜਹਾਜ ਕਹਾਤੇ ਹੈ । ਸੰਸਾਰ ਸਮੁੰਦਰ ਗਹਿਰਾ ਹੈ, ਜੋ ਆਸਰਾ ਲੈ ਤਰ ਜਾਤੇ ਹੈਂ ।। ਰਾਮ ਕਾ ਮਿਸਰਨ ਕਭੀ ਨਾ ਛੋਡੂੰ, ਕਰ ਲੋ ਜੋ ਤੁਮਰੀ ਮਰਜ਼ੀ । ਆਖ਼ਿਰ ਕੋ ਤੁਮ ਪਛਤਾਵੋਂਗੇ, ਅਬ ਤੋਂ ਬਨੇ ਹੈ ਖੁਦਗਰਜ਼ੀ ।।

ਭਜਨ

ਟੇਕ: ਬਲਾ ਸੇ ਜਾਨ ਇਹ ਜਾਏ, ਨਾ ਕੋਈ ਉਜਰ ਲਾਂਵਾਗਾ.... ਹਿਰਦੇ ਮੇਂ ਰਾਮ ਵਸਿਆ ਹੈ ਕਭੀ ਨਹੀਂ ਜੋ ਭੁਲਾਵਾਂਗਾ ਕਿਸੀ ਸੂਰਤ ਬਚਨ ਨਰਿੰਪ ਕਾ ਤੋਂ ਮੈਂ ਨਹੀਂ ਮਾਨ ਸਕਤਾ ਹੂੰ ਬੇਸ਼ਕ ਜਾਨ ਚਲੀ ਜਾਏ ਪ੍ਰਭੂ ਕੇ ਗੀਤ ਗਾਵਾਂਗਾ.... ਨਸੀਹਤ ਆਪ ਕੀ ਝੂਠੀ, ਖਫਾ ਦਿਲ ਹੋਤਾ ਸੁਨ ਕਰਕੇ ਨਾ ਮੁਝ ਕੋ ਲੋੜ ਜੀਵਨ ਕੀ, ਨਾ ਤਨ ਸੇ ਪ੍ਰੀਤ ਪਾਵਾਂਗਾ.... ਜਿਹ ਮਾਨਾ ਬਾਪ ਨੇ ਡਰਦੇ ਭੁਲਾਏ ਲੋਗ ਬਹੁ ਭੋਲੇ ਮਗਰ ਉਨ ਕੀ ਤਰਾਂ ਨਾ ਮੈ ਧਰਮ ਅਪਨਾ ਗਵਾਵਾਂਗਾ..... ਹਰਦਮ ਰਾਮ ਮੇਰੇ ਸੰਗ ਵੋਹ ਰਕਸ਼ਾ ਕਰਨ ਵਾਲਾ ਹੈ, ਮੈਂ ਦਾਸਨ ਦਾਸ ਬਨ ਕਰਕੇ, ਉਮਰ ਅਪਨੀ ਬਿਤਾਵਾਂਗਾ.....

ਦੋਹਿਰਾ: ਇਤਨਾ ਸੁਨ ਜਲਾਦੋ ਨੇ ਗਿਰੀ ਸੇ ਦੀਆ ਗਿਰਾਇ। ਦੇਖ ਲਵਾਂਗੇ ਰਾਮ ਅਬ ਤੇਰੀ ਕਰੇ ਸਹਾਇ ।। ਪਵਨ ਦੇਵਤਾ ਪ੍ਰਭੂ ਨੇ ਭੇਜਾ ਭਗਤ ਕੇ ਪਾਸ਼। ਪੁਸ਼ਪ ਕੀ ਤਰ੍ਹਾਂ ਸੰਭਾਲਿਆ ਹੂਆ ਦੁਖੀ ਨਾ ਦਾਸ ।।

ਛੰਦ : ਨੀਚੇ ਜਿਮੀ ਤੇ ਗਿਰੇ ਭਗਤ ਜੀ, ਪਵਨ ਨੇ ਗੋਦ ਮੇਂ ਰਾਖ ਲੀਆ। ਸ਼ਰਮਿੰਦੇ ਤੋਂ ਜਾਲਮ ਹੋ ਗਏ, ਹਾਲ ਰਾਜਾ ਕੋ ਆਖ ਦੀਆ।। ਐ ਮਹਾਰਾਜ ਹਮ ਹੁਕਮ ਮਾਨ ਕਰ, ਗਿਰੀ ਉਪਰ ਸੇ ਦੀਆ ਰੁੜਾਇ । ਪ੍ਰਹਿਲਾਦ ਗਿਰਾ ਹੈ ਭੂਮੀ ਉਪਰ, ਜਿਸਮ ਕੋ ਲਾਗਾ ਨਹੀਂ ਅਜਾਇ ।। ਰਾਮ - ਰਾਮ ਕੇ ਗੁਨ ਗਾਤਾ ਥਾ, ਖੌਫ਼ ਨਹੀਂ ਹੈ ਕੁਛ ਖਾਇਆ। ਸੁਨ ਰਾਜਾ ਨੇ ਕ੍ਰੋਧ ਕੀਆ ਹੈ, ਰਾਖਸ਼ ਕੋ ਫਿਰ ਫੁਰਮਾਇਆ ।। ਖੂਨੀ ਹਸਤੀ ਆਗੇ ਡਾਲੋਂ, ਕਰ ਦੇਵੇਗਾ ਇਸ ਦਾ ਨਾਸ । ਕਲੇਸ਼ ਰੋਜ਼ ਦਾ ਮੁੱਕ ਜਾਵੇਗਾ, ਦੂਰ ਹੋਵੇ ਇਸ ਦਾ ਵਿਸ਼ਵਾਸ ।। ਹੁਕਮ ਮਾਨ ਕੇ ਜਲਾਦੋ ਨੇ, ਹਸਤੀ ਆਗੇ ਪਾਇਆ ਹੈ। ਪ੍ਰਹਿਲਾਦ ਭਗਤ ਕੋ ਹਸਤੀ ਨੇ, ਅਪਨਾ ਸੀਸ ਝੁਕਾਇਆ ਹੈ।। ਚੀਖ ਮਾਰ ਕੇ ਭਾਗ ਗਿਆ ਹੈ, ਮਨ ਮੇਂ ਦਹਿਸ਼ਤ ਖਾਤਾ ਹੈ।

ਭਗਤ ਮਾਲ ਸੰਗੀਤ-85

ਨਰਿੰਪ ਨੇ ਜਿਹ ਕੌਤਕ ਦੇਖਾ, ਦਿਲ ਮੇਂ ਬਹੁ ਘਬਰਾਤਾ ਹੈ ।। ਐ ਦੂਤੋ ਤੁਮ ਬਾਂਧੋ ਜਲਦੀ, ਲੋਹੇ ਕਾ ਪਾ ਲਵੋ ਜ਼ੰਜ਼ੀਰ। ਬੀਚ ਸਮੁੰਦਰ ਗੇਰ ਦੇਵੋ ਤੁਮ, ਹੋਵੇ ਨਾਸ ਇਸਕਾ ਤੋਂ ਸਰੀਰ ।। ਹੁਕਮ ਮਾਨ ਕੇ ਰਾਖਸ਼ਾਂ ਨੇ, ਸਮੁੰਦਰ ਮੇਂ ਦੀਆ ਬਹਾਇ । ਭਗਤ ਜੀ ਐਸੇ ਤਰਤੇ ਦਿਸਣ। ਜਿਉਂ ਮੁਰਗਾਈ ਕਮਲ ਤਰਾਇ ।। ਦੂਤਾਂ ਨੇ ਆ ਦੀਆ ਸੁਨੇਹਾ, ਡੂਬਾ ਨਹੀਂ ਵੋ ਤਰਤਾ ਹੈ। ਹੈਰਾਨ ਹੋ ਗਿਆ ਸੁਨਕਰ ਰਾਜਾ, ਕਿਉਂ ਨਹੀਂ ਵੋ ਮਰਤਾ ਹੈ ।।

ਦੋਹਿਰਾ: ਗਹਿਰਾ ਟੋਆ ਖੋਦ ਕੇ, ਇਸ ਕੋ ਦਿਉ ਦਬਾਇ ।। ਦੇਖ ਲਵਾਂਗਾ ਰਾਮ ਜੋ, ਕੈਸੇ ਲਊ ਬਚਾਇ।।

ਛੰਦ: ਗਾੜ ਦੀਆ ਭੂਮੀ ਮੇਂ ਭਗਤ ਕੋ ਉਸੀ ਵਕਤ ਭੂਮੀ ਗਈ ਫ਼ੱਟ। ਸਾਰੇ ਲੋਗ ਜੋ ਦੇਖਤੇ ਦੇਖਤੇ, ਭਗਤ ਜੀ ਬਾਹਰ ਆ ਗਏ ਝੱਟ ॥ ਨਰਿਪ ਨੇ ਜਬ ਜਿਹ ਕੌਤਕ ਦੇਖਾ, ਮਨ ਮੇਂ ਹੂਆ ਬੜਾ ਹੈਰਾਨ । ਆਖੋ ਮੇਂ ਤੋ ਕ੍ਰੋਧ ਭਰਾ ਹੈ, ਦੂਤ ਕੋ ਲਾਗਾ ਫਿਰ ਫੁਰਮਾਨ ॥ ਲਾਖੋ ਮਣ ਈਂਧਣ ਤੁਮ ਜੋੜੋ, ਉਸ ਕੇ ਬੀਚ ਦਿਉ ਬਿਠਲਾਇ । ਆਗ ਲਗਾਵੋ ਰਹਿਮ ਨਾ ਖਾਵੋ, ਦੇਖੂੰ ਰਾਮ ਜੋ ਲਊ ਬਚਾਇ ॥ ਹੁਕਮ ਮਾਨਕੇ ਦੂਤਾਂ ਨੇ ਲੱਕੜੀ ਕੀਨੀ ਤੁਰੰਤ ਤਿਆਰ । ਪੋਟ ਬਾਂਧ ਵਿੱਚ ਭਗਤ ਜੀ ਰਾਖੇ, ਅਗਨੀ ਲਾਈ ਖੂਬ ਸਵਾਰ ॥ ਲਕੜੀ ਤੋਂ ਜਲਕਰ ਛਾਰ ਹੋ ਗਈ, ਭਗਤ ਜੀ ਕੋ ਨਹੀਂ ਲਗਾ ਅਜਾਇ । ਉਸ ਕੋ ਕੋਈ ਮਾਰ ਨਾ ਸਕੇ, ਜਿਸਕਾ ਹੋਵੇ ਰਾਮ ਸਹਾਇ ॥

ਭਜਨ

ਟੇਕ: ਜਲ ਡੁੱਬਦਾ ਨਾ ਅਗਨੀ ਸਾੜੇ, ਜਿਨਾ ਤੇਰਾ ਨਾਮ ਜਪਿਆਂ......

ਪਾਪੀ ਨੇ ਹੈ ਜ਼ੁਲਮ ਕਮਾਇਆ, ਅਪਨਾ ਜੋਂਰ ਬਹੁਤੇਰਾ ਲਾਇਆ ਕਰ ਗਹਿਰੀਆ ਅੱਖੀਆ ਤਾੜੇ, ਧੰਨ ਰਾਮ ਜੀ.......

ਪਰਬਤੋਂ ਨੀਚੇ ਭਗਤ ਗਿਰਾਇਆ ਖੂਨੀ ਹਸਤੀ ਅੱਗੇ ਪਾਇਆ ਦੇਖੋ ਕੰਮ ਕਰੇ ਸਭ ਮਾੜੇ, ਧੰਨ ਰਾਮ ਜੀ......

ਬੀਚ ਸਮੁੰਦਰ ਸੁਤ ਬਿਠਾਇਆ, ਭੂਮੀ ਦੇ ਵਿੱਚ ਫਿਰ ਗੜਾਇਆ. ਐਵੇ ਫੋਕੇ ਗੁੱਸੇ ਚਾੜੇ, ਧੰਨ ਰਾਮ ਜੀ.......

ਬੀਚ ਅਗਨ ਦੇ ਭਗਤ ਜਲਾਇਆ, ਅਪਨੇ ਦਿਲ ਸੇ ਮਾਰ ਮੁਕਾਇਆ। ਨਰਿਪ ਅੱਖੀਆਂ ਨਹੀਂ ਉਘਾੜੇ, ਧੰਨ ਰਾਮ ਜੀ......

ਦੋਹਿਰਾ : ਨਰਿਪ ਨੇ ਜੋਰ ਲੱਗਾ ਦੀਆਂ, ਭਗਤ ਨਹੀ ਭੈ ਖਾਇ ॥ ਦਿਲ ਮੇਂ ਅਬ ਸੋਚਨ ਲਗਾ, ਕਰੀਏ ਕੋਨ ਉਪਾਇ ॥

ਛੰਦ: ਕੋਈ ਪੇਸ਼ ਅਬ ਚਲਤੀ ਨਾਹੀ, ਕ੍ਰੋਧ ਸਾਥ ਨਰਿੰਪ ਹੈ ਭਰਿਆ। ਐ ਕਪੁੱਤਰ ਮੈਂ ਸਮਝ ਲਿਆ ਹੈ, ਮੰਤਰ ਜੰਤਰ ਤੂੰ ਕਰਿਆ ॥ ਛੋੜ ਦੇ ਨਾਮ ਤੂ ਅਬ ਵਿਸ਼ਨੂੰ ਕਾ ਮੇਰਾ ਨਾਮ ਹਿਰਦੇ ਮੇਂ ਧਾਰ।



ਪ੍ਰਾਨ ਤੋਂ ਤੇਰੇ ਤਕੀ ਬਚਤੇ ਹੈ. ਨਹੀਂ ਤੋਂ ਦੇਖਲੇ ਜਿਹ ਤਲਵਾਰ ॥ਤੇਰੇ ਉਪਰ ਰਹਿਮ ਕਰਤਾ ਹੂੰ, ਫਿਰ ਵੀ ਅਪਨਾ ਪੁੱਤਰ ਜਾਨ । ਰਾਮ ਕਾ ਨਾਮ ਨਾ ਭੂਲ ਕਰ ਲੈਨਾ, ਇਹ ਕਹਿਣਾ ਤੂ ਮੇਰਾ ਮਾਨ ॥ ਅਰੇ ਨੀਚ ਤੂ ਸਮਝੇ ਨਾ ਹੀ ਦੇਖ ਮੇਰਾ ਕੈਸਾ ਪਰਤਾਪ। ਮੇਰੇ ਸਨਮੁੱਖ ਰਾਮ ਨਾ ਕੋਈ, ਸਭ ਕਰਤੇ ਹੈ ਮੇਰਾ ਜਾਪ ॥ ਬਿਧੀ ਗਣੇਸ਼ ਸ਼ੇਸ ਰਵ ਸਸ ਜੋਂ ਵਰਨ ਕੁਬੇਰ ਐ ਦੇਵੀ ਦੇਵ ਇੰਦਰ ਤੋਂ ਹੈ ਮੁਝ ਸੇ ਡਰਤਾ, ਪਵਨ ਅਗਨ ਵੀ ਕਰਤੇ ਸੇਵ ॥ ਕਰਤੇ ਹੈ ਸਭੀ ਕਾਮ ਦੇਵਤਾ, ਆਗਿਆ ਪਾ ਕਰਕੇ ਮੇਰੀ । ਤੂੰ ਪੁੱਤਰ ਕਿਉ ਹੁਕਮ ਨਾ ਮਾਨੇ, ਬੁੱਧੀ ਭਰਸ਼ਟੀ ਹੈ ਤੇਰੀ ॥ ਬਿਨਾ ਕਹੇ ਜੋ ਕਾਮ ਕਰੇ, ਉੱਤਮ ਵੋ ਪੁੱਤਰ ਕਹਾਤਾ ਹੈ। ਜੇ ਕਹਾ ਹੂਆ ਵੀ ਕਾਮ ਕਰੇ ਵੇ, ਮੱਧਮ ਹੀ ਰਹਿ ਜਾਤਾ ਹੈ ॥ ਜੋ ਕਹਿਨੇ ਪਰ ਨਾ ਕਾਮ ਕਰੇ, ਉਸ ਕੋ ਕਹਿਤੇ ਹੈ ਕਾਨਿਸ਼ਟ। ਜੋ ਪਿਤਾ ਕੇ ਹੁਕਮ ਕੋ ਨਾ ਮਾਨੇ, ਵੋ ਇਨ

ਤੀਨੋ ਸੇ ਹੈ ਭਰਿਸ਼ਟ ।। ਜਿਸ ਵਿਸ਼ਨੂੰ ਕੇ ਤੂ ਗੁਣ ਗਾਂਵੋ ਕੰਗਲੇ ਕੀ ਤਰਾਂ ਰਹੇ ਵੋ ਦੀਨ । ਔਡੇ ਰਾਜੇ ਕਾ ਸੁਤ ਹੋਕਰ, ਕਿਉਂ ਉਸਕੇ ਤੂ ਹੂਆ ਅਧੀਨ ।। ਸੁਨ ਕੰਗਲੇ ਕੀ ਬਾਤ ਸੁਣਾਵਾ, ਕੋਈ ਤੰਦਲ ਕੋਈ ਪੁਸ਼ਪ ਦੇਵੇ। ਕੋਈ ਤੁਲਸੀ ਦਲ ਪੱਤਰ ਦੇਵੇ, ਹਾਥ ਪਸਾਰ ਕੇ ਲੈ ਲੇਵੇ ।। ਸਾਗ ਅਲੂਣਾ ਕੜੀ ਔ ਖਿਚੜੀ, ਬਾਸੀ ਟੁਕੜੇ ਵੀ ਖਾਤਾ । ਐ ਪੁੱਤਰ ਓ ਨੀਚ ਕੇ ਕਰਿ ਸੇ, ਜੂਠੇ ਬੇਰ ਵੀ ਖਾ ਜਾਤਾ ।। ਬਹੁਤੇਰੇ ਫਿਰ ਛਲ ਕਰ ਮਾਰੇ, ਕਪਟੀ ਹੈਗਾ ਵੋ ਭਾਰਾ । ਨਿਸ ਦਿਨ ਗੁਣ ਗਾਂਵੇ ਤੂ ਉਸਕੇ. ਭਰਾਤਾ ਮੇਰਾ ਜਿਨ ਮਾਰਾ ।। ਐ ਮੂਰਖ ਤੂ ਬੇ ਹਿਆਓ ਹੈ ਸਰਮ ਨਾ ਤੁਝਕੋ ਆਤੀ ਹੈ। ਦੁਸ਼ਮਣ ਕਾ ਤੂੰ ਨਾਮ ਛੋੜਦੇ, ਫੱਟ ਰਹੀ ਮੇਰੀ ਛਾਤੀ ਹੈ ।।

ਦੋਹਿਰਾ: ਇਤਨਾ ਸੁਨ ਪ੍ਰਹਿਲਾਦ ਨੇ, ਮੁੱਖ ਸੇ ਕਹਾ ਉਚਾਰਿ ।। ਰਾਮ ਕਭੀ ਨਹੀਂ ਛੋੜਨਾ, ਰਾਮ ਜਗਤ ਮੇ ਸਾਰਿ ।।

ਗੁਰਬਾਣੀ: ਸੋਰਠਿ ਭੀਖਣ ਜੀਉ [ ੬੫੯ ]

ਐਸਾ ਨਾਮੁ ਰਤਨ ਨਿਰਮੋਲਕ ਪੁੰਨਿ ਪਦਾਰਥ ਪਾਇਆ ।। ਅਨਿਕ ਜਤਨ ਕਰ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ।। (ਪੰਨਾ ੬੫੯)

ਛੰਦ: ਅੰਤਰਯਾਮੀ ਸਰਵ ਵਿਆਪਕ ਸਾਰੇ ਹੀ ਵੋ ਹੈ ਭਰਪੂਰ । ਸੁਧ ਮਨ ਹੋ ਕੇ ਜਹਾ ਆਰਾਧੋ, ਦੇਖ ਲਵੋ ਹਾਜਰ ਹਜ਼ੂਰ ।। ਰੰਚਕ ਸੇਵਾ ਕਰਨੇ ਕਰਕੇ ਖੁਸ਼ ਹੋ ਜਾਤਾ ਹੈ ਭਗਵਾਨ। ਅਪਨੀ ਸ਼ਕਤੀ ਸੇ ਬਨਵਾਇਆ। ਇਹ ਜੋ ਦਿਸੇ ਸਗਲ ਜਹਾਨ ।।



ਪ੍ਰੇਮ ਭਾਵ ਕਰ ਪੁਸ਼ਪ ਐ ਪਤਰ, ਜੇ ਕੋਈ ਦੇ ਦੇਤਾ ਹੈ। ਹਾਥ ਪਸਾਰ ਕੇ ਮੇਰਾ ਪ੍ਰਭ ਜੀ, ਸ਼ੀਘਰ ਹੀ ਲੇ ਲੇਤਾ ਹੈ ।। ਜਿਸ ਤੋਂ ਪੈਦਾ ਹੂਆ ਬ੍ਰਹਮਾ, ਉਸ ਪਾਸੋਂ ਤੈ ਲੀਨਾ ਵਰ ਰਾਮ ਕਾ ਖੋਫ ਨਾ ਖਾਵੇ ਮਨ ਮੇਂ, ਬਨ ਬੈਠਾ ਤੂ ਆਜ ਅਮਰ ।।

ਦੋਹਿਰਾ : ਬਾਤ ਸੁਨੀ ਭੂਪਤ ਨੇ, ਜਲ ਬਲ ਹੂਆ ਛਾਰ। ਅਬ ਤੁਮ ਕੋ ਨਹੀਂ ਛੋੜਨਾ, ਜਾਨ ਸੇ ਦੇਵਾ ਮਾਰ ।। ਥੰਮ ਤਪਾਇਆ ਸਾਰ ਕਾ, ਜਬ ਹੂਆ ਵੋ ਲਾਲ । ਸੰਗਲ ਪਾ ਕਰ ਬਾਧਿਆ, ਭਗਤ ਜੀ ਉਸਦੇ ਨਾਲ ।।

ਛੰਦ : ਕੁਛ ਭੀ ਖੌਫ ਨਾ ਖਾਇਆ ਭਗਤ ਨੇ, ਰਾਮ ਜੀ ਕੇ ਗੁਣ ਗਾਤਾ ਹੈ। ਐਸਾ ਸ਼ੀਤਲ ਖੰਭਾ ਹੂਆ, ਬਰਫ਼ ਕੇ ਸਮ ਬਨ ਜਾਤਾ ਹੈ ।। ਐਸਾ ਪੁੱਤਰ ਨਿਰਭੈ ਦੇਖਕਰ, ਤਬ ਨਰਿਪ ਨੇ ਮੁਖੋ ਕਿਹਾ ਉਚਾਰ। ਅਰੇ ਦੁਸ਼ਟ ਤੋਂ ਅਗਨੀ ਬਾਧੀ, ਦੇਖੂੰ ਤੇਰਾ ਵਿਸ਼ਨ ਮੁਰਾਰਿ ।।

ਦੋਹਿਰਾ : ਨਰਿਪ ਐਸੇ ਕਹਿਤਾ ਭਿਆ, ਪਕੜ ਲਈ ਤਲਵਾਰ ।। ਬੁਲਵਾ ਲੈ ਤੂੰ ਰਾਮ ਕੋ ਲੇਵੇ ਤੁਮਰੀ ਸਾਰ ।।

ਦੋਹਿਰਾ: ਪ੍ਰਹਿਲਾਦ ਜੀ ਤਬ ਕਹਿਨੇ ਲਗੇ, ਰਾਮ ਨਹੀਂ ਹੈ ਦੂਰ ।।ਸਭ ਮੇਂ ਹੀ ਰਾਮ ਰਿਹਾ, ਰਾਮ ਮੇਰਾ ਭਰਪੂਰ ।।

ਛੰਦ : ਜਲ ਮੇਂ, ਥਲ ਮੇਂ, ਘਟ ਮੇ, ਪਟ ਮੇ, ਤੇਰੇ ਮੇਂ ਔਰ ਮੇਰੇ ਮੇਂ। ਜੀਵ ਜੰਤ ਆਕਾਸ਼ ਭੂਮ ਮੇਂ, ਇਸ ਥੰਮੇਂ ਕੇ ਚੁਫੇਰੇ ਮੇਂ ।।ਭਗਤੋਂ ਕੀ ਵੋ ਰੱਖਸਾ ਕਰਤੇ, ਜੁਗ ਜੁਗ ਮੇਂ ਲੇਕਰ ਅਵਤਾਰ।ਬਾਪ ਉਸ ਕਾ ਬੋਲ ਉਠਾ, ਘਟ-ਘਟ ਮੇ ਹੈ ਤੋਂ ਦੇਵੇ ਦੀਦਾਰ ।।

ਦੋਹਿਰਾ: ਹਰਨਾਖਸ਼ ਤਬੀ ਬੋਲਆ, ਸਭ ਮੇਂ ਹੈ ਤੋ ਨਿਕਾਲ ।। ਫਿਰ ਆ ਕੇ ਵੋ ਕਿਆ ਕਰੂ ਮਾਰਾਂਗਾ ਤਤਕਾਲ ।। ਜਦੀ ਰਾਜਾ ਨੇ ਜਿਹ ਕਹੀ ਮੁੱਖ ਅਪਨੇ ਸੇ ਬਾਤ। ਥੰਮ ਫੋੜ ਨਰ ਸਿੰਘ ਜੀ ਪ੍ਰਭ ਆ ਖੜੇ ਸਾਖਿਆਤ ।।

ਬਸੰਤ ਕਬੀਰ ਜੀਓ ।। ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ।। ਹਰਨਾਖਸ਼ ਛੇਦਿਓ ਨਖ ਬਿਦਾਰ ।। ੪ ।। ਓ ਪਰਮ ਪੁਰਖ ਦੇਵਾਧਿ ਦੇਵ ।। ਭਗਤ ਹੇਤਿ ਨਰ ਸਿੰਘ ਭੇਵ ।। [ ਗੁਰਬਾਣੀ ਪੰਨਾ ੧੧੯੪ )

ਦੋਹਿਰਾ: ਨਰ ਸਿੰਘ ਰੂਪ ਕੋ ਦੇਖ ਕਰ ਨਰਿਪ ਹੂਆ ਭੈ ਵਾਨ। ਖੌਫ਼ ਖਾਇ ਕੇ ਭਾਗਿਆ, ਲਾਗਾ ਜਾਨ ਬਚਾਨ ।।

ਛੰਦ: ਪਕੜ ਲੀਆ ਕੇਸਾ ਤੇ ਪ੍ਰਭ ਨੇ, ਕਹਾਂ ਭਾਗ ਅਬ ਜਾਨਾ ਹੈ । ਭਗਤ ਮੇਰੇ ਕੋ ਕਸ਼ਟ ਜੋ ਦੀਆ, ਉਸ ਕਾ ਫਲ ਦਿਖਲਾਨਾ ਹੈ ।। ਜੰਘੋ ਉਪਰ ਪਾ ਲੀਨਾ ਹੈ, ਭੀਤਰ ਬੈਠ ਗਏ ਦੁਆਰ। ਸਭੀ ਹਾਲ ਅਬ ਜਤਲਾਤੇ ਹੈ, ਮੁੱਖ ਅਪਨੇ ਸੇ ਬਚਨ ਉਚਾਰ ।। ਸ਼ਸਤਰ ਅਸਤਰ ਨਹੀਂ ਚਲਾਉ ਨਰ ਨਾ ਹੀ ਔਰ ਨਾਰੀ ਮੈਂ।



ਅਗਨੀ ਦੇਵਤਾ ਜਲ ਨਾ ਪਵਨ ਹੁੰ, ਬਨ ਕੋਈ ਥਾਨ ਨਾ ਭਾਰੀ ਮੈਂ।ਬਾਹਰ ਘਰ ਆਕਾਸ਼ ਪ੍ਰਿਥਵੀ, ਪਸ਼ੂ ਪੰਛੀ ਦਿਨ ਰਾਤ ਨਹੀ ।। ਬਾਰਾਂ ਮਾਸ ਔ ਸਭ ਸ੍ਰਿਸ਼ਟੀ ਮੇਂ, ਮੇਰੀ ਕੋਈ ਜਾਤ ਨਹੀਂ। ਬ੍ਰਹਮਾਂ ਕੋ ਵਰ ਸਭ ਬਤਲਾਏ, ਤਦ ਨੂੰ ਸੂਰਜ ਹੂਆ ਗਰੂਬ ।। ਨਖ ਸੋ ਪੇਟ ਕੋ ਪਾੜ ਦੀਆ ਹੈ, ਹੱਡੀ ਤੋੜ ਦਈ ਬਖੂਬ ।।

ਦੋਹਿਰਾ: ਪੇਟੋ ਆਂਦਰਾਂ ਕਾਢ ਕਰ, ਗਲੇ ਮੇਂ ਪਾਇਆ ਹਾਰ। ਭਿਆਨਕ ਰੂਪ ਕੋ ਦੇਖ ਕਰ, ਮੱਚ ਗਿਆ ਹਾ ਹਾ ਕਾਰ ।।

ਛੰਦ: ਐਸਾ ਭਿਆਨਕ ਰੂਪ ਦੇਖ ਕਰ, ਦੇਵਤਾ ਵੀ ਘਬਰਾਤੇ ਹੈ। ਨਜ਼ਦੀਕ ਕੋਈ ਡਰਤਾ ਨਾ ਜਾਵੇ, ਸਭ ਹੀ ਦਹਿਸ਼ਤ ਖਾਤੇ ਹੈ ।।ਸ੍ਰੀ ਲੱਛਮੀ ਪਾਸ ਗਏ ਫਿਰ, ਸਾਰਾ ਹਾਲ ਸੁਣਾਇਆ ਹੈ। ਐ ਮਾਤਾ ਜੀ ਵਾਸਦੇਵ ਨੇ, ਨਰ ਸਿੰਘ ਰੂਪ ਸਜਾਇਆ ਹੈ।।

ਦੋਹਿਰਾ: ਕਿਰਪਾ ਕਰਕੇ ਮਾਤ ਜੀ, ਚਲੋ ਆਪ ਜਰੂਰ ।।ਸਾਂਤ ਕਰਾਵੋ ਪ੍ਰਭੂ ਕੋ ਹੋ ਕਰਕੇ ਹਾਜ਼ੂਰ ।।

ਛੰਦ : ਲੱਛਮੀ ਨੇ ਜਬ ਦਰਸ਼ਨ ਕੀਆ, ਪ੍ਰਭੂ ਕੋ ਦੇਖ ਹੂਈ ਹੈਰਾਨ। ਐਸਾ ਰੂਪ ਕਭੀ ਨਹੀਂ ਦੇਖਾ, ਪਾਸ ਨਾ ਜਾਵੇ ਹੂਈ ਭੈ ਮਾਨ ।।ਮਾਤ ਲੱਛਮੀਂ ਕਹਿਨੇ ਲਗੀ, ਜਿਸਕੇ ਹਿੱਤ ਹੂਆ ਅਵਤਾਰ। ਦੀਨ ਬੰਧੂ ਕੇ ਆਗੇ ਕਰ ਦੋ, ਤਬ ਹੀ ਦੇਣਗੇ ਕਰੋਧ ਨਿਵਾਰ ।।

ਦੋਹਿਰਾ: ਦੇਵਤਾ ਤਬ ਕਹਿਨੇ ਲਗੇ, ਸੁਨੋ ਭਗਤ ਜੀ ਬਾਤ। ਪ੍ਰਭ ਸਨਮੁਖ ਤੁਮ ਜਾਇ ਕੇ, ਦੂਰ ਕਰਾਵੋ ਗਾਤ ।। ਇਤਨਾ ਸੁਨਕਰ ਭਗਤ ਜੀ, ਪ੍ਰਭ ਕੀ ਸ਼ਰਨ ਪਿਆ । ਗਲੇ ਲਗਾਇਆ ਆਪਣੇ, ਕਸ਼ਟ ਸਭੀ ਮਿਟ ਗਿਆ ।।

ਛੰਦ: ਭਗਤ ਕਾ ਮਸਤਕ ਚੂਮ ਲਿਆ। ਸਰਭ ਅੰਗੋਂ ਕੋ ਚਾਟਤੇ ਹੈ। ਭਗਤ ਜੀ ਨੇ ਕੁਛ ਖੌਫ਼ ਨਾ ਖਾਇਆ, ਸਭੀ ਕਸ਼ਟੈ ਕੋ ਕਾਟਤੇ ਹੈ ।। ਜੈਸੇ ਸਿੰਘ ਕਾ ਪੁੱਤਰ ਸਿੰਘ ਸੇ, ਕਭੀ ਨਹੀਂ ਭੈ ਖਾਤਾ ਹੈ। ਮਿਰਗ ਕਾ ਬੱਚਾ ਦੇਖ ਸਿੰਘ ਕੋ, ਦੂਰੋਂ ਹੀ ਭਜ ਜਾਤਾ ਹੈ।। ਤੈਸੇ ਸਰਭ ਦੇਵਤਾ ਭੈ ਕਰ ਨਜ਼ਦੀਕ ਨਹੀਂ ਕੋਈ ਜਾਤਾ ਹੈ। ਪ੍ਰਹਿਲਾਦ ਭਗਤ ਚਰਨੋ ਮੇਂ ਬਿਚਰੇ, ਖੌਫ ਜਰਾ ਨਹੀਂ ਖਾਤਾ ਹੈ ।।

ਦੋਹਿਰਾ: ਪ੍ਰਹਿਲਾਦ ਭਗਤ ਬਿਨਤੀ ਕਰੋ ਸੁਨੋ ਦੇਵ ਕੇ ਦੇਵ। ਦੀਨ ਬੰਧੂ ਸਰਬਾਤਮਾ, ਕੋਇ ਨਾ ਜਾਨੇ ਭੇਵ ।। ਕਿਰਪਾ ਕਰਕੇ ਹੋ ਪ੍ਰਭੋ, ਚਤੁਰਭੁਜ ਰੂਪ ਲਓ ਧਾਰਿ। ਅਸਲੀ ਰੂਪ ਦਿਖਲਾ ਦਿਓ, ਚਰਨੋ ਮੇਂ ਬਲਿਹਾਰ ।। ਤਬ ਹੀ ਚਤੁਰਭੁਜ ਹੋ ਗਏ, ਦੀਨਾ ਨਾਥ ਦਿਆਲ ।



ਪੁਸ਼ਪੇ ਕੀ ਬਾਰਿਸ਼ ਕਰੀ, ਦੇਵਤਾ ਨੇ ਤਿਹਕਾਲ ।। ਬਹੁਤ ਆਗਿਆ ਪਾਇ ਕੇ ਗਏ ਦੇਵ ਨਿਜਧਾਮ। ਪ੍ਰਹਿਲਾਦ ਜੀ ਉਪਮਾ ਕਰਤ ਹੈ, ਪਤਿਤ ਪਾਵਨ ਜੋ ਨਾਮ ।।

ਭਜਨ

ਟੇਕ: ਮੇਰੇ ਪ੍ਰਭ ਜੀ ਸੁਆਮੀ ਮੈਨੂੰ ਦੀਆ ਦੀਦਾਰ .....

ਭਾਗ ਭਰਾ ਦਿਨ ਆਇਆ ਦਰਸ਼ਨ ਆਪ ਦਿਖਾਇਆ ਅਸਾਂ ਸ਼ੁਕਰ ਮਨਾਇਆ ਹੋ ਗਈ ਮੌਜ ਬਹਾਰ.....

ਨਰ ਸਿੰਘ ਰੂਪ ਬਨਾਏ ਧਰਮ ਦੋਖੀ ਗਵਾਏ, ਮਹਿਮਾ ਕਹੀ ਭੀ ਨਾ ਜਾਏ, ਧਾਰ ਆਪ ਅਵਤਾਰ....

ਪਈ ਦੇਵਤਾ ਨੂੰ ਭਾਰੀ ਦੁਨੀਆ ਦੁਖੀ ਹੋਈ ਸਾਰੀ, ਮਾਰਾ ਦੈਂਤ  ਬਲਕਾਰੀ ਹੋ ਗਈ ਸਾਰੇ ਜੈ ਜੈ ਕਾਰ.....

ਜਾਵਾਂ ਚਰਨਾਂ ਤੋ ਬਲਿਹਾਰੇ, ਤੂਹੀਓ ਭਗਤਾਂ ਨੂੰ ਤਾਰੇ, ਦਾਸ ਆਪਣੇ ਸਹਾਰੇ ਸੁਖੀ ਹੁਆ ਸੰਸਾਰ....

ਦੋਹਿਰਾ :   ਕਿਰਪਾ ਮੁਝ ਪਰ ਬਹੁ ਕਰੀ ਦੀਆ ਆਪ ਦੀਦਾਰ ।। ਇਤਨਾ ਕਹਿ ਚਰਨੀ ਪੜਾ, ਪ੍ਰਭੂ ਨੇ ਕੀਆ ਪਿਆਰ ।।

ਛੰਦ:    ਪ੍ਰਹਿਲਾਦ ਭਗਤ ਕੋ ਵਾਸਦੇਵ ਨੇ ਕੰਠ ਕੇ ਸਾਥ ਲਗਾਇਆ ਹੈ। ਅਪਨੀ ਹੱਥੀ ਰਾਜ ਤਿਲਕ ਦੇ ਤਖਤ ਉਪਰ ਬਿਠਲਾਇਆ ਹੈ ।। ਸੰਸਾਰਕ ਅਬ ਸੁੱਖ ਕੁਛ ਭੋਗੋ, ਆਖਿਰ ਕੋ ਹੋਵੇ ਕਲਿਆਣ। ਵਾਸਦੇਵ ਜੀ ਇਤਨਾ ਕਹਿ ਕਰ, ਆਪ ਤੌਂ ਹੂਏ ਅੰਤਰ ਧਿਆਨ ।। ਪ੍ਰਹਿਲਾਦ ਭਗਤ ਨੇ ਵਾਸਦੇਵ ਕਾ ਪ੍ਰੇਮ ਸੋ ਕੀਨਾ ਹੈ ਜੋ ਜਾਪ । ਸੰਕਟ ਸਾਰੇ ਦੂਰ ਕੀਏ ਹੈ, ਦਰਸ਼ਨ ਦੀਨਾ ਪ੍ਰਭੂ ਨੇ ਆਪ ।। ਜੇਕਰ ਤੂ ਪ੍ਰਹਿਲਾਦ ਕੀ ਨਾਈ, ਸੱਚੇ ਦਿਲ ਸੇ ਪ੍ਰੇਮ ਕਰੇ। ਐ ਮਨ ਮੇਰੇ ਸੰਕਾ ਨਾ ਹੀ ਇਸ ਸੰਸਾਰ ਸੇ ਤੂ ਵੀ ਤਰੇ ।।ਅੰਤਰਯਾਮੀ ਸਭ ਕਾ ਸੁਆਮੀ, ਜੇ ਤੂ ਸ਼ਰਨੀ ਆਵੇਗਾ। ਰਾਮ ਕਾ ਨਾਮ ਰਟੇ ਜੇ ਨਿਸ ਦਿਨ, ਸੰਕਟ ਸਭ ਕਟ ਜਾਵੇਗਾ ।।

ਬੈਂਤ :   ਮਨਾ ਮੇਰਿਆ ਉਮਰ ਤਾਂ ਬੀਤ ਚਲੀ ਕਿਉਂ ਨਹੀ ਰਾਮ ਦਾ ਨਾਮ ਉਚਾਰਦਾ ਤੂੰ ।ਸੁੰਦਰ ਜਨਮ ਮਿਲਿਆ ਨਾਲ ਭਾਗਾ ਤੈਨੂੰ, ਬਦਲੇ ਕੱਚ ਦੇ ਲਾਲ ਕਿਉਂ ਹਾਰਦਾ ਤੂੰ ।।ਝੂਠੀ ਦੁਨੀਆ ਦੇ ਨਾਲ ਸਨੇਹ ਪਾ ਕੇ, ਕਿਉਂ ਅਪਨੇ ਆਪ ਨੂੰ ਖਾਰਦਾ ਤੂੰ।ਚਪਾ ਲਾਇ ਅਭਿਆਸ ਵਿਚਾਰ ਵਾਲਾ, ਡੁਬਦੀ ਕਿਸ਼ਤੀ ਨੂੰ ਕਿਉਂ ਨਹੀਂ ਤਾਰਦਾ ਤੂੰ ।। ਪਾਂਚ  ਚੋਰ ਤੇਰੇ ਮਗਰ ਲਗ ਰਹੇ ਨੇ ਗੋਲੀ ਗਿਆਨ ਦੀ ਕਿਉਂ ਨਹੀਂ ਮਾਰਦਾ ਤੂੰ। ਸੋਹੰ ਜਾਪ ਅਜੱਪਾ ਪਾ ਜੇ ਹੋਵਦਾ ਹੈ, ਮਤਲਬ ਉਸਦਾ ਕਿਉਂ ਨਹੀਂ ਵਿਚਾਰਦ ਤੂੰ ।। ਗਫ਼ਲਤ ਭਾਈ ਅਵਿਦਿਆ ਦੇਰ ਦੀ ਜੋ ਮਿਲ ਕੇ ਗੁਰਾਂ ਨੂੰ ਕਿਉਂ ਨਹੀਂ ਟਾਰਦਾ ਤੂੰ।



ਸ੍ਰੀ ਗੁਰੂ ਹਰਨਾਮ ਦਿਆਲੂ ਮੂਰਤ, ਦਿਲ ਅਪਨੇ ਕਿਉਂ ਨਹੀਂ ਧਾਰਦਾ ਤੂੰ। ਹਿਰਦਾ ਤਪ ਰਿਹਾ ਵਿਸ਼ੇ ਦੀ ਆਂਚ ਕਰਕੇ, ਬਰਫ਼ ਲੈ ਨਾਮ ਦੀ ਕਿਉਂ ਨਹੀਂ ਠਾਰਦਾ ਤੂੰ। ਤੇਰੀ ਦੂਈ ਨੇ ਝੁੱਗਾ ਵੀਰਾਨ ਕੀਤਾ, ਗਿਆਨ ਅਗਨ ਸੇ ਕਿਉਂ ਨਹੀਂ ਜਾਰਦਾ ਤੂੰ। ਸਿਤਗੁਰਾਂ ਦਾ ਲੋਕਰ ਉਪਦੇਸ਼ ਸੱਚਾ, ਭਰਮ ਚੁੱਕ ਕੇ ਪਰੇ, ਕਿਉਂ ਨਹੀ ਡਾਰਦਾ ਤੂੰ ।। ਦਾਸਨ ਦਾਸ ਜੋ ਰਾਮ ਦਾ ਨਾਮ ਸੁੰਦਰ, ਭਲਾ ਉਸ ਨੂੰ ਕਿਉਂ ਵਿਸਾਰਦਾ ਤੂੰ ।।

ਬੈਂਤ:  ਜਿਸ ਰਾਮ ਨੇ ਤਾਰਿਆ ਅਜਾਮਲ ਨੂੰ, ਬਾਲਮੀਕ ਨੂੰ ਵੀ ਦੀਆ ਤਾਰ ਭਾਈ ।। ਧ੍ਰੂ ਭਗਤ ਨੂੰ ਆਨ ਕੇ ਦੀਆ ਦਰਸ਼ਨ, ਅਟਲ ਪਦਵੀ ਬਖਸ਼ੀ ਬਖਸ਼ਣਹਾਰ ਭਾਈ ।। ਲਾਲਾ ਚਾਰਜ ਦੇ ਯੱਗ ਵਿੱਚ ਆਪ ਆਏ, ਛਿਨ ਵਿੱਚ ਤਾਰ ਦਿੱਤੀ ਗਨਿਕਾ ਨਾਰ ਭਾਈ ।।ਹਸਤੀ ਤਾਰ ਸੁਦਾਮਾ ਦੀ ਬਿਪਤ ਕੱਟੀ, ਪ੍ਰਹਿਲਾਦ ਤਾਰਾ ਰਾਮ ਸਾਰ ਭਾਈ ।।

ਦੋਹਿਰਾ : ਗੁਰਾਂ ਦੀ ਕਿਰਪਾ ਹੋ ਗਈ, ਪੂਰਾ ਹੂਆ ਅਧਿਆਇ ।। ਪੜੇ ਸੁਣੇ ਜੋ ਪ੍ਰੇਮ ਸੇ, ਪ੍ਰੇਮ ਭਗਤਿ ਵਸੈ ਆਇ ।। ਪ੍ਰਹਿਲਾਦ ਭਗਤ ਪ੍ਰਸੰਗ ਜੋ ਸਾਰਾ ਮਤਲਬ ਜਾਨ ।। ਨਾਮ ਜਪੇ ਨਿਸਚਾ ਕਰੋ, ਹੋ ਜਾਵੇ ਕਲਿਆਣ ।।

**ਇਤਿ ਸ੍ਰੀ ਭਗਤ ਮਾਲ ਸੰਗੀਤ ਪ੍ਰਹਿਲਾਦ ਜੀ ਦਾ ਪ੍ਰਸੰਗ ਵਰਣਨੰ ਨਾਮ ਤੇਰ੍ਹਵਾਂ ਅਧਿਆਇ ਸਮਾਪਤਮ ।। ੧੩ ।। ਸਤਿ ਕਰਤਾਰ**

ਭਗਤ ਮਾਲ ਸੰਗੀਤ-91

ੴ ਸਤਿਗੁਰ ਪ੍ਰਸਾਦਿ ।।

## ਅਥ ਦਰੋਪਤਾ ਦਾ ਪ੍ਰਸੰਗ -14

ਦੋਹਿਰਾ ।। ਸਰਦ ਕਮਲ ਸਮ ਨੈਨ ਜਿਹ, ਬਦਨ ਸਸੀ ਪਰਤਾਪ ।। ਸੋ ਸਰੂਪ ਧਰ ਜੀਅਰੈ ਗੁਰੂ ਗੁਰੂ ਜਪ ਜਾਪ ।। ਚਰਨ ਬੰਦਨਾ ਕਰਤ ਹੂ ਹੋਵੇ ਆਪ ਸਹਾਇ ।। ਦਰੋਪਤਾ ਦਾ ਪ੍ਰਸੰਗ ਜੋ ਅਬ ਮੈਂ ਕਹਾਂ ਸੁਨਾਇ ।।

ਗੁਰਬਾਣੀ : "ਬਸਤਰ ਛੀਨਤ ਦਰੋਪਤਾ ਰਖੀ ਲਾਜ "

ਭਾਈ ਗੁਰਦਾਸ ਜੀ: ਵਾਰ ੧੦ ਪਉੜੀ ੮

ਅੰਦਰਿ ਸਭਾ ਦੁਸਾਸਣੇ ਮਥੇਵਾਲ ਦ੍ਰੋਪਤੀ ਆਂਦੀ । ਦੂਤਾਂ ਨੂੰ ਫੁਰਮਾਇਆ ਨੰਗੀ ਕਰੋ ਪੰਚਾਲੀ ਬਾਂਦੀ ।।

ਦੋਹਿਰਾ ।। ਪਾਂਚੋ ਪਾਡੂ ਜੋ ਬਲੀ ਬੜੇ ਯੁਧਿਸ਼ਟਰ ਆਪ। ਜੰਗ ਰਾਜ -ਸੂ ਜਬ ਰਚਾ ਦੀਆ ਅਡੰਬਰ ਥਾਪ ।।

ਛੰਦ: ਅੰਧੇ ਕਾ ਪੁਤਰ ਜੋ ਦੁਰਜੋਧਨ, ਯੱਗ ਕੇ ਬੀਚ ਬੁਲਾਇ ਲੀਆ। ਕ੍ਰਿਸ਼ਨ ਜੀ ਕੇ ਕਹਿਨੇ ਪਰ ਉਨਕੋ ਮੁੱਖਤਿਆਰ ਠਹਿਰਾਇ ਲੀਆ ।। ਦੁਰਯੋਧਨ ਖੁਸ਼ ਹੂਆ ਮਨ ਮੇਂ ਅਬ ਮੇਰੇ ਕਾਬੂ ਆਏ । ਏਕ ਰੁਪਈਆ ਜਹਾਂ ਖਰਚਨਾਂ, ਦਸ ਰੁਪਈਏ ਪਕੜਾਏ ।। ਪਾਂਡਵੋਂ ਸਾਥ ਸ਼ਤਰੂ ਭਾ ਰਾਖੇ, ਖਰਚ ਜਿਆਦਾ ਕਰਤਾ ਹੈ। ਉਸ ਕੇ ਹਾਥ ਮੇਂ ਪਦਮ ਰੇਖਾ ਥੀਂ, ਕਈ ਗੁਣਾਂ ਖਜਾਨਾ ਭਰਤਾ ਹੈ ।। ਦੁਰਯੋਧਨ ਨੇ ਜੋਰ ਲਗਾਇਆ, ਹੋਵੇ ਹਾਨੀ ਆ ਜਾਏ ਤੋਟ। ਬਾਹਰੋਂ ਤੋਂ ਹਮਦਰਦੀ ਬਨਿਆ, ਭੀਤਰ ਦਿਲ ਦੇ ਭਰਾ ਹੈ ਖੋਟ।। ਭਾਰੀ ਯੱਗ ਸੰਪੂਰਨ ਹੂਆ, ਇੱਜਤ ਚੰਗੀ ਬਣ ਆਈ। ਕਮੀ ਕਾਸ ਕੀ ਆਵੇ ਉਥੇ, ਜਿਥੇ ਬੰਸੀ ਵਾਲੇ ਬਣੇ ਸਹਾਈ ।। ਦੁਰਯੋਧਨ ਘਰ ਵਾਪਿਸ ਆਇਆ, ਪਾਂਡਵੋਂ ਕਾ ਜੱਸ ਸੁਨਾਂ ਅਪਾਰ। ਪੇਸ਼ ਤੋਂ ਕੋਈ ਚਲਤੀ ਨਹੀਂ ਹੈ, ਜਲ ਬਲ ਕੇ ਹੋ ਗਿਆ ਛਾਰ ।। ਸ਼ਕੁਨੀ ਦੁਸ਼ਾਸਨ ਪਾਸ ਬਿਠਾਏ, ਮੁਝ ਕੋ ਕੋਈ ਕਹੋ ਵਿਚਾਰ। ਧਨ ਇਨਕਾ ਸਭ ਕਾਬੂ ਆਵੇ, ਅਪਨੇ ਦੇਸ ਤੋਂ ਦੇਵਾਂ ਨਿਕਾਰ।।

ਦੋਹਿਰਾ: ਜਿਹ ਸੁਨ ਕਰ ਕਹਿਨੇ ਲਗੇ, ਜੂਆ ਖੇਲੋ ਆਪ ।। ਚੌਪੜ ਕੇ ਪਾਸੇ ਰਚੇ, ਜਿਨਮੇਂ ਭਰਾਂਗੇ ਪਾਪ ।। ਕਪਟ ਕੇ ਪਾਸੇ ਰਚ ਲੀਏ, ਨਰਿਪ ਕੋ ਲੀਆ ਬੁਲਾਇ। ਆਵੋ ਚੌਪੜ ਖੇਡੀਏ, ਮੇਰੇ ਮਨ ਹੈ ਚਾਇ ।।

ਛੰਦ : ਯੁਧਿਸ਼ਟਰ ਜੀ ਨੇ ਸਮਝ ਲਿਆ, ਜਿਹ ਕੋਈ ਫਰੇਬ ਬਨਾਇਆ ਹੈ। ਖੇਲਨ ਸੇ ਇਨਕਾਰ ਕੀਆ ਤੋਂ ਸ਼ਕੁਨੀ ਨੇ ਤਾਹਨਾ ਲਾਇਆ ਹੈ ।।



ਚੌਪੜ ਖੇਲ ਕੀ ਗਤੀ ਕਿਆ ਜਾਨੇ. ਇਸ ਲੀਏ ਕਰਤੇ ਇਨਕਾਰ। ਤਰਕ ਸੁਨੀ ਯੁਧਿਸਟਰ ਜੀ ਨੇ, ਜੂਆ ਖੇਲਣ ਕੋ ਹੂਏ ਤਿਆਰ ।। ਇਸ ਭਾਵੀ ਦੇ ਅੱਗੇ ਦੇਖੋ ਪੇਸ਼ ਨਾ ਕਿਸੇ ਦੀ ਜਾਤੀ ਹੈ। ਚਾਰੋ ਭਰਾਤਾ ਵਰਜ ਰਹੇ ਹਨ ਬਾਤ ਨਾ ਸਮਝ ਮੇਂ ਆਤੀ ਹੈ ।। ਵਿਛਾ ਲਈ ਚੋਪੜ ਖੇਲਨ ਲਾਗੇ, ਰਾਜ ਸਮਾਜ ਦੀਆ ਸਭ ਹਾਰ। ਚਾਰੋ ਭਾਈ ਹਾਰ ਦੀਏ ਹੈ ਔਰ ਦਰੋਪਤਾ ਹਾਰੀ ਨਾਰਿ।। ਜਬ ਸਰਬੰਸ ਹੀ ਹਾਰ ਦੀਏ ਭੀਖਣ ਦਰੋਣ ਨੇ ਕਹਾ ਉਚਾਰ। ਬਿਦਰ ਭਗਤ ਜੀ ਕਹਿਨੇ ਲਾਗੇ ਇਹ ਜੂਆ ਤੋਂ ਕਰੇ ਖੁਆਰ ।। ਐ ਰਾਜਨ ਹਮ ਹਮ ਬਰਜ ਰਹੇ ਸੀ, ਆਪ ਨੇ ਕੁਛ ਨਾ ਕਰੀ ਵਿਚਾਰ। ਇਹ ਜੂਆ ਨਹੀਂ ਕਿਸੀ ਕਾ ਹੂਆ, ਹਾਰ ਦੀਆ ਤੁਮ ਸਭ ਘਰ ਬਾਰ ।।

ਭਜਨ

ਟੋਕ:

ਜੂਆ ਖੇਲੋ ਨਾ ਆ ਜਾਉਗੀ ਹਾਰ, ਕਰਦੂ ਖੁਆਰ, ਸੋਚ ਵਿਚਾਰ ਮਨੋ ਵਿਸਾਰ, ਜੂਆ ਖੇਲੋ ਨਾ.....

ਬੁਰਾ ਕੰਮ ਜੂਆ ਖੇਲਣਾ, ਇਹ ਤਾਂ ਕਰਦੂ ਮਿਟੀ ਖੁਆਰ, ਪਾਂਡਵਾਂ ਨੇ ਜੂਆ ਖੇਡਿਆ, ਉਹ ਤਾਂ ਹਾਰ ਗਏ ਘਰ ਬਾਰ, ਪਾਂਚੋਂ ਭਾਈ ਆਪ ਵੀ ਹਾਰੇ, ਨਾਲੇ ਹਾਰੀ ਦਰੋਪਤਾ ਨਾਰ, ਜੂਆ....

ਰਾਜਾ ਨਲ ਨੇ ਜੂਆ ਖੇਲਿਆ, ਉਸ ਦੇ ਉੱਡ ਗਏ ਐਸ਼ ਬਹਾਰ,

ਜੁਆ ਨਹੀ ਖੇਲੋ ਸਜਨੋ, ਕਹਿੰਦੇ ਦਾਸਨ ਦਾਸ ਪੁਕਾਰ ਜੂਆ.....

ਛੰਦ: ਸਭ ਕੁਛ ਰਾਜਾ ਹਾਰ ਕੇ, ਬੈਠਾ ਕਰਕੇ ਮੋਨ ।। ਗਰਦਨ ਹੈ ਝੁਕਾਇ ਲਈ, ਧੀਰ ਬੰਧਾਵੈ ਕੌਣ ।। ਤਬ ਦੁਰਯੋਧਨ ਨੇ ਕਿਹਾ ਦੁਸ਼ਾਸਣ ਕੋ ਉਚਾਰ ।। ਪਕੜ ਲੇ ਆਵੋ ਦਰੋਪਤਾਂ ਗੁਤਨੀ ਕਰਮੇ ਧਾਰਿ ।।

ਛੰਦ: ਬਿਦਰ ਦਰੋਣਾਚਾਰ ਜੀ ਆਦਿਕ ਕਹਿਤੇ, ਬਾਤ ਇਹ ਬੜੀ ਅਯੋਗ। ਐ ਦੁਰਜੋਧਨ ਐਸਾ ਨਾ ਕਰ, ਨਿੰਦਾ ਕਰਨਗੇ ਤੇਰੀ ਲੋਗ ।। ਐਸੀ ਬਾਤ ਕਿਸੇ ਨਾ ਕੀਨੀ ਸੋਚ ਸਮਝ ਕੁਛ ਕਰੋ ਬੀਚਾਰ ਭਰੀ ਸਭਾ ਦੇ ਅੰਦਰ ਜੋ ਤੂ ਪਕੜ, ਮੰਗਾਵੇ ਦਰੋਪਤਾ ਨਾਰ ।। ਰਾਜਨੀਤ ਕਾ ਤਿਆਗ ਨਾ ਕਰ ਤੂੰ, ਇਸ ਖੋਟੇ ਮਾਰਗ ਨਾ ਚੱਲ। ਬੁਰਾ ਨਤੀਜਾ ਇਸ ਦਾ ਨਿਕਲੂ, ਦੂਰ ਹੋ ਜਾਵੇਗਾ ਸਭ ਬੱਲ ।। ਸੁਖਦਾਈ ਬਹੁ ਵਚਨ ਕਹੇ, ਦੁਰਯੋਧਨ ਨਹੀਂ ਸੁਨਤਾ ਕਾਨ। ਜੂਆ ਜੀਤ ਕਰ ਪੀਰ ਹੋ ਬੈਠਾ, ਦੂਜਾ ਰਾਜ ਦਾ ਹੈ ਅਭਿਮਾਨ ।।

ਦੋਹਿਰਾ।। ਦੁਸ਼ਟ ਦੁਸ਼ਾਸਣ ਜਾਂਵਦਾ, ਪੰਚਾਲੀ ਦੇ ਕੋਲ ।। ਚਲ ਦੁਰਯੋਧਨ ਕੀ ਸਭਾ ਕਹਿੰਦਾ ਵਚਨ ਕਬੋਲ ।।



ਤਬ ਜਿਹ ਸੁਨ ਕਰ ਕਹਿੰਨੇ ਲਗੀ ਉਸ ਕੋ

ਦਰੋਪਤਾਂ ਨਾਰਿ ।। ਜਿਹ ਸਭ ਕੁਛ ਹੈ ਹਾਰਿਆ ਧਰਮ ਨਾਂ ਦੀਨਾਂ ਹਾਰ ।।

ਛੰਦ ।। ਐ ਅੰਧੇ ਕੇ ਪੁਤਰ ਮੁਖ ਸੰਭਾਲ ਤੂੰ ਕਿਉਂ ਅਨਰਥ ਕੋ ਤੋਲ ਰਿਹਾ। ਕੁਛ ਸ਼ਰਮ ਹਿਆਉ ਤੂੰ ਕਰ ਮਨ ਮੇ ਬੇਹੂਦਾ ਕਿਉ ਬੋਲ ਰਿਗਾ ।। ਤਬ ਦੁਰਯੋਧਨ ਕਹਿੰਨ ਲਗਾ ਤੂੰ ਕਿਉਂ ਐਵੇ ਅਬ ਬਕਤੀ ਹੈ। ਦੁਰਯੋਧਨ ਕੀ ਹੂਈ ਦਾਸੀ ਪਿਛਲੀ ਰਹੀ ਨਾਹੀ ਸ਼ਕਤੀ ਹੈ ।। ਇਤਨਾ ਕਹਿ ਕਰ ਪਕੜਨ ਲਾਗਾ ਤਬ ਹੀ ਬੋਲੀ ਦਰੋਪਤਾ ਨਾਰਿ ।। ਅਬ ਤੋਂ ਮੈਂ ਰਾਜ ਸੁਲਾ ਹੂੰ, ਮੁਝ ਕੇ ਛੂਹੀ ਨਾ ਓ ਗੁਵਾਰ ।। ਦੁਸ਼ਾਸਣ ਨੇ ਏਕ ਨਾ ਮਾਨੀ, ਆਖਿਰ ਨਾਰੀ ਕਾ ਕੀ ਜੋਰ । ਦੁਸ਼ਟ ਨੇ ਪਕੜ ਕੇ ਘਰੋ ਨਿਕਾਲੀ ਅੱਗੇ ਅਪਨੇ ਲੀਤੀ ਤੋਰ ।। ਧ੍ਰਿਤਰਾਸ਼ਟਰ ਕਾ ਗ੍ਰਹਿ ਰਸਤੇ ਮੋ ਥਾ ਉਸ ਮੇਂ ਥਸ ਗਈ ਜੋਂ ਰਾਣੀ । ਕਰੇਗਾ ਰਖਸ਼ਾ ਨਰਿਪ ਤੋਂ ਮੇਰੀ ਸੁਨ ਕਰ ਦੁਖਿਆਰੀ ਬਾਣੀ ।। ਕਸ਼ਟ ਹਮਾਰੇ ਉਪਰ ਆਇਆ, ਹੋਗਾ ਹਿਤ ਜੋ ਲਉ ਇਸ ਛੁਡਾਇ । ਦੁਸਟ ਨੇ ਭੀਤਰ ਜਾਨ ਨਾ ਦੀਨੀ, ਕੇਸਾਂ ਤੇ ਹੈ ਫੜ ਲਈ ਜਾਇ ।। ਉਸ ਵਕਤ ਫਿਰ ਰੋਈ ਪੰਚਾਲੀ, ਸੁਨਤਾ ਨਹੀ ਫਰਿਆਦ ਕੋਈ।।ਬੰਸੀ ਵਾਲੇ ਸ਼ਾਮ ਜੀ ਆਵੋ, ਬਾਝ ਤੇਰੇ ਅੱਜ ਮੈ ਮੋਈ।।

ਭਜਨ

ਟੇਕ: ਆਵੋ ਜੀ ਆਕਰ ਸ਼ਾਮਾ ਦਰਸ਼ ਦਿਖਾਂਵਨਾਂ ਤੇਰੇ ਬਾਝੋਂ ਧੀਰ ਹੋਰ ਕਿਸੇ ਨਾ ਧਰਾਵਨਾਂ ...

ਦੁਸ਼ਟੋ ਨੇ ਧੋਖਾ ਕੀਆ, ਸਭ ਕੁਛ ਜੀਤ ਲੀਆ ਬਾਂਧ ਕੇ ਲੈ ਚਲੇ ਮੈਨੂੰ, ਆਕਰ ਛੁਡਾਵਣਾ....

ਜਾਲਮ ਨੇ ਪਕੜ ਮੰਗਾਈ, ਸੁਨਤਾ ਨਹੀਂ ਕੋਈ ਦੁਹਾਈ ਦਿਲ ਦਾ ਜੋ ਦੁਖੜਾ ਹੋਰ ਕਿਸ ਨੂੰ ਸੁਨਾਵਣਾ....

ਬਨ ਗਈ ਅਬ ਤੋਂ ਲਾਚਾਰੀ. ਤੁਮ ਕੋ ਹੈ ਲਾਜ ਸਾਰੀ ਡੁਬਦੀ ਜੋ ਕਿਸ਼ਤੀ, ਜਲਦੀ ਪਾਰ ਲੰਘਾਵਨਾ....

ਟੂਟ ਗਿਆ ਅਬ ਤੋਂ ਧੀਰ, ਕੰਬਦਾ ਮੇਰਾ ਸਰੀਰ, ਪਾਪੀ ਦੁਸ਼ਾਸਣ ਤਾਈ ਆਕਰ ਸਮਝਾਂਵਨਾ.....

ਮੇਰੀ ਸੁਨ ਲੋ ਅਰਜੋਂਈ, ਦਰਦੀ ਨਾ ਹੋਰ ਕੋਈ ਦੇਰ ਨਹੀਂ ਕਰਨੀ ਸੁਆਮੀ ਜਲਦੀ ਫੇਰਾ ਪਾਵਨਾਂ....

ਭਗਤਾਂ ਨੂੰ ਤੂਹੀਓ ਤਾਰੇ ਵਸਦੇ ਤੇਰੇ ਸਹਾਰੇ ਲੱਜਾ ਗਿਰਧਾਰੀ ਰਾਖੋ ਕਸ਼ਟ ਹਟਾਵਨਾ....

ਦਾਸਨ ਹੈ ਦਾਸ ਦੀ ਅਰਜ਼ੀ ਦਰਸ਼ਨ ਆ ਦੇਵੇ ਹਰਿ ਜੀ, ਕਰੋ ਦੂਰ ਜੋ ਖੁਦਗਰਜੀ ਧਰਮ ਬਚਾਵਨਾਂ .....

ਦੋਹਿਰਾ ॥ ਰੁਦਨ ਕਰੇਂਦੀ ਦਰੋਪਤਾ, ਪੇਸ਼ ਕੋਈ ਨਾ ਜਾਇ ॥ ਬੱਸੀ ਵਾਲੇ ਸ਼ਾਮ ਜੀ ਹੋਵੈ ਆਪ ਸਹਾਇ॥

ਛੰਦ: ਚਿਕਨੇ ਕੇਸ ਪੰਚਾਲੀ ਕੇ, ਗੁੰਦਾਇਆ ਸੀਸ ਸੁਗੰਧੀ ਭਰ। ਦੁਸ਼ਟ ਨੇ ਕਰ ਮੇ ਖੀਂਚ ਕੇ, ਰਾਨੀ ਵਿਆਕੁਲ ਦਈ ਹੈ ਕਰ॥ ਜਿਸ ਤਰਾਂ ਮਰੇ ਹੂਏ ਦੌਰ ਕੋ ਕੋਈ ਧੂਹੀ ਲੇ ਜਾਤਾ ਹੈ ਚੁਮਾਰ। ਬਸ ਇਸ ਤਰਾਂ ਵੋ ਧੂਹੀ ਜਾਵੇ ਸਮਝਨਾ ਜਿਸਕੋ ਬੜਾ ਗਵਾਰ ॥

ਦਰੋਪਤਾ ਦੀ ਬੇਨਤੀ ਪ੍ਰਭੂ ਆਗੇ

ਦੋਹਿਰਾ: ਵਿਚ ਸਭਾ ਦੇ ਲਿਆਨ ਕੇ, ਕਹਿੰਦਾ ਬਾਤ ਸੁਨਾਇ ॥ ਪੂਛੋ ਜੋ ਕੁਛ ਪੂਛਨਾ, ਪਾਨੀ ਮੁਖ ਮੇ ਪਾਇ ॥

ਛੰਦ: ਕੁਛ ਦੇਰ ਬਾਦ ਹੋਸ਼ ਆਈ, ਕਰਦੀ ਰਾਨੀ ਹਾਇ ਹਾਇ ॥ ਐ ਧਰਤੀ ਤੂ ਬੀਥ ਮੁਝੇ ਦੇਹ ਜਾਵਾਂ ਤੇਰੇ ਬੀਚ ਸਮਾਇ ॥ ਕੋਈ ਫਰਿਆਦ ਸੁਨੇ ਜੋ ਮੇਰੀ ਇਸ ਰਾਖਸ ਸੇ ਲਏ ਛੁਡਾਇ । ਪਾਚੋਂ ਭਾਈ ਦੇਖ ਰਹੇ ਹੈ ਗਰਦਨ ਨੀਚੇ ਲਈ ਝੁਕਾਇ ॥ ਜਿਹ ਦੁਰਗਤੀ ਤੋਂ ਦੇਖ ਨਾਰ. ਭੀਮ ਸੈਨ ਗਿਆ ਕ੍ਰੋਧ ਸੋ ਭਰ। ਐ ਰਾਜਨ ਅਬੀ ਆਗਿਆ ਦੇ ਦੋ ਪਾਪੀ ਕਾ ਦੀਆਂ ਨਾਸ ਮੈ ਕਰ।ਸਿਰੇ ਚੜਾਇਆ ਇਸ ਪਾਜੀ ਕੋ, ਇਹ ਸਭ ਜੂਏ ਦੀ ਕਰਤੂਤ । ਜਰਾ ਇਸ਼ਾਰਾ ਚਾਹੀਏ ਮੁਝ ਕੋ, ਅਬ ਹੀ ਕਰ ਦੇਤਾ ਹੂੰ ਸੂਤ ॥ ਧਰਮ ਤਾਤ ਤਬੀ ਕਹਿਣ ਲਾਗੇ, ਐ ਭਰਾਤਾ ਗੁੱਸਾ ਵਰਜੀ। ਸਾਤੀ ਕਰ ਕੇ ਬੈਠ ਜਾਉ ਤੁਮ ਯੇ ਕਰ ਲਵੇ ਮਨ ਕੀ ਮਰਜ਼ੀ ॥ ਅੰਤਰਯਾਮੀ ਵਾਸਦੇਵ ਕਾ ਖੇਲ ਬੜਾ ਹੀ ਨਿਆਰਾ ਹੈ। ਤੁਮਨੇ ਜੋਰ ਦਿਖਾਲ ਦੀਆ ਤੋ ਧਰਮ ਨਾਂ ਰਹੇ ਹਮਾਰਾ ਹੈ॥ ਸੁਨਿਆ ਜਦ ਇਹ ਭੀਮ ਸੈਨ ਨੇ. ਕ੍ਰੋਧ ਭਰਾ ਮੁਰਛਾ ਗਿਆ ਖਾਇ । ਬੜੇ ਭਾਈ ਕਾ ਵਚਨ ਅਮਿੰਟ ਹੈ, ਅਬ ਕੈਸੇ ਮੈ ਕਰਾਂ ਸਹਾਇ ॥

ਦੋਹਿਰਾ : ਕੇਸਾਂ ਤੋਂ ਫੜੀ ਦਰੋਪਤਾ ਕਰ ਰਹੇ ਮੰਦਾ ਹਾਲ ॥ ਦੁਸਟਾ ਕੋ ਨਾ ਰਹਿਮ ਕੁਛ, ਨੇਤਰ ਕਰਦੇ ਲਾਲ ।

ਛੰਦ: ਭਰੀ ਸਭਾ ਮੇ ਨਾਰੀ ਕੋ, ਪਾਪੀ ਦੇ ਰਹੇ ਬਹੁਤਾ ਦੁੱਖ। ਰਾਖ਼ਸ ਕੋਲੋ ਜਾਏ ਛੁੜਾਵੇ, ਐਸਾ ਨਹੀਂ ਕੋਈ ਮਨੁੱਖ ॥ ਪਾਂਚੋ ਭਾਈ ਬੈਠੇ ਫ਼ਿਕਰ ਮੇਂ ਉਨਕੀ ਤਰਫ਼ ਰਹੀ ਹੈ ਦੇਖ। ਕੋਈ ਛੁਡਾਵੋ ਮੈਨੂੰ ਦਰਦੀ, ਕੀ ਵਿਧਨਾ ਨੇ ਲਿਖ ਦੀਆ ਲੇਖ ॥ ਹੋਤੇ ਬਲ ਸਭੀ ਨਿਰਬਲ ਹੋ ਗਏ। ਕੋਈ ਛੁੜਾਵੇਂ ਨਹੀ ਨਾਰੀ ।ਹਾਏ ਹਾਏ ਕਰ ਰੁਦਨ ਕਰੇਂਦੀ ਪਾਂਚੋ ਕੀ ਹੈ ਜੋ ਪਿਆਰੀ ॥

ਗਊ ਨਿਆਈ ਅਬਲਾ ਹੋਈ, ਰਾਖਸ ਰੂਪ ਦੁਰਜੋਧਨ ਹੈ।ਡਰਤਾ ਕੋਈ ਛੁੜਾਤਾ ਨਾ ਹੀ ਪਾਪੀ ਕਾ ਦੇਖ ਖੋਟਾ ਮਨ ਹੈ ।।

ਸਭ ਹੀ ਪੀਠ ਫੇਰ ਕਰ ਬੈਠੇ ਅਪਨੇ ਔਰ ਪਰਾਏ ਹੈ। ਭੀਖਮ ਬਿਦਰ ਦਰੋਣ ਸਮਝਾਉਂਦੇ, ਪੇਸ਼ ਨਾ ਕੋਈ ਜਾਇ ਹੈ ।। ਬਹੁਤੇਰਾ ਸਮਝਾਇ ਰਹੇ ਹੈ ਬਾਤ ਕਿਸੇ ਦੀ ਧਰੇ ਨਾ ਕਾਨ ।। ਐਸਾ ਨਸ਼ਾ ਹੰਕਾਰ ਚੜਾ ਹੈ. ਭੂਲ ਗਿਆ ਹੈ ਨਿੱਜ ਕਾ ਗਿਆਨ ।। ਪਾਂਚੋ ਭਰਤਾ ਨਹੀ ਸਹਾਇ, ਆਸ ਨਾਰ ਕੀ ਟੂਟ ਗਈ। ਐ ਭਗਵਨ ਅਬ ਹੋਵੇ ਸਹਾਇ, ਮਾਥੇ ਕੀ ਤੌਂ ਫੂਟ ਗਈ ।।

ਦੋਹਿਰਾ: ਤਬ ਨਿਰਾਸਰੀ ਹੋਇ ਕੇ, ਲਾਗੀ ਕਰਨ ਪੁਕਾਰ। ਬੱਸੀ ਵਾਲੇ ਬੇਗ ਆ, ਲੀਜੋ ਮੇਰੀ ਸਾਰ ।।

ਦੋਹਿਰਾ ।। ਸੁਨੀ ਪੁਕਾਰ ਭਗਵਾਨ ਨੇ ਜਲਦੀ ਪਹੁੰਚੇ ਆਏ। ਢੇਰ ਲਗਾਇਆ ਸਾੜੀਐ ਕਾ ਲੱਜਾ ਲਈ ਬਚਾਇ ।।

ਛੰਦ ।। ਤਾਰ ਪਹੁੰਚੀ ਜਬ ਸ਼ਾਮ ਸੁੰਦਰ ਕੋ ਸਭਾ ਮੇਂ ਦੌੜੇ ਆਏ ਹੈ। ਗੁਪਤ ਲਾਜ ਰਾਖੀ ਦਰੋਪਤਾ ਕੀ,ਸਾੜੀਓ ਕੇ ਢੇਰ ਲਗਾਏ ਹੈ ।। ਜੋਰ ਲਗਾਇਆ ਦੁਸ਼ਟੋ ਨੇ, ਪਰ ਨਗਨ ਨਾ ਹੋਨੇ ਪਾਈ ਹੈ। ਉਨ ਅੰਧੋ ਕੋ ਕਿਆ ਮਾਲੂਮ, ਪਹੁੰਚਾ ਸ੍ਰੀ ਕ੍ਰਿਸ਼ਨ ਕਨਾਈ ਹੈ ।।

ਦੋਹਿਰਾ ।। ਇਸ ਅਧਿਆਇ ਦੇ ਸੁਣਨ ਦਾ ਇਹੋ ਮਤਲਬ ਜਾਣ। ਪੁਕਾਰ ਕਰੋਗੇ ਦੀਨ ਹੋ , ਪਹੂੰਚਣਗੇ ਭਗਵਾਨ ।।

**ਇਤਿ "ਸ੍ਰੀ ਭਗਤ ਮਾਲ ਸੰਗੀਤ" ਦਰੋਪਤਾ ਜੀ ਦਾ ਪ੍ਰਸੰਗ ਵਰਣਨੰ ਨਾਮ ਚੌਧਵਾਂ ਅਧਿਆਇ ਸਮਾਪਤਮ ।। ੧੪ ।। ਸਤਿ ਕਰਤਾਰ ਇਤਿ "ਸ੍ਰੀ ਭਗਤ ਮਾਲ ਸੰਗੀਤ" ਸਮਾਪਤਮ ਸਤਿ ਕਰਤਾਰ**

ਦਸਤਖੰਤ ਸਵਾਮੀ ਸ਼ਰਧਾ ਰਾਮ ਜੀ ਮਹਾਰਾਜ

आरती

ॐ जय जय जय गुरुदेव ।

ॐ जय गुरुदेव दयानिधि, दीनन हितकारी । स्वामी.....

जय जय मोह विनाशक, भव बन्धन हारी ।

ॐ जय जय जय गुरुदेव

बह्मा विष्णु सदाशिव, गुरु मूरत धारी।स्वामी ।.....

वेद पुराण वख्यानत, गुरु महिमा भारी

ॐ जय जय जय गुरुदेव ।

जप तप तीरथ संयम, दान विविध दीने। स्वामी....

गुरु बिन ज्ञान न होवे, कोटि यतन कीने।।

ॐ जय जय गुरुदेव

माया मोह नदी चले,जीव बहे सारे

। स्वामी.....

नाम जहाज बिठा कर,गुरु पल में तारे।।

ॐ जय जय गुरुदेव

काम क्रोध मद मत सर, चोर बड़े भारे। स्वामी.....

ज्ञान खड़ग दे कर में, गुरु सब संहारे ।।

ॐ जय जय जय गुरुदेव

नाना पन्थ जगत में, निज-निज गुण गावे। स्वामी.....

सबका सार बताकर, गुरु मारग लावे । ।

ॐ जय जय गुरुदेव

गुरु चरणामृत निर्मल,सब पातक हारी स्वामी।.....

वचन सुनत तम नाशे, सब संशय टारी।

ॐ जय जय जय गुरुदेव

तन मन धन सब अर्पण, गुरु चरनन कीजे। स्वामी.....

बह्मा नन्द परमपद, मोक्ष गति लीजे ।।

ॐ जय जय जय गुरुदेव

जो कुछ है तेरा, स्वामी सब कुछ है तेरा ।। तेरा तेरे अर्पण, क्या लागे मेरा।।

ॐ जय जय जय गुरुदेव

गुरुदेव जी की आरती जो कोई नित गावे। स्वामी....

कहत शिवानन्द स्वामी, मन वांछित फल पावे ।।

ॐ जय जय जय गुरुदेव

जय गुरुदेव दयानिधि, दीनन हितकारी। स्वामी....

जय जय मोह विनाशक, भव बन्धन हारी ।। ॐ जय जय जय गुरुदेव

जय कारा ॐ बापू जी दा

बोल बापू नन्दाचौर वाले

आप की सदा ही जय

ਭਗਤ ਮਾਲ ਸੰਗੀਤ

ਪੁਸਤੱਕ ਹੇਠ ਲਿਖਿਆਂ ਜਗਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

1. ਟ੍ਰਸਟ ਸ੍ਰੀ ਓਮ ਦਰਬਾਰ ਨੰਦਾਚੌਰ
ਜਿਲਾ ਹੁਸਿਆਰ ਪੁਰ ( ਪੰਜਾਬ ) ਫੋਨ : 01882-65264

2. ਸ੍ਰੀ ਓਮ ਹਰਨਾਮ ਜੀ ਸਤਿਸੰਗ ਸਭਾ
ਢੱਕਾ ਕਿੰਗਜਵੇ ਕੈਂਪ ਦਿੱਲੀ

3. ਗੁਰਾਂਦਿੱਤਾ ਮਲ, ਚਰਨਜੀਤ ਲਾਲ ਨਾਗਪਾਲ

ਸ਼ਰਧਾ ਸਟੀਲ ਇੰਡਸਟਰੀ, ਮੰਡੀ ਗੋਬਿੰਦਗੜ੍ਹ ਜਿਲਾ ਫਿਤਹਗੜ੍ਹ ਸਾਹਿਬ ਫੋਨ: 01765- 41234

4. ਰਮੇਸ਼ ਕੁਮਾਰ ਗੁੰਬਰ

496 - ਸੀਤਾ ਨਗਰ ਲੁਧਿਆਣਾ ਫੋਨ 0161-446880

5. ਭਗਤ ਪਿਆਰਾ ਲਾਲ, ਓਮ ਪ੍ਰਕਾਸ਼ ਗਿਰਧਰ

ਐਵਰਸਟ ਫੁਟ ਵੀਅਰ ਕੰਪਨੀ, ਸ਼ੂ ਮਾਰਕੀਟ ਆਗਰਾ -3 ਟੇਲ: 0562-76344

6. ਚਮਨ ਲਾਲ ਪੁਜਾਰਾ

ਸ੍ਰੀ ਨੰਦਾਚੌਰ ਪ੍ਰਿੰਟਿੰਗ ਪ੍ਰੈਸ, ਬਸਤੀ ਸ਼ੇਖ, ਜਲੰਧਰ

ਬੈਠ: 0181-201892

ਓੱ

ओम शहनशाह झंडे की

सदा ही जय ।

स्वामी पानप देव जी महाराज

आपकी सदा ही जय ।

परम् हंस बापू ठाकुर जी महाराज

आपकी सदा ही जय ।

१०८ बापू ज्वाला सिंह जी महाराज

आपकी सदा ही जय ।

१०८ बापू ओम नारायण दत्त जी महाराज आपकी सदा ही जय ।

१०८ बापू हरनाम जी महाराज

आपकी सदा ही जय ।

१०८ बापू श्रद्धा राम जी महाराज

आपकी सदा ही जय ।

१०८ बापू गुरदास राम जी महाराज

आपकी सदा ही जय ।

ओम बापू नन्दाचौर वालिया

आपकी सदा ही जय ।

Designed at Printed by SUNEEL OFFSET: 01765-56823,40240